ਜਿਲਦ: 6,ਅੰਕ:15

1-15 ਫਰਵਰੀ, 2026 (ਮੁਫ਼ਤ)

ਨਿਊ ਇੰਡੀਆ

ਸਮਾਚਾਰ



ਈ-ਕਾਪੀ ਦੇ ਲਈ
QR ਸਕੈਨ ਕਰੋ

ਖੁਸ਼ਹਾਲ ਭਾਰਤ, ਸਸ਼ਕਤ ਕਿਸਾਨ

ਖੇਤੀਬਾੜੀ ਖੇਤਰ ਦੀ ਮਜ਼ਬੂਤੀ ਹੀ ਆਤਮ-ਨਿਰਭਰ ਭਾਰਤ ਦੀ ਨੀਂਹ ਹੈ। ਸਸ਼ਕਤ ਕਿਸਾਨ ਨਾ ਸਿਰਫ਼ ਆਪਣੀ ਖੁਸ਼ਹਾਲੀ ਯਕੀਨੀ ਬਣਾਉਂਦਾ ਹੈ, ਸਗੋਂ ਦੇਸ਼ ਦੀ ਖੁਰਾਕ ਸੁਰੱਖਿਆ, ਗ੍ਰਾਮੀਣ ਵਿਕਾਸ ਅਤੇ ਆਰਥਿਕ ਸਥਿਰਤਾ ਵਿੱਚ ਵੀ ਦਿੰਦਾ ਹੈ ਯੋਗਦਾਨ ...

ਪੰਡਿਤ ਦੀਨਦਿਆਲ ਉਪਾਧਿਆਏ

11 ਫਰਵਰੀ ਪੁਣਯਤਿਥੀ 'ਤੇ ਸ਼ੁਕਰ ਗੁਜ਼ਾਰ ਰਾਸ਼ਟਰ ਦਾ ਨਮਨ

ਅੰਤਯੋਦਯ ਦੇ ਮੋਢੀ

ਸੰਪੂਰਨ ਜੀਵਨ ਦਾ ਅਧਾਰ ਸਰਵਜਨ ਹਿਤਾਯ-ਸਰਵਜਨ ਸੁਖਾਯ ਦੇ ਸਿਧਾਂਤ ਨੂੰ ਬਣਾਉਣ ਵਾਲੇ ਪੰਡਿਤ ਦੀਨਦਿਆਲ ਉਪਾਧਿਆਏ ਦਾ ਜਨਮ 25 ਸਤੰਬਰ 1916 ਨੂੰ ਹੋਇਆ ਅਤੇ ਦੇਹਾਂਤ 11 ਫਰਵਰੀ 1968 ਨੂੰ ਹੋਇਆ। ਉਨ੍ਹਾਂ ਨੇ ਵਿਚਾਰ ਅਤੇ ਕਰਤੱਵ ਨਿਸ਼ਠਾ ਨਾਲ ਭਾਰਤੀ ਰਾਜਨੀਤੀ ਵਿੱਚ ਅਦੁੱਤੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਦੀ ਅਟੁੱਟ ਮਾਨਵਤਾਵਾਦ ਦਾ ਦਰਸ਼ਨ ਭਾਰਤ ਹੀ ਨਹੀਂ, ਸਗੋਂ ਦੁਨੀਆ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਵੀ ਸਮਰੱਥ ਹੈ। ਉਨ੍ਹਾਂ ਨੇ ਅੰਤਯੋਦਯ ਦਾ ਸੁਪਨਾ ਦੇਖਿਆ, ਉਹ ਮੰਨਦੇ ਸਨ ਕਿ ਭਾਰਤ ਦੀ ਤਰੱਕੀ ਦਾ ਪੈਮਾਨਾ, ਅੰਤਿਮ ਲਾਈਨ ਵਿੱਚ ਖੜ੍ਹੇ 'ਅੰਤਿਮ ਵਿਅਕਤੀ' ਦੇ ਚਿਹਰੇ ਦੀ ਮੁਸਕਾਨ ਤੋਂ ਮਾਪਿਆ ਜਾਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਅੰਤਯੋਦਯ ਨੂੰ ਸੰਤੁਸ਼ਟੀਕਰਣ ਦਾ ਵਿਸਤਾਰ ਦਿੱਤਾ। ਲਾਈਨ ਵਿੱਚ ਖੜ੍ਹੇ ਅੰਤਿਮ ਵਿਅਕਤੀ ਤੱਕ ਪਹੁੰਚਣ ਦਾ ਯਤਨ ਅਤੇ ਪੰਡਿਤ ਦੀਨਦਿਆਲ ਉਪਾਧਿਆਏ ਦੇ ਵਿਜ਼ਨ ਦੇ ਨਾਲ ਬੀਤੇ 11 ਵਰ੍ਹਿਆਂ ਤੋਂ ਰਿਹਾ ਹੈ ਨਿਆਂ...



> ਪੰਡਿਤ ਦੀਨਦਿਆਲ ਉਪਾਧਿਆਏ ਜੀ ਦੀ ਪੁਣਯ ਤਿਥੀ 'ਤੇ ਅਸੀਂ ਉਨ੍ਹਾਂ ਨੂੰ ਦਿਲੋਂ ਸ਼ਰਧਾਂਜਲੀ ਦਿੰਦੇ ਹਾਂ। ਉਹ ਦੂਰ-ਦਰਸ਼ੀ ਵਿਚਾਰਕ ਸਨ। ਉਨ੍ਹਾਂ ਨੇ ਖੁਦ ਨੂੰ ਦੇਸ਼ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ। ਸਮਾਜ ਦੇ ਅੰਤਿਮ ਵਿਅਕਤੀ ਦੇ ਉਥਾਨ ਦਾ ਉਨ੍ਹਾਂ ਦਾ ਦਰਸ਼ਨ ਇੱਕ ਮਜ਼ਬੂਤ ਰਾਸ਼ਟਰ ਵੱਲ ਸਾਡੀ ਯਾਤਰਾ ਨੂੰ ਪ੍ਰੇਰਿਤ ਕਰਦਾ ਹੈ। ਤਰੱਕੀ ਅਤੇ ਏਕਤਾ ਦੇ ਲਈ ਉਨ੍ਹਾਂ ਦਾ ਬਲੀਦਾਨ ਅਤੇ ਆਦਰਸ਼ ਸਾਡੇ ਸਮੂਹਿਕ ਮਿਸ਼ਨ ਵਿੱਚ ਇੱਕ ਮਾਰਗਦਰਸ਼ਕ ਸ਼ਕਤੀ ਬਣੇ ਹੋਏ ਹਨ।
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨਿਊ ਇੰਡੀਆ
ਸਮਾਚਾਰ

ਜਿਲਦ: 6, ਅੰਕ: 15 | 1-15 ਫਰਵਰੀ, 2026

ਐਡੀਟਰ ਇਨ ਚੀਫ਼ :
ਧੀਰੇਂਦਰ ਓਝਾ
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
ਸੰਤੋਸ਼ ਕੁਮਾਰ

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
ਪਵਨ ਕੁਮਾਰ

ਸਹਾਇਕ ਸਲਾਹਕਾਰ ਸੰਪਾਦਕ
ਅਖਿਲੇਸ਼ ਕੁਮਾਰ
ਚੰਦਨ ਕੁਮਾਰ ਚੌਧਰੀ

ਭਾਸ਼ਾ ਸੰਪਾਦਨ
ਸੁਮਿਤ ਕੁਮਾਰ (ਅੰਗ੍ਰੇਜ਼ੀ)
ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)
ਨਦੀਮ ਅਹਿਮਦ (ਉਰਦੂ)
ਅਹਿਮਦ ਖਾਨ (ਪੰਜਾਬੀ)

ਸੀਨੀਅਰ ਡਿਜ਼ਾਈਨਰ
ਫੂਲ ਚੰਦ ਤਿਵਾਰੀ

ਡਿਜ਼ਾਈਨਰ
ਅਭੈ ਗੁਪਤਾ
ਸਤਯਮ ਸਿੰਘ



13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:

https://newindiasamachar.pib.gov.in/news.aspx

'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ:- @NISPIBIndia

ਅੰਦਰਲੇ ਪੰਨਿਆਂ ਉੱਤੇ ...



ਕਵਰ ਸਟੋਰੀ
ਖੇਤੀਬਾੜੀ ਅਤੇ ਕਿਸਾਨ ਭਲਾਈ

ਅੱਜ ਬੀਜ ਤੋਂ ਬਜ਼ਾਰ ਤੱਕ ਸਰਕਾਰ ਦੇ ਲਈ ਦੇਸ਼ ਦੇ ਅੰਨਦਾਤਾ ਕਿਸਾਨਾਂ ਦਾ ਹਿਤ ਸਰਬਉੱਚ ਸੰਕਲਪ ਬਣ ਗਿਆ ਹੈ, ਕਿਉਂਕਿ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਕਿਸਾਨਾਂ ਦੀ ਵੱਡੀ ਭੂਮਿਕਾ ਹੈ। ਇਸ ਲਈ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਦੇ ਲਈ ਬਿਜਾਈ ਤੋਂ ਪਹਿਲਾਂ, ਬਿਜਾਈ ਦੇ ਦੌਰਾਨ ਅਤੇ ਬਿਜਾਈ ਦੇ ਬਾਅਦ ਤੋਂ ਸਾਰੇ ਪੜਾਵਾਂ ਵਿੱਚ ਯੋਜਨਾ, ਨੀਤੀ ਅਤੇ ਪਹਿਲ ਦੇ ਅਧਾਰ 'ਤੇ ਰੱਖਿਆ ਜਾ ਰਿਹਾ ਹੈ ਧਿਆਨ... | 14-27

ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਲੇਖ



ਸੋਮਨਾਥ ਮੰਦਿਰ 'ਤੇ ਪਹਿਲੇ ਹਮਲੇ ਦੇ 1,000 ਵਰ੍ਹਿਆਂ 'ਤੇ ਸੋਮਨਾਥ ਸਵਾਭਿਮਾਨ ਪਰਵ ਦੀ ਸ਼ੁਰੂਆਤ ਹੋਈ ਹੈ। ਇਸ ਵਿਸ਼ੇ 'ਤੇ ਪੇਸ਼ ਹੈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲੇਖ... | 8-11

ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਲੇਖ

ਏਕ ਭਾਰਤ, ਸ਼੍ਰੇਸ਼ਠ ਭਾਰਤ ਦਾ ਜੀਵੰਤ ਪ੍ਰਤੀਕ ਹੈ ਕਾਸ਼ੀ –ਤਮਿਲ ਸੰਗਮਮ



ਕਾਸ਼ੀ- ਤਮਿਲ ਦੇ ਸਮਾਜਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਲੈ ਕੇ ਕਾਸ਼ੀ-ਤਮਿਲ ਸੰਗਮਮ 'ਤੇ ਪੜ੍ਹੋ ਪੀਐੱਮ ਮੋਦੀ ਦਾ ਵਿਸ਼ੇਸ਼ ਲੇਖ ... | 54-56

ਸਮਾਚਾਰ ਸਾਰ | 4-5

ਸ਼ਖਸੀਅਤ : ਤਿਲਕਾ ਮਾਂਝੀ
ਸੰਥਾਲ ਵਿਦ੍ਰੋਹ ਦੇ ਨਾਇਕ | 6

ਗਲੋਬਲ ਸਾਊਥ ਦੀ ਮਜ਼ਬੂਤ ਆਵਾਜ਼ 'BRICS'
ਭਾਰਤ ਦੀ ਪ੍ਰਧਾਨਗੀ ਵਾਲੀ 'ਥ੍ਰੀਕਸ 2026' ਦੀ ਵੈੱਬਸਾਈਟ, ਥੀਮ ਅਤੇ ਲੋਗੋ ਲਾਂਚ | 7

ਅਖੰਡ ਸੋਮਨਾਥ, ਸਮ੍ਰਿੱਧ ਵਿਰਾਸਤ
ਪ੍ਰਧਾਨ ਮੰਤਰੀ ਮੋਦੀ ਬੋਲੇ- ਇੱਕ ਹਜ਼ਾਰ ਵਰ੍ਹਿਆਂ ਬਾਅਦ ਵੀ ਸੋਮਨਾਥ 'ਤੇ ਲਹਿਰਾ ਰਿਹਾ ਹੈ ਝੰਡਾ | 12–13

ਨੀਤੀ ਤੋਂ ਨਵੀਨਤਾ ਤੱਕ ਨੌਜਵਾਨਾਂ ਦੀ ਫੈਸਲਾਕੁੰਨ ਭਾਗੀਦਾਰੀ
ਯੰਗ ਲੀਡਰਜ਼ ਡਾਇਲੌਗ -2026 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਸੰਬੋਧਨ | 28–29

ਭਾਰਤ ਨੂੰ ਲੈ ਕੇ ਆਲਮੀ ਸੰਸਥਾਵਾਂ 'ਚ ਬੁਲਿੱਸ਼'
ਵਾਈਬ੍ਰੈਂਟ ਗੁਜਰਾਤ ਰੀਜ਼ਨਲ ਕਾਨਫਰੰਸ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਸੰਬੋਧਨ | 30–31

ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ, ਭਾਰਤ ਦੀ ਸੌਰ ਕ੍ਰਾਂਤੀ
ਯੋਜਨਾ ਦੇ ਦੋ ਵਰ੍ਹੇ : 21 ਲੱਖ ਤੋਂ ਵੱਧ ਰੂਫਟੌਪ ਸੋਲਰ ਸਿਸਟਮ ਲਗੇ | 32–33

'ਆਤਮ-ਨਿਰਭਰ ਭਾਰਤ ਦੀ ਪਟੜੀ 'ਤੇ ਦੌੜਦੀ 'ਵੰਦੇ ਭਾਰਤ ਐਕਸਪ੍ਰੈੱਸ'
7.5 ਕਰੋੜ ਤੋਂ ਵੱਧ ਯਾਤਰੀ ਵੰਦੇ ਭਾਰਤ ਟ੍ਰੇਨ ਨਾਲ ਯਾਤਰਾ ਦਾ ਲੈ ਚੁੱਕੇ ਹਨ ਲਾਭ | 34–36

ਸੰਤੁਲਨ ਦੀ ਖੇਡ ਹੈ 'ਵੌਲੀਬਾਲ'
72ਵੇਂ ਰਾਸ਼ਟਰੀ ਵੌਲੀਬਾਲ ਟੂਰਨਾਮੈਂਟ ਦਾ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਉਦਘਾਟਨ | 37

ਪੂਰਵੋਦਯ ਦੇ ਮੰਤਰ ਦਾ ਸਾਰਥੀ ਬਣ ਰਿਹਾ ਪੱਛਮ ਬੰਗਾਲ
ਪ੍ਰਧਾਨ ਮੰਤਰੀ ਮੋਦੀ ਨੇ ਪੱਛਮ ਬੰਗਾਲ ਨੂੰ ਦਿੱਤੇ 4,080 ਕਰੋੜ ਰੁਪਏ ਦੇ ਤੋਹਫੇ | 38–39

ਇਕੌਨਮੀ ਅਤੇ ਇਕੌਲੋਜੀ ਦਾ ਨਵਾਂ ਅਧਿਆਏ ਲਿਖ ਰਿਹਾ ਅਸਾਮ
ਪ੍ਰਧਾਨ ਮੰਤਰੀ ਮੋਦੀ ਨੇ ਕਾਜ਼ੀਰੰਗਾ ਦੇ ਲਈ ਵਿਸ਼ੇਸ਼ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ | 40–41

ਪੂਰੀ ਮਨੁੱਖਤਾ ਨੂੰ ਭਗਵਾਨ ਬੁੱਧ ਦਾ ਗਿਆਨ
ਪ੍ਰਧਾਨ ਮੰਤਰੀ ਮੋਦੀ ਨੇ ਪਿਪਰਵਾਹਾ ਦੇ ਪਵਿੱਤਰ ਅਵਸ਼ੇਸ਼ਾਂ ਦੀ ਪ੍ਰਦਰਸ਼ਨੀ ਦਾ ਕੀਤਾ ਉਦਘਾਟਨ | 42–43

ਭਾਰਤ ਨੇ ਵਿਭਿੰਨਤਾ ਨੂੰ ਬਣਾ ਦਿੱਤਾ ਲੋਕਤੰਤਰ ਦੀ ਤਾਕਤ
ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰ ਮੰਡਲ ਦੇਸ਼ਾਂ ਦੇ 28ਵੇਂ ਸੀਐੱਸਪੀਓਸੀ ਦਾ ਕੀਤਾ ਉਦਘਾਟਨ | 44–45

ਰਾਸ਼ਟਰੀ ਸਟਾਰਟਅੱਪ ਦਿਵਸ ਉਤਸਵ
ਪ੍ਰਧਾਨ ਮੰਤਰੀ ਮੋਦੀ ਨੇ ਸਟਾਰਟਅੱਪ ਈਕੋਸਿਸਟਮ ਦੇ ਮੈਂਬਰਾਂ ਨਾਲ ਕੀਤੀ ਗੱਲਬਾਤ | 46–47

ਗਣਤੰਤਰ ਦਿਵਸ... ਆਜ਼ਾਦੀ, ਸੰਵਿਧਾਨ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਪ੍ਰਤੀਕ
77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦਾ ਰਾਸ਼ਟਰ ਦੇ ਨਾਮ ਸੰਬੋਧਨ | 48–49

ਸ਼ੌਰਯ, ਸਮਰੱਥਾ ਅਤੇ ਸੱਭਿਆਚਾਰ ਦੇ ਨਾਲ ਗੂੰਜਿਆ 'ਵੰਦੇ ਮਾਤਰਮ'
77ਵੇਂ ਗਣਤੰਤਰ ਦਿਵਸ ਸਮਾਰੋਹ ਦੀਆਂ ਝਲਕੀਆਂ | 50–53

ਸਹਿਯੋਗ ਨਾਲ ਮਜ਼ਬੂਤ ਹੁੰਦੀ ਭਾਰਤ- ਜਰਮਨੀ ਭਾਗੀਦਾਰੀ
ਜਰਮਨ ਚਾਂਸਲਰ ਦੀ ਦੋ ਦਿਨਾਂ ਭਾਰਤ ਯਾਤਰਾ | 57–58

ਪ੍ਰਕਾਸ਼ਕ ਅਤੇ ਪ੍ਰਿੰਟਰ: ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਪ੍ਰਿੰਟਿੰਗ:** ਚੰਦੂ ਪ੍ਰੈੱਸ 469, ਪਟਪੜਗੰਜ ਇੰਡਸਟ੍ਰੀਅਲ ਅਸਟੇਟ, ਦਿੱਲੀ-110092। **ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –** responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808

ਸੰਪਾਦਕ ਦੀ ਕਲਮ ਤੋਂ...

ਭਾਰਤ ਦਾ ਅੰਨਦਾਤਾ, ਵਿਕਾਸ ਯਾਤਰਾ ਦਾ ਸਸ਼ਕਤ ਵਿਧਾਤਾ

ਸਾਦਰ ਨਮਸਕਾਰ।

ਭਾਰਤ ਦਾ ਕਿਸਾਨ ਯਾਨੀ ਅੰਨਦਾਤਾ, ਅੱਜ ਸਿਰਫ਼ ਖੇਤਾਂ ਤੱਕ ਸੀਮਤ ਨਹੀਂ ਹੈ, ਸਗੋਂ ਉਹ ਦੇਸ਼ ਦੀ ਵਿਕਾਸ ਯਾਤਰਾ ਦਾ ਸਰਗਰਮ ਅਤੇ ਭਰੋਸੇਯੋਗ ਸਾਥੀ ਬਣ ਚੁੱਕਿਆ ਹੈ। ਵਿਕਸਿਤ ਭਾਰਤ ਵਿੱਚ ਸਹਿ-ਯਾਤਰੀ ਬਣੇ ਕਿਸਾਨ ਪਰਿਵਾਰਾਂ ਨੇ ਨਾ ਸਿਰਫ਼ ਦੇਸ਼ ਸਗੋਂ ਜ਼ਰੂਰਤ ਪੈਣ 'ਤੇ ਵਿਸ਼ਵ ਦਾ ਪਾਲਣ ਪੋਸ਼ਣ ਕੀਤਾ ਹੈ।

ਅੱਜ ਭਾਰਤ ਵਿਸ਼ਵ ਵਿੱਚ ਚੌਲ, ਦਾਲਾਂ, ਦੁੱਧ ਸਮੇਤ ਕਈ ਖੇਤੀਬਾੜੀ ਉਤਪਾਦਾਂ ਦਾ ਸਭ ਤੋਂ ਵੱਡਾ ਉਤਪਾਦਕ ਹੈ। ਇਸ ਦੇ ਪਿੱਛੇ ਵਰ੍ਹਿਆਂ ਦੀ ਨਿਰੰਤਰ ਮਿਹਨਤ, ਨੀਤੀਆਂ ਨੂੰ ਲੈ ਕੇ ਸਪਸ਼ਟ ਦਿਸ਼ਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰ-ਦਰਸ਼ੀ ਅਗਵਾਈ ਦਾ ਯੋਗਦਾਨ ਹੈ, ਜਿਸ ਨੇ ਭਾਰਤੀ ਖੇਤੀਬਾੜੀ ਦੀਆਂ ਸੰਭਾਵਨਾਵਾਂ ਨੂੰ ਨਵੇਂ ਆਯਾਮ ਦਿੱਤੇ। ਬੀਜ ਤੋਂ ਲੈ ਕੇ ਬਜ਼ਾਰ ਤੱਕ ਦੇ ਇਸ ਸਫ਼ਰ ਵਿੱਚ ਭਾਰਤ ਨੇ ਆਲਮੀ ਸੰਕਟਾਂ, ਮਹਾਮਾਰੀ ਅਤੇ ਆਫਤ ਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵੀ ਆਪਣੀ ਉਤਪਾਦਨ ਸਮਰੱਥਾ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਹੈ।

ਪਿਛਲੇ 11 ਵਰ੍ਹਿਆਂ ਵਿੱਚ ਖੇਤੀਬਾੜੀ ਖੇਤਰ ਵਿੱਚ ਜਿਸ ਤਰ੍ਹਾਂ ਨਾਲ ਸੰਪੂਰਨ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ, ਉਸ ਨੇ ਕਿਸਾਨ ਨੂੰ ਵਿਵਸਥਾ ਦੇ ਕੇਂਦਰ ਵਿੱਚ ਲਿਆ ਕੇ ਖੜ੍ਹਾ ਕੀਤਾ ਹੈ। ਅੱਜ ਕਿਸਾਨਾਂ ਦੇ ਲਈ ਉੱਚ ਗੁਣਵੱਤਾ ਵਾਲੇ ਬੀਜਾਂ ਦੀ ਉਪਲਬਧਤਾ ਯਕੀਨੀ ਬਣਾਈ ਜਾ ਰਹੀ ਹੈ। ਆਰਥਿਕ ਸਹਿਯੋਗ ਦੇ ਲਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਰਾਹੀਂ ਨਿਯਮਿਤ ਸਹਾਇਤਾ ਪਹੁੰਚਾਈ ਜਾ ਰਹੀ ਹੈ, ਜਿਸ ਨਾਲ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਵੀ ਰਾਹਤ ਮਿਲ ਸਕੇ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਕਿਸਾਨਾਂ ਦੀ ਸੁਰੱਖਿਆ ਕਵਚ ਬਣੀ ਹੈ। ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਨਾਲ ਖੇਤੀਬਾੜੀ ਇਨਫ੍ਰਾ ਨੂੰ ਮਜ਼ਬੂਤੀ ਮਿਲ ਰਹੀ ਹੈ। ਡਿਜੀਟਲ ਮਾਧਿਅਮਾਂ ਅਤੇ ਰਾਸ਼ਟਰੀ ਖੇਤੀਬਾੜੀ ਬਜ਼ਾਰ ਵਰਗੀ ਪਹਿਲਕਦਮੀ ਨੇ ਕਿਸਾਨਾਂ ਨੂੰ ਪਾਰਦਰਸ਼ੀ ਅਤੇ ਵਿਆਪਕ ਬਜ਼ਾਰ ਨਾਲ ਜੋੜਿਆ ਹੈ।

ਕੇਂਦਰ ਸਰਕਾਰ ਨੇ ਰਵਾਇਤੀ ਖੇਤੀ ਤੋਂ ਇਲਾਵਾ ਪਸ਼ੂ ਪਾਲਣ, ਦੁੱਧ ਉਤਪਾਦਨ, ਮੱਛੀ ਪਾਲਣ, ਮਧੂ ਮੱਖੀ ਪਾਲਣ ਅਤੇ ਕੁਦਰਤੀ ਖੇਤੀ ਜਿਹੇ ਖੇਤਰਾਂ ਨੂੰ ਹੁਲਾਰਾ ਦੇ ਕੇ ਕਿਸਾਨਾਂ ਦੀ ਆਮਦਨ ਦੇ ਵਿਕਲਪਿਕ ਸਰੋਤ ਵਿਕਸਿਤ ਕੀਤੇ ਹਨ।

ਵਿਕਸਿਤ ਭਾਰਤ ਦਾ ਸੁਪਨਾ ਉਦੋਂ ਹੀ ਸਾਕਾਰ ਹੋ ਸਕਦਾ ਹੈ, ਜਦੋਂ ਖੇਤੀਬਾੜੀ ਸਸ਼ਕਤ ਅਤੇ ਕਿਸਾਨ ਖੁਸ਼ਹਾਲ ਹੋਣ। ਅੰਨਦਾਤਾ ਦੀ ਮਿਹਨਤ, ਨੀਤੀ ਦੀ ਸਪਸ਼ਟਤਾ ਅਤੇ ਤਕਨੀਕ ਦੇ ਤਾਲਮੇਲ ਨਾਲ ਅੱਜ ਭਾਰਤੀ ਖੇਤੀਬਾੜੀ ਇੱਕ ਨਵੇਂ ਆਤਮ-ਵਿਸ਼ਵਾਸ ਨਾਲ ਅੱਗੇ ਵਧ ਰਹੀ ਹੈ।

ਇਸ 1 ਫਰਵਰੀ ਨੂੰ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਕਰਨ ਵਾਲੇ ਸਭ ਤੋਂ ਵੱਡੇ ਕਦਮ –ਪੀਐੱਮ ਸਨਮਾਨ ਨਿਧੀ ਦੇ ਐਲਾਨ ਦੇ 7 ਵਰ੍ਹੇ ਪੂਰੇ ਹੋ ਰਹੇ ਹਨ। ਇਸੇ ਸੰਦਰਭ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਦੀ 11 ਵਰ੍ਹਿਆਂ ਦੀ ਪਰਿਵਰਤਨਕਾਰੀ ਯਾਤਰਾ ਹੀ ਸਾਡੇ ਇਸ ਵਾਰ ਦੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਸੰਥਾਲ ਵਿਦ੍ਰੋਹ ਦੇ ਨਾਇਕ ਤਿਲਕਾ ਮਾਂਝੀ, ਫਲੈਗਸ਼ਿਪ ਵਿੱਚ ਪੀਐੱਮ ਸੂਰਯ ਘਰ ਯੋਜਨਾ, ਵੰਦੇ ਭਾਰਤ ਐਕਸਪ੍ਰੈੱਸ ਦੀ ਸਫਲਤਾ ਦੀ ਕਹਾਣੀ, ਸੋਮਨਾਥ ਅਤੇ ਕਾਸ਼ੀ–ਤਮਿਲ ਸੰਗਮਮ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਸ਼ੇਸ਼ ਲੇਖ ਸਮੇਤ ਪਖਵਾੜੇ ਭਰ ਦੇ ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 11 ਫਰਵਰੀ ਨੂੰ ਅੰਤਯੋਦਯ ਦੇ ਮੋਢੀ ਪੰਡਿਤ ਦੀਨਦਿਆਲ ਉਪਾਧਿਆਏ ਦੀ ਪੁਣਯ ਤਿਥੀ 'ਤੇ ਸ਼ੁਕਰਗੁਜ਼ਾਰ ਰਾਸ਼ਟਰ ਦਾ ਨਮਨ ਅਤੇ ਬੈਕ ਕਵਰ 'ਤੇ 1 ਫਰਵਰੀ 2026 ਨੂੰ ਭਾਰਤੀ ਤਟ ਰੱਖਿਅਕ ਬਲ ਦੇ 50ਵੇਂ ਸਥਾਪਨਾ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।
https://newindiasamachar.pib.gov.in/news.aspx

ਆਪਕੀ ਬਾਤ...





ਜਾਣਕਾਰੀ ਅਤੇ ਜਨ ਜਾਗਰੂਕਤਾ ਦਾ ਇੱਕ ਉਪਯੋਗੀ ਸਰੋਤ

ਹਾਲ ਹੀ ਵਿੱਚ ਇੱਕ ਲਾਈਬ੍ਰੇਰੀ ਵਿੱਚ ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਨ ਨੂੰ ਮਿਲੀ। ਇਹ ਬਹੁਤ ਹੀ ਜਾਣਕਾਰੀ ਭਰਪੂਰ ਪੱਤ੍ਰਿਕਾ ਹੈ। ਇਸ ਪੱਤ੍ਰਿਕਾ ਵਿੱਚ ਜਾਣਕਾਰੀ ਅਤੇ ਜਨ ਜਾਗਰੂਕਤਾ ਦਾ ਇੱਕ ਉਪਯੋਗੀ ਸਰੋਤ ਬਣਨ ਦੀ ਸਮਰੱਥਾ ਹੈ। ਇਹ ਜ਼ਿਆਦਾ ਤੋਂ ਜ਼ਿਆਦਾ ਪਾਠਕਾਂ ਤੱਕ ਪਹੁੰਚ ਰਹੀ ਹੈ।

arunendu.k11@gmail.com

ਸੋਸ਼ਲ ਸਕੀਮ ਬਾਰੇ ਜਾਣਨ ਦਾ ਬਹੁਤ ਵਧੀਆ ਜ਼ਰੀਆ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਹਰ ਤਰ੍ਹਾਂ ਦੇ ਲੋਕਾਂ ਦੇ ਲਈ ਵੱਖ-ਵੱਖ ਸੋਸ਼ਲ ਸਕੀਮਾਂ ਅਤੇ ਦੇਸ਼ ਦੇ ਲਈ ਜ਼ਰੂਰੀ ਪ੍ਰੋਗਰਾਮਾਂ ਨੂੰ ਜਾਣਨ ਦਾ ਇੱਕ ਬਹੁਤ ਵਧੀਆ ਜ਼ਰੀਆ ਹੈ। ਇਹ ਲੋਕਾਂ ਨੂੰ ਸਰਕਾਰ ਨਾਲ ਜੋੜਦੀ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦੇ 2047 ਤੱਕ ਵਿਕਸਿਤ ਭਾਰਤ ਦੇ ਸੁਪਨੇ ਨੂੰ ਹਾਸਲ ਕਰਨ ਦੇ ਸਾਡੇ ਇਰਾਦੇ ਨੂੰ ਮਜ਼ਬੂਤ ਕਰਦੀ ਹੈ।

ਸੌਰਭ ਸ਼ਰਮਾ
sharmasourav1261@gmail.com

ਸਾਫ, ਵਧੀਆ ਢੰਗ ਨਾਲ ਪ੍ਰਬੰਧਨ ਅਤੇ ਸਮਝਣ ਵਿੱਚ ਅਸਾਨ

ਮੈਨੂੰ ਨਿਊ ਇੰਡੀਆ ਸਮਾਚਾਰ ਇੱਕ ਆਸ਼ਾਵਾਦੀ ਅਤੇ ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਲੱਗੀ। ਇਹ ਨਾਗਰਿਕਾਂ ਨੂੰ ਸਰਕਾਰੀ ਪਹਿਲਕਦਮੀਆਂ ਅਤੇ ਰਾਸ਼ਟਰੀ ਤਰਜੀਹਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ। ਇਸ ਦਾ ਕੰਟੈਂਟ ਸਾਫ, ਵਧੀਆ ਢੰਗ ਨਾਲ ਪ੍ਰਬੰਧਨ ਅਤੇ ਸਮਝਣ ਵਿੱਚ ਅਸਾਨ ਲੱਗਦਾ ਹੈ। ਇਸ ਵਿੱਚ ਪ੍ਰਕਾਸ਼ਿਤ ਲੇਖ ਨੀਤੀਆਂ, ਭਲਾਈ ਯੋਜਨਾਵਾਂ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਸਰਲ ਭਾਸ਼ਾ ਵਿੱਚ ਸਮਝਾਉਂਦੇ ਹਨ। ਇਸ ਕਰਕੇ ਪਹਿਲੀ ਵਾਰ ਪੜ੍ਹਨ ਵਾਲਿਆਂ ਨੂੰ ਬਿਨਾ ਜ਼ਿਆਦਾ ਮਿਹਨਤ ਦੇ ਔਖੇ ਮੁੱਦਿਆਂ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ। ਪਾਠਕਾਂ ਨੂੰ ਰਾਸ਼ਟਰੀ ਯਤਨਾਂ ਦੀ ਜਾਣਕਾਰੀ ਮਿਲਦੀ ਹੈ। ਤਰੱਕੀ ਅਤੇ ਜਨਤਕ ਸੇਵਾ ਨਾਲ ਜੁੜੇ ਲੇਖ ਪੱਤ੍ਰਿਕਾ ਦਾ ਉਦੇਸ਼ ਸਪਸ਼ਟ ਕਰਦੇ ਹਨ।

ਏ. ਮਾਇਲਸਾਮੀ
myilsamia@gmail.com

ਅੱਗੇ ਵਧਦਾ ਰਹੇ ਨਿਊ ਇੰਡੀਆ ਸਮਾਚਾਰ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦਾ ਅੰਕ ਪੜ੍ਹਨ ਨੂੰ ਮਿਲੀ। ਇਹ ਬਹੁਤ ਹੀ ਵਧੀਆਂ ਢੰਗ ਨਾਲ ਲਿਖੀ ਹੋਈ ਹੈ। ਇਸ ਅੰਕ ਵਿੱਚ ਇੰਟਰਨੈਸ਼ਨਲ ਲੈਵਲ 'ਤੇ ਮਸ਼ਹੂਰ ਪੇਂਟਰ ਨੰਦਲਾਲ ਬਸੁ ਦੇ ਬਾਰੇ ਲਿਖਿਆ ਗਿਆ ਹੈ। ਆਰਟੀਕਲ ਪੜ੍ਹ ਕੇ ਮੈਨੂੰ ਬਹੁਤ ਸਾਰੀ ਅਣਜਾਣੀ ਜਾਣਕਾਰੀ ਮਿਲੀ। ਜਦੋਂ ਮੈਂ ਸੋਚਦਾ ਹਾਂ ਕਿ ਉਨ੍ਹਾਂ ਨੇ ਸੰਵਿਧਾਨ ਦੇ ਹਰ ਹਿੱਸੇ ਨੂੰ ਪੇਂਟ ਕੀਤਾ ਹੈ ਤਾਂ ਮੇਰੀ ਛਾਤੀ ਮਾਣ ਨਾਲ ਚੌੜੀ ਹੋ ਜਾਂਦੀ ਹੈ। ਬੰਕਿਮ ਚੰਦ੍ਰ ਚੈਟਰਜੀ ਦੇ 'ਵੰਦੇ ਮਾਤਰਮ' ਬਾਰੇ ਲਿਖੇ ਆਰਟੀਕਲ ਨੇ ਵੀ ਮੇਰਾ ਦਿਲ ਛੂਹ ਲਿਆ। ਇਸ ਅੰਕ ਦਾ ਸਭ ਤੋਂ ਜ਼ਰੂਰੀ ਆਰਟੀਕਲ 'ਕੋਆਪ੍ਰੇਟਿਵ –ਇੱਕ ਖੁਸ਼ਹਾਲ ਸਮਾਜ ਦਾ ਨਿਰਮਾਣ' ਹੈ। ਕੋਆਪ੍ਰੇਟਿਵ ਮੂਵਮੈਂਟ 'ਤੇ ਲਿਖੀ ਗਈ ਇਹ ਲੰਬੀ ਰਿਪੋਰਟ ਮੇਰੇ ਵਰਗੇ ਪਾਠਕਾਂ ਤੱਕ ਪਹੁੰਚੀ ਹੈ। ਨਿਊ ਇੰਡੀਆ ਸਮਾਚਾਰ ਇਸੇ ਤਰ੍ਹਾਂ ਅੱਗੇ ਵਧਦਾ ਰਹੇ।

mangalprasadmaity@gmail.com

ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077,
ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003
ਈਮੇਲ– response-nis@pib.gov.in

ਆਕਾਸ਼ਵਾਣੀ ਸਮਾਚਾਰ
Akashvani

ਨਿਊ ਇੰਡੀਆ ਸਮਾਚਾਰ ਨੂੰ ਆਕਾਸ਼ਵਾਣੀ ਦੇ ਐੱਫਐੱਮ ਗੋਲਡ 'ਤੇ ਹਰ ਸ਼ਨੀਵਾਰ-ਐਤਵਾਰ ਨੂੰ ਦੁਪਹਿਰ 3:10 ਵਜੇ ਤੋਂ 3:25 ਵਜੇ ਤੱਕ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਮੁੱਖ ਸਮਾਚਾਰ

ਨਵੀਆਂ ਫਾਸਟੈਗ ਵਾਲੀਆਂ ਕਾਰਾਂ ਦੇ ਲਈ ਹੁਣ ਨਹੀਂ ਕਰਵਾਉਣੀ ਪਵੇਗੀ ਕੇਵਾਈਵੀ

ਤੁਸੀਂ 1 ਫਰਵਰੀ, 2026 ਤੋਂ ਬਾਅਦ ਕਾਰ/ ਜੀਪ ਜਾਂ ਵੈਨ ਕੈਟੇਗਰੀ ਦਾ ਨਵਾਂ ਫਾਸਟੈਗ ਲੈਂਦੇ ਹੋ ਤਾਂ ਹੁਣ ਤੁਹਾਨੂੰ 'ਨੋ ਯੁਅਰ ਵ੍ਹੀਕਲ' ਯਾਨੀ ਕੇਵਾਈਵੀ ਕਰਵਾਉਣ ਦੀ ਜ਼ਰੂਰਤ ਨਹੀਂ ਹੋਵੇਗੀ। ਜਨਤਕ ਸੁਵਿਧਾ ਵਧਾਉਣ ਅਤੇ ਰਾਜਮਾਰਗਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਸਰਗਰਮ ਕੀਤੇ ਜਾਣ ਦੇ ਬਾਅਦ ਹੋਣ ਵਾਲੀਆਂ ਪਰੇਸ਼ਾਨੀਆਂ ਤੋਂ ਬਚਾਉਣ ਲਈ ਰਾਸ਼ਟਰੀ ਰਾਜਮਾਰਗ ਅਥਾਰਿਟੀ ਨੇ ਇਸ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਕਾਰਾਂ ਦੇ ਲਈ ਪਹਿਲਾਂ ਤੋਂ ਜਾਰੀ ਯਾਨੀ ਮੌਜੂਦਾ ਫਾਸਟੈਗ ਦੇ ਲਈ ਹੁਣ ਕੇਵਾਈਵੀ ਰੂਟੀਨ ਜ਼ਰੂਰਤ ਦੇ ਤੌਰ 'ਤੇ ਲਾਜ਼ਮੀ ਨਹੀਂ ਹੋਵੇਗਾ। ਇਹ ਸੁਧਾਰ ਅਨੁਪਾਲਣ ਨੂੰ ਮਜ਼ਬੂਤ ਕਰਨਗੇ ਅਤੇ ਸ਼ਿਕਾਇਤਾਂ ਵਿੱਚ ਕਮੀ ਵੀ ਲਿਆਉਣਗੇ। ਸਰਗਰਮ ਕੀਤੇ ਜਾਣ ਨਾਲ ਪਹਿਲਾਂ ਤਸਦੀਕ ਦੀ ਪੂਰੀ ਜ਼ਿੰਮੇਵਾਰੀ ਜਾਰੀਕਰਤਾ ਬੈਂਕਾਂ ਨੂੰ ਸੌਂਪ ਕੇ, ਐੱਨਐੱਚਏਆਈ ਦਾ ਟੀਚਾ ਰਾਸ਼ਟਰੀ ਰਾਜਮਾਰਗਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਪਰੇਸ਼ਾਨੀ ਤੋਂ ਮੁਕਤ ਮਹਿਸੂਸ ਪ੍ਰਦਾਨ ਕਰਨਾ ਹੈ।

ਫਾਸਟੈਗ ਐਕਟਿਵ ਕਰਨ ਤੋਂ ਪਹਿਲਾਂ ਸੁਰੱਖਿਆ ਦੇ ਠੋਸ ਉਪਾਅ

- **ਲਾਜ਼ਮੀ ਵਾਹਨ-ਅਧਾਰਿਤ ਤਸਦੀਕ** ਫਾਸਟੈਗ ਨੂੰ ਐਕਟਿਵ ਕਰਨ ਦੀ ਮਨਜ਼ੂਰੀ ਸਿਰਫ਼ ਵਾਹਨ ਡੇਟਾਬੇਸ ਨਾਲ ਵਾਹਨ ਦੇ ਵੇਰਵੇ ਦੀ ਤਸਦੀਕ ਤੋਂ ਬਾਅਦ ਹੀ ਦਿੱਤੀ ਜਾਵੇਗੀ।
- **ਫਾਸਟੈਗ ਐਕਟਿਵ ਹੋਣ ਤੋਂ ਬਾਅਦ ਕੋਈ ਤਸਦੀਕ ਨਹੀਂ :** ਤਸਦੀਕ ਦੀ ਮਨਜ਼ੂਰੀ ਦੇਣ ਵਾਲਾ ਪਹਿਲਾਂ ਦਾ ਪ੍ਰਾਵਧਾਨ ਬੰਦ ਕਰ ਦਿੱਤਾ ਗਿਆ ਹੈ।
- **ਅਸਧਾਰਣ ਮਾਮਲਿਆਂ ਵਿੱਚ ਆਰਸੀ -ਅਧਾਰਿਤ ਤਸਦੀਕ** ਵਾਹਨ ਵੇਰਵਾ ਵਾਹਨ 'ਤੇ ਉਪਲਬਧ ਨਹੀਂ ਹੈ, ਜਿੱਥੇ ਜਾਰੀਕਰਤਾ ਬੈਂਕਾਂ ਨੂੰ ਪੂਰੀ ਜਵਾਬਦੇਹੀ ਨਾਲ ਫਾਸਟੈਗ ਐਕਟਿਵ ਕਰਨ ਤੋਂ ਪਹਿਲਾਂ ਆਰਸੀ ਵੇਰਵੇ ਨੂੰ ਤਸਦੀਕ ਕਰਨਾ ਹੋਵੇਗਾ।
- **ਔਨਲਾਈਨ ਫਾਸਟੈਗ ਸ਼ਾਮਲ :** ਔਨਲਾਈਨ ਚੈਨਲਾਂ ਦੇ ਜ਼ਰੀਏ ਵੇਚੇ ਜਾਣ ਵਾਲੇ ਫਾਸਟੈਗ ਵੀ ਬੈਂਕਾਂ ਦੁਆਰਾ ਪੂਰੀ ਤਰ੍ਹਾਂ ਤਸਦੀਕ ਕਰਨ ਤੋਂ ਬਾਅਦ ਹੀ ਸੰਚਾਲਿਤ ਕੀਤੇ ਜਾਣਗੇ।



ਭਾਰਤ ਦੀ ਜਨਗਣਨਾ 2027 ਮਕਾਨ ਸੂਚੀਕਰਣ ਤੋਂ ਪਹਿਲਾਂ ਮਿਲੇਗਾ ਸਵ-ਗਣਨਾ ਦਾ ਵਿਕਲਪ

ਭਾਰਤ ਦੀ ਜਨਗਣਨਾ 2027 ਕਈ ਮਾਮਲਿਆਂ ਵਿੱਚ ਵੱਖਰੀ ਹੋਵੇਗੀ ਜਿਸ ਦੇ ਪਹਿਲੇ ਪੜਾਅ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ। ਪਹਿਲੇ ਪੜਾਅ ਵਿੱਚ ਮਕਾਨ ਸੂਚੀਕਰਣ ਦਾ ਕੰਮ 1 ਅਪ੍ਰੈਲ 2026 ਤੋਂ 30 ਸਤੰਬਰ 2026 ਦੇ ਦਰਮਿਆਨ ਨਿਰਧਾਰਿਤ 30 ਦਿਨਾਂ ਦੀ ਮਿਆਦ ਵਿੱਚ ਕੀਤਾ ਜਾਵੇਗਾ। ਮਕਾਨ ਸੂਚੀਕਰਣ ਤੋਂ ਪਹਿਲਾਂ ਹਰੇਕ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਨੋਟੀਫਾਇਡ ਪ੍ਰੋਗਰਾਮ ਦੇ ਅਨੁਸਾਰ ਜਨਗਣਨਾ ਇਤਿਹਾਸ ਵਿੱਚ ਪਹਿਲੀ ਵਾਰ 15 ਦਿਨਾਂ ਦੀ ਮਿਆਦ ਦੇ ਦੌਰਾਨ ਸਵ-ਗਣਨਾ ਦਾ ਵਿਕਲਪ ਹੋਵੇਗਾ। ਇਸ ਦੌਰਾਨ ਨਾਗਰਿਕ ਇੱਕ ਨਿਸ਼ਚਿਤ ਡਿਜੀਟਲ ਪਲੈਟਫਾਰਮ ਦੇ ਰਾਹੀਂ ਆਪਣੀ ਜਾਣਕਾਰੀ ਭਰ ਸਕਣਗੇ ਜਿਸ ਨਾਲ ਪ੍ਰਕਿਰਿਆ ਤੇਜ਼ ਹੋਵੇਗੀ। ਭਾਰਤ ਦੀ ਜਨਗਣਨਾ 2027 ਵਿੱਚ ਪਹਿਲੀ ਵਾਰ ਡਿਜੀਟਲ ਮਾਧਿਅਮ ਨਾਲ ਹੋਵੇਗੀ। ਡੇਟਾ ਕਲੈਕਸ਼ਨ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਹੋਵੇਗੀ ਜਿਸ ਨਾਲ ਜਨਗਣਨਾ 2027 ਦਾ ਡੇਟਾ ਪੂਰੇ ਦੇਸ਼ ਵਿੱਚ ਘੱਟ ਤੋਂ ਘੱਟ ਸਮੇਂ ਵਿੱਚ ਉਪਲਬਧ ਹੋ ਸਕੇਗਾ। ਕੇਂਦਰੀ ਕੈਬਨਿਟ ਜਨਗਣਨਾ 2027 ਦੇ ਦੂਸਰੇ ਪੜਾਅ ਯਾਨੀ ਜਨਸੰਖਿਆ ਗਣਨਾ ਵਿੱਚ ਜਾਤੀ ਡੇਟਾ ਨੂੰ ਇਲੈਕਟ੍ਰੌਨਿਕ ਤੌਰ 'ਤੇ



ਸ਼ਾਮਲ ਕਰਨ ਦੀ ਮਨਜ਼ੂਰੀ ਪਹਿਲਾਂ ਹੀ ਦੇ ਚੁੱਕੀ ਹੈ। ਜਨਗਣਨਾ 2027, ਦੇਸ਼ ਵਿੱਚ 16ਵੀਂ ਜਨਗਣਨਾ ਅਤੇ ਸੁਤੰਤਰਤਾ ਦੇ ਬਾਅਦ ਦੀ 8ਵੀਂ ਜਨਗਣਨਾ ਹੋਵੇਗੀ।

ਐੱਨਐੱਚ -544 ਜੀ ਨਿਰਮਾਣ ਵਿੱਚ ਬਣੇ ਚਾਰ ਗਿਨੀਜ਼ ਵਰਲਡ ਰਿਕਾਰਡ

ਰਾਸ਼ਟਰੀ ਰਾਜਮਾਰਗ ਅਥਾਰਿਟੀ ਨੇ ਆਪਣੀ ਇੰਜੀਨੀਅਰਿੰਗ ਕਾਬਲੀਅਤ ਅਤੇ ਸ਼ਾਨਦਾਰ ਕੰਮ ਦੇ ਜ਼ੋਰ 'ਤੇ 3-ਲੇਨ ਰਾਸ਼ਟਰੀ ਹਾਈਵੇਅ ਪ੍ਰੋਜੈਕਟ ਦੇ ਤਹਿਤ ਦੁਨੀਆ ਭਰ ਵਿੱਚ ਪਹਿਲੀ ਨਿਰਮਾਣ ਕੰਪਨੀ ਦੇ ਨਾਲ ਮਿਲ ਕੇ ਇੱਕ ਜਾਂ ਦੋ ਨਹੀਂ ਸਗੋਂ ਚਾਰ ਗਿਨੀਜ਼ ਵਰਲਡ ਰਿਕਾਰਡ ਬਣਾਏ ਹਨ।

ਐੱਨਐੱਚਏਆਈ ਨੇ 6 ਜਨਵਰੀ 2026 ਨੂੰ ਆਂਧਰ ਪ੍ਰਦੇਸ਼ ਦੇ ਪੁੱਟਾਪਰਥੀ ਦੇ ਕੋਲ ਦੋ ਗਿਨੀਜ਼ ਵਰਲਡ ਰਿਕਾਰਡ ਬਣਾਏ। ਪਹਿਲਾ, ਬਿਟੁਮਿਨਸ ਕੰਕ੍ਰੀਟ ਨੂੰ ਲਗਾਤਾਰ ਵਿਛਾਉਣ ਦਾ ਸਭ ਤੋਂ ਲੰਬਾ ਰਿਕਾਰਡ ਸੀ, ਜਿਸ ਵਿੱਚ 24 ਘੰਟਿਆਂ ਦੇ ਅੰਦਰ 28.89 ਲੇਨ ਕਿਲੋਮੀਟਰ ਜਾਂ 3-ਲੇਨ ਚੌੜੇ 9.63 ਕਿਲੋਮੀਟਰ ਲੰਬੇ ਸੈਕਸ਼ਨ ਨੂੰ ਕਵਰ ਕੀਤਾ ਗਿਆ। ਦੂਸਰਾ ਰਿਕਾਰਡ 24 ਘੰਟਿਆਂ ਵਿੱਚ 10,655 ਮੀਟ੍ਰਿਕ ਟਨ ਬਿਟੁਮਿਨਸ ਕੰਕ੍ਰੀਟ ਦੀ ਸਭ ਤੋਂ ਵੱਧ ਮਾਤਰਾ ਨੂੰ ਲਗਾਤਾਰ ਵਿਛਾਉਣ ਦੇ ਲਈ ਬਣਾਇਆ ਗਿਆ।

ਇਸੇ ਕੜੀ ਵਿੱਚ 11 ਜਨਵਰੀ 2026 ਨੂੰ ਦੋ ਹੋਰ ਗਿਨੀਜ਼ ਵਰਲਡ ਰਿਕਾਰਡ ਬਣਾਏ ਗਏ। ਇਨ੍ਹਾਂ ਵਿੱਚ 57,000 ਮੀਟ੍ਰਿਕ ਟਨ ਬਿਟੁਮਿਨਸ ਕੰਕ੍ਰੀਟ ਨੂੰ ਲਗਾਤਾਰ ਵਿਛਾਉਣਾ ਅਤੇ 156 ਲੇਨ ਕਿਲੋਮੀਟਰ ਜਾਂ 3-ਲੇਨ ਚੌੜੇ 52 ਕਿਲੋਮੀਟਰ ਲੰਬੇ ਸੈਕਸ਼ਨ ਦੀ ਲਗਾਤਰ ਪੇਵਿੰਗ ਦਾ ਰਿਕਾਰਡ ਸ਼ਾਮਲ ਹੈ, ਜਿਸ ਨੇ ਬੀਤੇ ਵਰਲਡ ਰਿਕਾਰਡ 84.4 ਲੇਨ ਕਿਲੋਮੀਟਰ ਜਾਂ 2-ਲੇਨ ਚੌੜੇ 42.2 ਕਿਲੋਮੀਟਰ ਲੰਬੇ ਸੈਕਸ਼ਨ ਨੂੰ ਪਿੱਛੇ ਛੱਡ ਦਿੱਤਾ। ਇਹ ਰਿਕਾਰਡ ਬਣਾਉਣ ਵਾਲੇ ਕੰਮ ਬੰਗਲੁਰੂ-ਕੜੱਪਾ-ਵਿਜੈਵਾੜ੍ਹਾ ਆਰਥਿਕ ਕੌਰੀਡੋਰ ਦੇ ਪੈਕੇਜ-2 ਅਤੇ ਪੈਕੇਜ-3 ਵਿੱਚ ਕੀਤੇ ਗਏ।

- 24 ਘੰਟਿਆਂ ਵਿੱਚ **28.89** ਲੇਨ ਕਿਲੋਮੀਟਰ ਤੱਕ ਲਗਾਤਾਰ ਬਿਟੁਮਿਨਸ ਕੰਕ੍ਰੀਟ ਵਿਛਾਉਣ ਦਾ ਸਭ ਤੋਂ ਵੱਡਾ ਰਿਕਾਰਡ
- 24 ਘੰਟਿਆਂ ਵਿੱਚ **10,655** ਮੀਟ੍ਰਿਕ ਟਨ ਬਿਟੁਮਿਨਸ ਕੰਕ੍ਰੀਟ ਦੀ ਸਭ ਤੋਂ ਵੱਧ ਮਾਤਰਾ ਲਗਾਤਾਰ ਵਿਛਾਉਣ ਦਾ ਲਗਾਤਾਰ ਰਿਕਾਰਡ।
- **57,500** ਮੀਟ੍ਰਿਕ ਟਨ ਬਿਟੁਮਿਨਸ ਕੰਕ੍ਰੀਟ ਲਗਾਤਾਰ ਵਿਛਾਉਣ ਦਾ ਰਿਕਾਰਡ
- **156** ਲੇਨ ਕਿਲੋਮੀਟਰ ਲਗਾਤਾਰ ਪੱਕੀ ਸੜਕ ਬਣਾਉਣ ਦਾ ਰਿਕਾਰਡ



ਸਵਦੇਸ਼ ਦਰਸ਼ਨ ਸਕੀਮ : ਇੱਕ ਦਹਾਕੇ ਵਿੱਚ 110 ਤੋਂ ਵੱਧ ਪ੍ਰੋਜੈਕਟ ਵਿਕਸਿਤ

"ਟੂਰਿਜ਼ਮ ਸੈਕਟਰ ਵਿੱਚ ਅਨੇਕ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਦੀ ਸਮਰੱਥਾ ਹੈ। ਕੇਂਦਰ ਸਰਕਾਰ ਭਾਰਤ ਦੇ ਟੂਰਿਜ਼ਮ ਖੇਤਰ ਨਾਲ ਜੁੜੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦ੍ਰਿਤ ਕਰਦੀ ਰਹੀ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਸ਼ਾਨਦਾਰ ਭਾਰਤ ਦੇ ਅਦੁੱਤੀ ਤਜ਼ਰਬਿਆਂ ਦਾ ਆਨੰਦ ਲੈ ਸਕਣ।" ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਟੂਰਿਜ਼ਮ ਸੈਕਟਰ ਨੂੰ ਲੈ ਕੇ ਇਸੇ ਵਚਨਬੱਧਤਾ ਦਾ ਨਤੀਜਾ ਹੈ ਕਿ ਬੀਤੇ ਇੱਕ ਦਹਾਕੇ ਵਿੱਚ ਸਵਦੇਸ਼ ਦਰਸ਼ਨ ਅਤੇ ਸਵਦੇਸ਼ ਦਰਸ਼ਨ 2.0 ਦੇ ਤਹਿਤ, ਰਾਮਾਇਣ. ਬੌਧ, ਤਟਵਰਤੀ ਅਤੇ ਕਬਾਇਲੀ ਸਰਕਟ ਸਮੇਤ ਵੱਖ-ਵੱਖ ਵਿਸ਼ਾਗਤ ਸਰਕਟਾਂ ਵਿੱਚ 110 ਪ੍ਰੋਜੈਕਟ ਵਿਕਸਿਤ ਕੀਤੇ ਗਏ ਹਨ।







ਸਾਲ 2024 ਦੇ ਦੌਰਾਨ ਭਾਰਤ ਵਿੱਚ

2.057

ਕਰੋੜ ਇੰਟਰਨੈਸ਼ਨਲ ਟੂਰਿਸਟ ਆਏ ਅਤੇ ਇਸ ਦੌਰਾਨ ਟੂਰਿਜ਼ਮ ਤੋਂ 2.93 ਲੱਖ ਕਰੋੜ ਰੁਪਏ ਦੀ ਵਿਦੇਸ਼ੀ ਮੁਦ੍ਰਾ ਹਾਸਲ ਕੀਤੀ ਹੈ।

ਉਤਕ੍ਰਿਸ਼ਟ ਸਿਹਤ ਸੇਵਾ ਵਿੱਚ ਉਪਲਬਧੀ

50 ਹਜ਼ਾਰ ਸਿਹਤ ਕੇਂਦਰ ਪ੍ਰਮਾਣਿਤ



ਭਾਰਤ ਸਰਕਾਰ ਸਿਹਤ ਸੇਵਾਵਾਂ ਨੂੰ ਲਗਾਤਾਰ ਬਿਹਤਰ ਕਰ ਰਹੀ ਹੈ। ਇਸ ਦਿਸ਼ਾ ਵਿੱਚ ਸਿਹਤ ਕੇਂਦਰਾਂ ਦਾ ਨਾ ਸਿਰਫ਼ ਵਿਸਤਾਰ ਕੀਤਾ ਜਾ ਰਿਹਾ ਹੈ ਸਗੋਂ ਆਧੁਨਿਕ ਅਤੇ ਉੱਨਤ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਇਸੇ ਦਾ ਸਿੱਟਾ ਹੈ ਕਿ 31 ਦਸੰਬਰ 2025 ਤੱਕ, ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੁੱਲ 50,373 ਜਨਤਕ ਸਿਹਤ ਸੁਵਿਧਾਵਾਂ ਨੂੰ ਰਾਸ਼ਟਰੀ ਗੁਣਵੱਤਾ ਭਰੋਸਾ ਮਿਆਰ (ਐੱਨਕਿਊਏਐੱਸ) ਦੇ ਤਹਿਤ ਪ੍ਰਮਾਣਿਤ ਕੀਤਾ ਗਿਆ ਹੈ। ਇਹ ਗੁਣਵੱਤਾ, ਸੁਰੱਖਿਆ ਅਤੇ ਰੋਗੀ-ਕੇਂਦ੍ਰਿਤ ਸਿਹਤ ਦੇਖਭਾਲ ਦੇ ਪ੍ਰਤੀ ਸਰਕਾਰ ਦੀ ਅਟੂਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਐੱਨਕਿਊਏਐੱਸ ਦੀ ਸ਼ੁਰੂਆਤ ਸਾਲ 2015 ਵਿੱਚ ਸਿਰਫ਼ 10 ਪ੍ਰਮਾਣਿਤ ਸਿਹਤ ਕੇਂਦਰਾਂ ਦੇ ਨਾਲ ਹੋਈ ਸੀ ਜੋ ਦਸੰਬਰ 2025 ਤੱਕ ਇਹ ਅੰਕੜਾ 50,373 ਤੱਕ ਪਹੁੰਚ ਗਈ ਹੈ। ਇਹ ਇੱਕ ਵਰ੍ਹੇ ਦੇ ਅੰਦਰ ਹੋਏ ਤੇਜ਼ ਵਾਧੇ ਨੂੰ ਦਰਸਾਉਂਦੀ ਹੈ। ਇਸ ਵਿੱਚ 48,663 ਆਯੁਸ਼ਮਾਨ ਆਰੋਗਯ ਮੰਦਿਰ 1,710 ਦੂਸਰੇ ਦਰਜੇ ਦੀ ਦੇਖਭਾਲ ਸਬੰਧੀ ਸੁਵਿਧਾਵਾਂ ਸ਼ਾਮਲ ਹਨ।





ਸੰਥਾਲ ਵਿਦ੍ਰੋਹ ਦੇ ਨਾਇਕ

ਸੰਥਾਲ ਕਬਾਇਲੀ ਤਿਲਕਾ ਮਾਂਝੀ ਨੇ 1857 ਦੀ ਲੜਾਈ ਤੋਂ ਲਗਭਗ 80 ਵਰ੍ਹੇ ਪਹਿਲਾਂ ਅੰਗ੍ਰੇਜ਼ਾਂ ਦੇ ਵਿਰੁੱਧ ਧਨੁਸ਼ ਬਾਣ ਦੇ ਜ਼ੋਰ 'ਤੇ ਵਿਦ੍ਰੋਹ ਛੇੜ ਦਿੱਤਾ ਸੀ। ਉਨ੍ਹਾਂ ਨੇ ਕਬਾਇਲੀਆਂ ਨੂੰ ਇੱਕ ਸੈਨਾ ਦੇ ਰੂਪ ਵਿੱਚ ਇਕੱਠਾ ਕੀਤਾ ਅਤੇ 1784 ਵਿੱਚ ਪ੍ਰਸਿੱਧ ਸੰਥਾਲ ਵਿਦ੍ਰੋਹ ਦੀ ਅਗਵਾਈ ਕੀਤੀ। ਉਨ੍ਹਾਂ ਨੇ ਆਪਣੇ ਭਾਈਚਾਰੇ ਦੇ ਨਾਲ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਖਜਾਨੇ 'ਤੇ ਛਾਪਾ ਮਾਰ ਦਿੱਤਾ ਸੀ ਜਿਸ ਦੇ ਕਾਰਨ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਨੇ ਨਾ ਸਿਰਫ਼ ਅੰਗ੍ਰੇਜ਼ਾਂ ਦੇ ਵਿਰੁੱਧ ਅਦੁੱਤੀ ਸਾਹਸ ਦਾ ਪਰੀਚੈ ਦਿੱਤਾ ਸਗੋਂ ਸੰਘਰਸ਼ ਨਾਲ ਸੰਪੂਰਨ ਭਾਰਤ ਨੂੰ ਸੁਤੰਤਰਤਾ ਹਾਸਲ ਕਰਨ ਦੇ ਲਈ ਕੀਤਾ ਪ੍ਰੇਰਿਤ ...

■ ਜਨਮ : 11 ਫਰਵਰੀ 1750 ■ ਸ਼ਹੀਦੀ ਦਿਵਸ : 13 ਜਨਵਰੀ 1785

ਭਾਰਤ ਦਾ ਅਤੀਤ, ਇਤਿਹਾਸ, ਵਰਤਮਾਨ ਅਤੇ ਭਵਿੱਖ ਕਬਾਇਲੀ ਸਮਾਜ ਦੇ ਬਿਨਾ ਪੂਰਾ ਨਹੀਂ ਹੁੰਦਾ। ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਪਗ-ਪਗ, ਇਤਿਹਾਸ ਦਾ ਪੰਨਾ-ਪੰਨਾ ਕਬਾਇਲੀ ਬਹਾਦਰੀ ਨਾਲ ਭਰਿਆ ਪਿਆ ਹੈ। ਅਜਿਹੇ ਹੀ ਇੱਕ ਨਾਇਕ ਸਨ ਤਿਲਕਾ ਮਾਂਝੀ, ਜਿਨ੍ਹਾਂ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀਆਂ ਜ਼ਿਆਦਤੀਆਂ ਦੇ ਵਿਰੁੱਧ ਸੰਘਰਸ਼ ਕੀਤਾ ਅਤੇ ਵਿਦੇਸ਼ੀ ਹਕੂਮਤ ਦੇ ਵਿਰੁੱਧ ਸੰਗ੍ਰਾਮ ਦਾ ਬਿਗਲ ਵਜਾ ਦਿੱਤਾ। ਉਹ ਵੀ ਉਦੋਂ ਜਦੋਂ ਅੰਗ੍ਰੇਜ਼ਾਂ ਦੇ ਵਿਰੁੱਧ ਕਿਤੇ ਕੋਈ ਵਿਦ੍ਰੋਹ ਦੀ ਗੱਲ ਨਹੀਂ ਹੋ ਰਹੀ ਸੀ। 1857 ਦੀ ਕ੍ਰਾਂਤੀ ਤੋਂ ਵੀ ਪਹਿਲਾਂ 1784 ਵਿੱਚ ਸੰਥਾਲ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ 'ਦਾਮਿਨ ਸੱਤਿਆਗ੍ਰਹਿ' ਲੜਿਆ ਗਿਆ ਸੀ। ਉਹ ਅਜਿਹਾ ਸਮਾਂ ਸੀ ਜਦੋਂ ਅੰਗ੍ਰੇਜ਼ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣਾ ਵਿਸਤਾਰ ਕਰਦੇ ਜਾ ਰਹੇ ਸਨ। ਮਾਂ ਭਾਰਤੀ ਨੂੰ ਹੌਲੀ-ਹੌਲੀ ਜੰਜ਼ੀਰਾਂ ਦੀਆਂ ਬੇੜੀਆਂ ਵਿੱਚ ਜਕੜਨ ਦਾ ਯਤਨ ਕਰ ਰਹੇ ਸਨ।

11 ਫਰਵਰੀ 1750 ਨੂੰ ਬਿਹਾਰ ਵਿੱਚ ਭਾਗਲਪੁਰ ਦੇ ਸੁਲਤਾਨਗੰਜ ਵਿੱਚ ਇੱਕ ਸੰਥਾਲ ਪਰਿਵਾਰ ਵਿੱਚ ਜੰਮੇ ਤਿਲਕਾ ਮਾਂਝੀ ਨੇ ਆਪਣੀ ਬਹਾਦਰੀ ਦੇ ਜ਼ੋਰ 'ਤੇ ਨਾ ਸਿਰਫ਼ ਅੰਗ੍ਰੇਜ਼ਾਂ ਦੇ ਨੱਕ ਵਿੱਚ ਦਮ ਕਰ ਦਿੱਤਾ ਸਗੋਂ ਅੰਗ੍ਰੇਜ਼ ਸ਼ਾਸਕਾਂ ਨੂੰ ਜਿਉਂਦੇ ਜੀਅ ਕਦੇ ਚੈਨ ਦੀ ਨੀਂਦ ਸੌਣ ਨਹੀਂ ਦਿੱਤਾ। ਮਾਂਝੀ ਦਾ ਅਸਲੀ ਨਾਮ ਜਾਬਰਾ ਪਹਾੜੀਆ ਦੱਸਿਆ ਜਾਂਦਾ ਹੈ। ਕਹਿੰਦੇ ਹਨ ਕਿ ਤਿਲਕਾ ਨਾਮ ਉਨ੍ਹਾਂ ਨੂੰ ਅੰਗ੍ਰੇਜ਼ਾਂ ਨੇ ਦਿੱਤਾ ਸੀ। ਇੱਕ ਵਾਰ ਇੱਕ ਅੰਗ੍ਰੇਜ਼ ਨੇ ਇਨ੍ਹਾਂ ਦੀ ਘੂਰਦੀਆਂ ਲਾਲ ਅੱਖਾਂ ਵਿੱਚ ਦੇਖਿਆ ਸੀ। ਅਸਲ ਵਿੱਚ ਪਹਾੜੀ ਭਾਸ਼ਾ ਵਿੱਚ 'ਤਿਲਕਾ' ਦਾ ਅਰਥ ਗੁੱਸੇ ਵਾਲਾ ਅਤੇ ਲਾਲ-ਲਾਲ ਅੱਖਾਂ ਵਾਲਾ ਵਿਅਕਤੀ ਹੁੰਦਾ ਹੈ। ਦਸਤਾਵੇਜ਼ਾਂ ਵਿੱਚ ਇਹ ਉਨ੍ਹਾਂ ਦੀ ਪਛਾਣ ਬਣ ਗਈ ਅਤੇ ਇਤਿਹਾਸ ਵਿੱਚ ਤਿਲਕਾ ਨਾਮ ਅਮਰ ਹੋ ਗਿਆ। ਬ੍ਰਿਟਿਸ਼ ਸੱਤਾ ਦੇ ਵਿਰੁੱਧ ਲੰਬਾ ਸੰਘਰਸ਼ ਕਰਨ ਵਾਲੇ ਤਿਲਕਾ ਮਾਂਝੀ ਨੇ ਅੰਗ੍ਰੇਜ਼ਾਂ ਦੇ ਸਾਹਮਣੇ ਕਦੇ ਵੀ ਸਮਰਪਣ ਨਹੀਂ ਕੀਤਾ। ਨਾ ਹੀ ਕਦੇ ਝੁਕੇ ਅਤੇ ਨਾ ਹੀ ਡਰੇ।

ਉਨ੍ਹਾਂ ਨੇ ਸਿਰਫ਼ ਅੰਗ੍ਰੇਜ਼ਾਂ ਦੇ ਵਿਰੁੱਧ ਬਗਾਵਤ ਦਾ ਬਿਗੁਲ ਵਜਾ ਦਿੱਤਾ ਸੀ ਸਗੋਂ ਉਨ੍ਹਾਂ ਨੇ ਸਥਾਨਕ ਸੂਦਖੋਰਾਂ- ਜ਼ਮੀਂਦਾਰਾਂ ਦੇ ਵਿਰੁੱਧ ਵੀ ਮੁਹਿੰਮ ਛੇੜੀ ਸੀ। 1778 ਵਿੱਚ ਉਨ੍ਹਾਂ ਨੇ ਪਹਾੜੀ ਸਰਦਾਰਾਂ ਨਾਲ ਮਿਲ ਕੇ ਰਾਮਗੜ੍ਹ ਕੈਂਪ ਨੂੰ ਅੰਗ੍ਰੇਜ਼ਾਂ ਤੋਂ ਆਜ਼ਾਦ ਕਰਵਾਇਆ। 1784 ਵਿੱਚ ਰਾਜ ਮਹਿਲ ਦੇ ਮੈਜਿਸਟ੍ਰੇਟ ਕਲੀਵਲੈਂਡ ਨੂੰ ਮਾਰ ਸੁੱਟਿਆ। ਇਸ ਤੋਂ ਬਾਅਦ ਅੰਗ੍ਰੇਜ਼ ਉਨ੍ਹਾਂ ਦੇ ਪਿੱਛੇ ਪੈ ਗਏ ਅਤੇ ਆਖਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਤੋਂ ਬਾਅਦ ਅੰਗ੍ਰੇਜ਼ ਉਨ੍ਹਾਂ ਨੂੰ ਘੋੜੇ ਨਾਲ ਬੰਨ੍ਹ ਕੇ ਘੜੀਸਦੇ ਹੋਏ ਭਾਗਲਪੁਰ ਲੈ ਗਏ। 13 ਜਨਵਰੀ 1785 ਨੂੰ ਭਾਗਲਪੁਰ ਦੇ ਚੌਰਾਹੇ 'ਤੇ ਇੱਕ ਵਿਸ਼ਾਲ ਵਟਬਿਰਖ ਵਿੱਚ ਲਟਕਾ ਕੇ ਫਾਂਸੀ ਦੇ ਦਿੱਤੀ। ਇਹੀ ਵਜ੍ਹਾ ਹੈ ਕਿ ਤਿਲਕਾ ਮਾਂਝੀ ਨੂੰ ਭਾਰਤ ਦਾ ਪਹਿਲਾ ਸੁਤੰਤਰਤਾ ਸੈਨਾਨੀ ਵੀ ਕਿਹਾ ਜਾਂਦਾ ਹੈ।

ਤਿਲਕਾ ਮਾਂਝੀ ਦੇ ਨਾਮ 'ਤੇ ਭਾਗਲਪੁਰ ਵਿੱਚ ਤਿਲਕਾ ਮਾਂਝੀ ਭਾਗਲਪੁਰ ਯੂਨੀਵਰਸਿਟੀ ਹੈ। ਨਾਲ ਹੀ ਬੰਗਲਾ ਦੀ ਪ੍ਰਸਿੱਧ ਲੇਖਿਕਾ ਮਹਾਸ਼ਵੇਤਾ ਦੇਵੀ ਨੇ ਉਨ੍ਹਾਂ ਦੇ ਜੀਵਨ ਅਤੇ ਵਿਦ੍ਰੋਹ 'ਤੇ ਬੰਗਲਾ ਭਾਸ਼ਾ ਵਿੱਚ ਇੱਕ ਨਾਵਲ 'ਸ਼ਾਲਗਿਰਰ ਡਾਕੇ' ਦੀ ਰਚਨਾ ਕੀਤੀ ਹੈ ਜਿਸ ਨੂੰ ਹਿੰਦੀ ਵਿੱਚ 'ਸ਼ਾਲਗਿਰਹ ਕੀ ਪੁਕਾਰ ਪਰ' ਨਾਮ ਨਾਲ ਅਨੁਵਾਦ ਕੀਤਾ ਅਤੇ ਪ੍ਰਕਾਸ਼ਿਤ ਕੀਤਾ ਗਿਆ ਹੈ। 29 ਅਕਤੂਬਰ 2023 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਤਿਲਕਾ ਮਾਂਝੀ ਨੂੰ ਯਾਦ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਭਾਰਤਵਰਸ਼ ਵਿੱਚ ਕਬਾਇਲੀ ਯੋਧਿਆਂ ਦਾ ਅਮੀਰ ਇਤਿਹਾਸ ਰਿਹਾ ਹੈ। ਇਸੇ ਭਾਰਤ ਦੀ ਭੂਮੀ 'ਤੇ ਮਹਾਨ ਤਿਲਕਾ ਮਾਂਝੀ ਨੇ ਅਨਿਆਂ ਦੇ ਵਿਰੁੱਧ ਬਿਗੁਲ ਵਜਾ ਦਿੱਤਾ ਸੀ। ਨਾਲ ਹੀ 24 ਫਰਵਰੀ 2025 ਨੂੰ ਬਿਹਾਰ ਦੇ ਭਾਗਲਪੁਰ ਵਿੱਚ ਵਿਕਾਸ ਕਾਰਜਾਂ ਦੇ ਸ਼ੁਰੂਆਤ ਦੇ ਮੌਕੇ 'ਤੇ ਵੀ ਉਨ੍ਹਾਂ ਨੇ ਕਿਹਾ ਸੀ ਕਿ ਇਸ ਧਰਤੀ ਵਿੱਚ ਆਸਥਾ ਵੀ ਹੈ, ਵਿਰਾਸਤ ਵੀ ਹੈ ਅਤੇ ਵਿਕਸਿਤ ਭਾਰਤ ਦੀ ਸਮਰੱਥਾ ਵੀ ਹੈ। ਇਹ ਸ਼ਹੀਦ ਤਿਲਕਾ ਮਾਂਝੀ ਦੀ ਧਰਤੀ ਹੈ, ਇਹ ਸਿਲਕ ਸਿਟੀ ਵੀ ਹੈ। ਇੰਨਾ ਹੀ ਨਹੀਂ ਉਨ੍ਹਾਂ ਨੇ ਹੋਰ ਮੌਕਿਆਂ 'ਤੇ ਵੀ ਤਿਲਕਾ ਮਾਂਝੀ ਨੂੰ ਸ਼ਰਧਾਪੂਰਵਕ ਨਮਨ ਕੀਤਾ ਹੈ। ■

ਗਲੋਬਲ ਸਾਊਥ ਦੀ ਮਜ਼ਬੂਤ ਆਵਾਜ਼

'BRICS'

ਭਾਰਤ ਦੀ ਪ੍ਰਧਾਨਗੀ ਵਿੱਚ BRICS 2026

ਜੀ-20 ਜਿਹੀ ਪ੍ਰਭਾਵਸ਼ਾਲੀ ਸੰਸਥਾ ਹੋਵੇ ਜਾਂ ਵਰ੍ਹੇ 2026 ਦੇ ਲਈ ਅੰਤਰਰਾਸ਼ਟਰੀ ਲੋਕਤੰਤਰ ਅਤੇ ਚੁਣਾਵੀ ਸਹਾਇਤਾ ਸੰਸਥਾਨ (ਅੰਤਰਰਾਸ਼ਟਰੀ ਆਈਡੀਈਏ) ਦੀ ਪ੍ਰਧਾਨਗੀ, ਭਾਰਤ ਨੇ ਪਿਛਲੇ ਇੱਕ ਦਹਾਕੇ ਵਿੱਚ ਆਲਮੀ ਪੱਧਰ 'ਤੇ ਆਪਣੀ ਮਜ਼ਬੂਤ ਸਥਿਤੀ ਦਰਜ ਕਰਵਾਈ ਹੈ। ਹੁਣ ਇਸੇ ਕੜੀ ਵਿੱਚ ਇੱਕ ਨਵੀਂ ਪ੍ਰਾਪਤੀ ਹੋਰ ਜੁੜਨ ਵਾਲੀ ਹੈ। ਭਾਰਤ ਵਰ੍ਹੇ 2026 ਵਿੱਚ ਬ੍ਰਿਕਸ ਦੀ ਪ੍ਰਧਾਨਗੀ ਕਰਨ ਵਾਲਾ ਹੈ। ਇਸ ਦੇ ਲਈ ਵਿਦੇਸ਼ੀ ਵਫਦਾਂ ਦੀ ਮੌਜੂਦਗੀ ਵਿੱਚ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ 'ਬ੍ਰਿਕਸ 2026' ਦੀ ਵੈੱਬਸਾਈਟ, ਥੀਮ ਅਤੇ ਲੋਗੋ ਕੀਤਾ ਲਾਂਚ ...

ਆਲਮੀ ਰਾਜਨੀਤਿਕ, ਆਰਥਿਕ ਅਤੇ ਵਿਕਾਸ ਨਾਲ ਜੁੜੇ ਮੁੱਦਿਆਂ 'ਤੇ 'BRICS' ਸਹਿਯੋਗ ਦਾ ਇੱਕ ਅਹਿਮ ਮੰਚ ਹੈ। ਇਹ ਗਲੋਬਲ ਸਾਊਥ ਦੀ ਸਮੂਹਿਕ ਆਵਾਜ਼ ਨੂੰ ਮਜ਼ਬੂਤੀ ਦਿੰਦਾ ਹੈ। ਦੁਨੀਆ ਦੀ ਲਗਭਗ ਅੱਧੀ ਆਬਾਦੀ ਦੀ ਪ੍ਰਤੀਨਿਧਤਾ ਕਰਨ ਵਾਲੇ ਬ੍ਰਿਕਸ ਦਾ ਆਲਮੀ ਜੀਡੀਪੀ ਵਿੱਚ ਕਰੀਬ 40% ਦਾ ਯੋਗਦਾਨ ਹੈ। ਭਾਰਤ ਦੀ ਪ੍ਰਧਾਨਗੀ ਵਿੱਚ ਵਰ੍ਹੇ 2026 ਵਿੱਚ ਆਯੋਜਿਤ ਹੋਣ ਵਾਲੀ ਬ੍ਰਿਕਸ ਦੀ ਥੀਮ –'ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਵਿਕਾਸ ਦੇ ਲਈ ਨਿਰਮਾਣ' ਰੱਖਿਆ ਗਿਆ ਹੈ।

ਬ੍ਰਿਕਸ ਦੇ ਚਾਰ ਮੁੱਖ ਥੰਮ੍ਹ

- **ਲਚਕੀਲਾਪਣ :** ਗਲੋਬਲ ਸਪਲਾਈ- ਚੇਨ, ਸਿਹਤ ਅਤੇ ਜਲਵਾਯੂ ਜੋਖਮਾਂ ਨਾਲ ਨਜਿੱਠਣ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ।
- **ਨਵੀਨਤਾ :** ਸੇਵਾ ਵੰਡ ਅਤੇ ਵਿਕਾਸ ਦੇ ਲਈ **DPI,** ਫਿਨਟੈੱਕ, **AI** ਅਤੇ ਗਿਆਨ ਸਾਂਝਾ ਕਰਨ ਨੂੰ ਹੁਲਾਰਾ ਦੇਣਾ।
- **ਸਹਿਯੋਗ :** ਨੀਤੀ, ਵਿੱਤ, ਵਪਾਰ, ਸ਼ਾਸਨ ਸੁਧਾਰ ਅਤੇ ਜਨਤਕ –ਭਾਗੀਦਾਰੀ ਵਿੱਚ **BRICS** ਦੇਸ਼ਾਂ ਦੇ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰਨਾ।
- **ਟਿਕਾਊਪੁਣਾ :** ਜਲਵਾਯੂ ਕਾਰਵਾਈ, ਗ੍ਰੀਨ ਫਾਈਨਾਂਸ, ਊਰਜਾ ਸੰਕ੍ਰਮਣ ਅਤੇ ਟਿਕਾਊ ਵਿਕਾਸ ਨੂੰ ਗਤੀ ਦੇਣਾ।

ਬ੍ਰਿਕਸ 2026 ਦੀ ਅਧਿਕਾਰਤ ਵੈੱਬਸਾਈਟ btovd2026.gov.in ਨੂੰ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ 13 ਜਨਵਰੀ ਨੂੰ ਲਾਂਚ ਕੀਤੀ। ਇਸ ਵਾਰ ਸੰਮੇਲਨ ਵਿੱਚ ਗਲੋਬਲ ਸਾਊਥ ਦੀ ਆਵਾਜ਼ ਨੂੰ ਹੋਰ ਮਜ਼ਬੂਤ ਕਰਨ 'ਤੇ ਗੱਲ ਹੋਵੇਗੀ, ਅੱਤਵਾਦ 'ਤੇ ਜ਼ੀਰੋ ਟੌਲਰੈਂਸ, ਜ਼ਿੰਮੇਵਾਰ ਏਆਈ ਇਨੋਵੇਸ਼ਨ ਜਿਹੇ ਵਿਸ਼ਿਆਂ 'ਤੇ ਵਿਸਤਾਰ ਨਾਲ ਚਰਚਾ ਹੋਣ ਦੀ ਉਮੀਦ ਹੈ। ਬ੍ਰਿਕਸ ਦੁਨੀਆ ਦੀਆਂ 11 ਮੁੱਖ ਉੱਭਰਦੀਆਂ ਅਰਥਵਿਵਸਥਾਵਾਂ ਨੂੰ ਇੱਕ ਮੰਚ 'ਤੇ ਲਿਆਉਂਦਾ ਹੈ। ਮੂਲ ਮੈਂਬਰ ਦੇਸ਼ਾਂ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਸਾਊਥ ਅਫਰੀਕਾ ਸ਼ਾਮਲ ਹਨ। ਨਵੇਂ ਸ਼ਾਮਲ ਦੇਸ਼ਾਂ ਵਿੱਚ ਸਾਊਦੀ ਅਰਬ, ਯੂਏਈ, ਮਿਸਰ, ਇਥਿਯੋਪੀਆ, ਈਰਾਨ ਅਤੇ ਇੰਡੋਨੇਸ਼ੀਆ ਹੈ।

ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਕਿਹਾ ਕਿ ਭਾਰਤ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਤੋਂ ਪ੍ਰੇਰਿਤ ਹੋ ਕੇ 'ਮਨੁੱਖਤਾ ਪਹਿਲਾਂ' ਅਤੇ 'ਜਨ- ਕੇਂਦ੍ਰਿਤ' ਦ੍ਰਿਸ਼ਟੀਕੋਣ ਦੇ ਨਾਲ ਆਪਣੀ ਪ੍ਰਧਾਨਗੀ ਕਰ ਰਿਹਾ ਹੈ। ਸੰਮੇਲਨ ਦੇ ਇਸ ਵਾਰ ਦਾ ਵਿਸ਼ਾ ਇਹ ਵਿਸ਼ਵਾਸ ਦਰਸਾਉਂਦਾ ਹੈ ਕਿ 'ਬ੍ਰਿਕਸ' ਮੈਂਬਰਾਂ ਦੇ ਦਰਮਿਆਨ ਸਹਿਯੋਗ ਸਾਂਝੀਆਂ ਚੁਣੌਤੀਆਂ ਦਾ ਸੰਤੁਲਿਤ ਅਤੇ ਸਮਾਵੇਸ਼ੀ ਢੰਗ ਨਾਲ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ। ਇਹ ਵਿਸ਼ਾ ਸਾਰਿਆਂ ਦੇ ਲਾਭ ਲਈ ਸਮਰੱਥਾਵਾਂ ਨੂੰ ਮਜ਼ਬੂਤ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ। ■



ਸੋਮਨਾਥ ਸਵਾਭਿਮਾਨ ਪਰਵ

ਅਟੁੱਟ ਆਸਥਾ ਦੇ 1000 ਵਰ੍ਹੇ (1026-2026)



ਨਰੇਂਦਰ ਮੋਦੀ,
ਪ੍ਰਧਾਨ ਮੰਤਰੀ

ਵਰ੍ਹੇ 2026 ਸੋਮਨਾਥ ਮੰਦਿਰ 'ਤੇ ਹੋਏ ਪਹਿਲੇ ਹਮਲੇ ਦੇ 1000 ਵਰ੍ਹੇ ਪੂਰੇ ਹੋਣ ਦਾ ਪ੍ਰਤੀਕ ਹੈ। ਸਦੀਆਂ ਤੋਂ ਵਾਰ-ਵਾਰ ਹੋਏ ਹਮਲਿਆਂ ਦੇ ਬਾਵਜੂਦ, ਸੋਮਨਾਥ ਮੰਦਿਰ ਭਾਰਤ ਦੀ ਅਟੁੱਟ ਭਾਵਨਾ ਦੇ ਪ੍ਰਤੀਕ ਦੇ ਰੂਪ ਵਿੱਚ ਅੱਜ ਵੀ ਸ਼ਾਨ ਨਾਲ ਖੜ੍ਹਾ ਹੈ। ਸੋਮਨਾਥ ਦੀ ਕਥਾ ਸਿਰਫ਼ ਇੱਕ ਮੰਦਿਰ ਦੀ ਨਹੀਂ ਸਗੋਂ ਭਾਰਤ ਮਾਤਾ ਦੇ ਉਨ੍ਹਾਂ ਅਣਗਿਣਤ ਸਪੂਤਾਂ ਦੇ ਅਦੁੱਤੀ ਸਾਹਸ ਦੀ ਕਹਾਣੀ ਹੈ ਜਿਨ੍ਹਾਂ ਨੇ ਦੇਸ਼ ਦੇ ਸੱਭਿਆਚਾਰ ਅਤੇ ਸੱਭਿਅਤਾ ਦੀ ਰੱਖਿਆ ਕੀਤੀ। ਜਨਵਰੀ 1026 ਵਿੱਚ ਸੋਮਨਾਥ 'ਤੇ ਪਹਿਲਾ ਹਮਲਾ ਹੋਇਆ ਸੀ, ਜਿਸ ਦੇ 1 ਹਜ਼ਾਰ ਵਰ੍ਹੇ ਪੂਰੇ ਹੋ ਰਹੇ ਹਨ ਤਾਂ ਇਹ ਵਰ੍ਹਾ ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੀ ਮੌਜੂਦਗੀ ਵਿੱਚ 1951 ਵਿੱਚ ਮੁੜ- ਤਿਆਰ ਹੋਏ ਸੋਮਨਾਥ ਮੰਦਿਰ ਦੇ ਉਦਘਾਟਨ ਦੇ 75 ਵਰ੍ਹੇ ਪੂਰੇ ਹੋਣ ਦਾ ਵੀ ਗਵਾਹ ਹੈ। ਇਸ ਜਨਵਰੀ ਸੋਮਨਾਥ ਸਵਾਭਿਮਾਨ ਪਰਵ ਦੀ ਸ਼ੁਰੂਆਤ ਹੋਈ ਹੈ। ਇਸ ਵਿਸ਼ੇ 'ਤੇ ਪੇਸ਼ ਹੈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੁਆਰਾ ਲਿਖਿਆ ਲੇਖ...

ਸੋਮਨਾਥ ... ਇਹ ਸ਼ਬਦ ਸੁਣਦੇ ਹੀ ਸਾਡੇ ਮਨ ਅਤੇ ਦਿਲ ਵਿੱਚ ਮਾਣ ਅਤੇ ਆਸਥਾ ਦੀ ਭਾਵਨਾ ਭਰ ਜਾਂਦੀ ਹੈ। ਭਾਰਤ ਦੇ ਪੱਛਮੀ ਤਟ 'ਤੇ ਗੁਜਰਾਤ ਵਿੱਚ, ਪ੍ਰਭਾਸ ਪਾਟਨ ਨਾਮ ਦੀ ਥਾਂ 'ਤੇ ਸਥਿਤ ਸੋਮਨਾਥ, ਭਾਰਤ ਦੀ ਆਤਮਾ ਦਾ ਸਦੀਵੀ ਪ੍ਰਸਤੁਤੀਕਰਣ ਹੈ। ਦਵਾਦਸ਼ ਜਯੋਤਿਰਲਿੰਗ ਸਤੋਤ੍ਰਮ ਵਿੱਚ ਭਾਰਤ ਦੇ 12 ਜਯੋਤਿਰਲਿੰਗਾਂ ਦਾ ਜ਼ਿਕਰ ਹੈ। ਜਯੋਤਿਰਲਿੰਗਾਂ ਦਾ ਵਰਣਨ ਇਸ ਲਾਈਨ ਤੋਂ ਸ਼ੁਰੂ ਹੁੰਦਾ ਹੈ.... "सौराष्टे सोमनाथं च..", ਯਾਨੀ ਜਯੋਤਿਰਲਿੰਗਾਂ ਵਿੱਚ ਸਭ ਤੋਂ ਪਹਿਲਾਂ ਸੋਮਨਾਥ ਦਾ ਜ਼ਿਕਰ ਆਉਂਦਾ ਹੈ। ਇਹ ਇਸ ਪਵਿੱਤਰ ਧਾਮ ਦੇ ਸੱਭਿਅਤਾਗਤ ਅਤੇ ਅਧਿਆਤਮਿਕ ਮਹੱਤਵ ਦਾ ਪ੍ਰਤੀਕ ਹੈ।

ਇਹ ਵੀ ਧਰਮ ਗ੍ਰੰਥਾਂ ਵਿੱਚ ਕਿਹਾ ਗਿਆ ਹੈ:

"सोमलिङ्गं नरो दृष्ट्वा सर्वपापैः प्रमुच्यते।
लभते फलं मनोवाञ्छितं मृतः स्वर्गं समाश्रयेत्॥"

ਭਾਵ, ਸੋਮਨਾਥ ਸ਼ਿਵਲਿੰਗ ਦੇ ਦਰਸ਼ਨ ਨਾਲ ਵਿਅਕਤੀ ਆਪਣੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਮਨ ਵਿੱਚ ਜੋ ਵੀ ਪਵਿੱਤਰ ਕਾਮਨਾਵਾਂ ਹੁੰਦੀਆਂ ਹਨ, ਉਹ ਪੂਰੀਆਂ ਹੁੰਦੀਆਂ ਹਨ ਅਤੇ ਮੌਤ ਦੇ ਬਾਅਦ ਆਤਮਾ ਸਵਰਗ ਨੂੰ ਪ੍ਰਾਪਤ ਹੁੰਦੀ ਹੈ।

ਬਦਕਿਸਮਤੀ ਨਾਲ, ਇਹੀ ਸੋਮਨਾਥ, ਜੋ ਕਰੋੜਾਂ ਲੋਕਾਂ ਦੀ ਸ਼ਰਧਾ ਅਤੇ ਪ੍ਰਾਰਥਨਾਵਾਂ ਦਾ ਕੇਂਦਰ ਸੀ, ਵਿਦੇਸ਼ੀ ਹਮਲਾਵਰਾਂ ਦਾ ਨਿਸ਼ਾਨਾ ਬਣਿਆ, ਜਿਨ੍ਹਾਂ ਦਾ ਉਦੇਸ਼ ਵਿਧਵੰਸ਼ ਸੀ।

ਸਾਲ 2026 ਸੋਮਨਾਥ ਮੰਦਿਰ ਦੇ ਲਈ ਬਹੁਤ ਮਹੱਤਵ ਰੱਖਦਾ ਹੈ, ਕਿਉਂਕਿ ਇਸ ਮਹਾਨ

ਸੋਮਨਾਥ ਸ਼ਿਵਲਿੰਗ ਦੇ ਦਰਸ਼ਨ ਨਾਲ ਵਿਅਕਤੀ ਆਪਣੇ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਮਨ ਵਿੱਚ ਜੋ ਵੀ ਪੁਣਯ ਕਾਮਨਾਵਾਂ ਹੁੰਦੀਆਂ ਹਨ, ਉਹ ਪੂਰੀਆਂ ਹੁੰਦੀਆਂ ਹਨ ਅਤੇ ਮੌਤ ਤੋਂ ਬਾਅਦ ਆਤਮਾ ਸਵਰਗ ਨੂੰ ਪ੍ਰਾਪਤ ਹੁੰਦੀ ਹੈ।

ਪ੍ਰਧਾਨ ਮੰਤਰੀ ਦਾ ਲੇਖ ਪੜ੍ਹਨ ਦੇ ਲਈ QR ਕੋਡ ਸਕੈਨ ਕਰੋ।



ਸੰਜੋਗ ਨਾਲ 2026 ਸੋਮਨਾਥ ਮੰਦਿਰ ਦੇ ਮੁੜ-ਨਿਰਮਾਣ ਦੇ 75 ਵਰ੍ਹੇ ਪੂਰੇ ਹੋਣ ਦਾ ਵੀ ਵਰ੍ਹਾ ਹੈ। 11 ਮਈ 1951 ਨੂੰ ਇਸ ਮੰਦਿਰ ਦਾ ਮੁੜ- ਨਿਰਮਾਣ ਸੰਪੰਨ ਹੋਇਆ ਸੀ। ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੀ ਮੌਜੂਦਗੀ ਵਿੱਚ ਹੋਇਆ ਉਹ ਸਮਾਰੋਹ ਇਤਿਹਾਸਕ ਸੀ, ਜਦੋਂ ਮੰਦਿਰ ਦੇ ਦੁਆਰ ਦਰਸ਼ਨਾਂ ਲਈ ਖੋਲ੍ਹੇ ਗਏ ਸਨ।

ਤੀਰਥ 'ਤੇ ਹੋਏ ਪਹਿਲੇ ਹਮਲੇ ਦੇ 1000 ਵਰ੍ਹੇ ਪੂਰੇ ਹੋ ਰਹੇ ਹਨ। ਜਨਵਰੀ 1026 ਵਿੱਚ ਗਜਨੀ ਦੇ ਮਹਿਮੂਦ ਨੇ ਇਸ ਮੰਦਿਰ 'ਤੇ ਵੱਡਾ ਹਮਲਾ ਕੀਤਾ ਸੀ, ਇਸ ਮੰਦਿਰ ਨੂੰ ਤਹਿਸ ਨਹਿਸ ਕਰ ਦਿੱਤਾ ਸੀ। ਇਹ ਹਮਲਾ ਆਸਥਾ ਅਤੇ ਸੱਭਿਅਤਾ ਦੇ ਇੱਕ ਮਹਾਨ ਪ੍ਰਤੀਕ ਨੂੰ ਨਸ਼ਟ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਇੱਕ ਹਿੰਸਕ ਅਤੇ ਕਾਇਰਤਾਪੂਰਨ ਯਤਨ ਸੀ।

ਸੋਮਨਾਥ ਹਮਲਾ ਮਨੁੱਖੀ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਤ੍ਰਾਸਦੀਆਂ ਵਿੱਚ ਸ਼ਾਮਲ ਹੈ। ਫਿਰ ਵੀ, ਇੱਕ ਹਜ਼ਾਰ ਵਰ੍ਹੇ ਬਾਅਦ ਅੱਜ ਵੀ ਇਹ ਮੰਦਿਰ ਪੂਰੇ ਮਾਣ ਦੇ ਨਾਲ ਖੜ੍ਹਾ ਹੈ। ਵਰ੍ਹੇ 1026 ਤੋਂ ਬਾਅਦ ਸਮੇਂ-ਸਮੇਂ 'ਤੇ ਇਸ ਮੰਦਿਰ ਨੂੰ ਉਸ ਦੇ ਪੂਰੇ ਵੈਭਵ ਦੇ ਨਾਲ ਮੁੜ –ਤਿਆਰ ਕਰਨ ਦੇ ਯਤਨ ਜਾਰੀ ਰਹੇ। ਮੰਦਿਰ ਦਾ ਮੌਜੂਦਾ ਸਰੂਪ 1951 ਵਿੱਚ ਆਕਾਰ ਲੈ ਸਕਿਆ। ਸੰਜੋਗ ਨਾਲ 2026 ਦਾ ਇਹੀ ਵਰ੍ਹਾ ਸੋਮਨਾਥ ਮੰਦਿਰ ਦੇ ਮੁੜ ਨਿਰਮਾਣ ਦੇ 75 ਵਰ੍ਹੇ ਪੂਰੇ ਹੋਣ ਦਾ ਵੀ ਵਰ੍ਹਾ ਹੈ। 11 ਮਈ 1951 ਨੂੰ ਇਸ ਮੰਦਿਰ ਦਾ ਮੁੜ ਨਿਰਮਾਣ ਸੰਪੰਨ ਹੋਇਆ ਸੀ। ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੀ ਮੌਜੂਦਗੀ ਵਿੱਚ ਹੋਇਆ ਉਹ ਸਮਾਰੋਹ ਇਤਿਹਾਸਕ ਸੀ, ਜਦੋਂ ਮੰਦਿਰ ਦੇ ਦੁਆਰ ਦਰਸ਼ਨਾਂ ਦੇ ਲਈ ਖੋਲ੍ਹੇ ਗਏ ਸਨ।

1026 ਵਿੱਚ ਇੱਕ ਹਜ਼ਾਰ ਵਰ੍ਹੇ ਪਹਿਲਾਂ ਸੋਮਨਾਥ 'ਤੇ ਹੋਏ ਪਹਿਲੇ ਹਮਲੇ, ਉੱਥੇ ਦੇ ਲੋਕਾਂ ਦੇ ਨਾਲ ਕੀਤੀ ਗਈ ਬੇਰਹਿਮੀ ਅਤੇ ਤਬਾਹੀ ਦਾ ਵਰਣਨ ਕਈ ਇਤਿਹਾਸਕ ਸਰੋਤਾਂ ਵਿੱਚ ਵਿਸਤਾਰ ਨਾਲ ਮਿਲਦਾ ਹੈ। ਜਦੋਂ ਇਨ੍ਹਾਂ ਨੂੰ ਪੜ੍ਹਿਆ ਜਾਂਦਾ ਹੈ ਤਾਂ ਦਿਲ ਕੰਬ ਜਾਂਦਾ ਹੈ। ਹਰ ਲਾਈਨ ਵਿੱਚ ਬੇਰਹਿਮੀ ਦੇ ਨਿਸ਼ਾਨ ਮਿਲਦੇ ਹਨ, ਇਹ ਅਜਿਹਾ ਦੁਖ ਹੈ ਜਿਸ ਦੀ ਪੀੜ੍ਹਾ ਇੰਨੇ ਸਮੇਂ ਬਾਅਦ ਵੀ ਮਹਿਸੂਸ ਹੁੰਦੀ ਹੈ।

ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਸ ਦਾ ਉਸ ਦੌਰ ਵਿੱਚ ਭਾਰਤ 'ਤੇ ਅਤੇ ਲੋਕਾਂ ਦੇ ਮਨੋਬਲ 'ਤੇ ਕਿੰਨਾ ਡੂੰਘਾ ਅਸਰ ਪਿਆ ਹੋਵੇਗਾ। ਸੋਮਨਾਥ ਮੰਦਿਰ ਦਾ ਅਧਿਆਤਮਿਕ ਮਹੱਤਵ ਬਹੁਤ ਜ਼ਿਆਦਾ ਸੀ। ਇਹ ਵੱਡੀ ਸੰਖਿਆ ਵਿੱਚ ਲੋਕਾਂ ਨੂੰ ਆਪਣੇ ਵੱਲ ਖਿੱਚਦਾ ਸੀ। ਇਹ ਇੱਕ ਅਜਿਹੇ ਸਮਾਜ ਦੀ ਪ੍ਰੇਰਣਾ ਸੀ ਜਿਸ ਦੀ ਆਰਥਿਕ ਸਮਰੱਥਾ ਵੀ ਬਹੁਤ ਮਜ਼ਬੂਤ ਸੀ। ਸਾਡੇ ਸਮੁੰਦਰੀ ਵਪਾਰੀ ਅਤੇ ਮਲਾਹ ਇਸ ਦੇ ਵੈਭਵ ਦੀਆਂ ਕਹਾਣੀਆਂ ਦੂਰ-ਦੂਰ ਤੱਕ ਲੈ ਜਾਂਦੇ ਸਨ।

ਸੋਮਨਾਥ 'ਤੇ ਹੋਏ ਹਮਲੇ ਅਤੇ ਫਿਰ ਗੁਲਾਮੀ ਦੇ ਲੰਬੇ ਕਾਲਖੰਡ ਦੇ ਬਾਵਜੂਦ ਅੱਜ ਮੈਂ ਪੂਰੇ ਵਿਸ਼ਵਾਸ ਦੇ ਨਾਲ ਅਤੇ ਮਾਣ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਸੋਮਨਾਥ ਦੀ ਗਾਥਾ ਤਬਾਹੀ ਦੀ ਕਹਾਣੀ ਨਹੀਂ ਹੈ। ਇਹ ਪਿਛਲੇ 1000 ਵਰ੍ਹਿਆਂ ਤੋਂ ਚਲੀ ਆ ਰਹੀ ਭਾਰਤ ਮਾਤਾ ਦੀਆਂ ਕਰੋੜਾਂ ਸੰਤਾਨਾਂ ਦੇ ਸਭਾਵਿਮਾਨ ਦੀ ਕਹਾਣੀ ਹੈ, ਅਸੀਂ ਭਾਰਤ ਦੇ ਲੋਕਾਂ ਦੀ ਅਟੁੱਟ ਆਸਥਾ ਦੀ ਗਾਥਾ ਹਾਂ।

1026 ਵਿੱਚ ਸ਼ੁਰੂ ਹੋਈ ਮੱਧ ਕਾਲੀ ਬੇਰਹਿਮੀ ਨੇ ਅੱਗੇ ਚੱਲ ਕੇ ਦੂਸਰਿਆਂ ਨੂੰ ਵੀ ਵਾਰ- ਵਾਰ ਸੋਮਨਾਥ 'ਤੇ ਹੋਏ ਹਮਲੇ ਕਰਨ ਦੇ ਲਈ ਪ੍ਰੇਰਿਤ ਕੀਤਾ। ਇਹ ਸਾਡੇ ਲੋਕਾਂ ਅਤੇ ਸਾਡੇ ਸੱਭਿਆਚਾਰ ਨੂੰ ਗੁਲਾਮ ਬਣਾਉਣ ਦਾ ਯਤਨ ਸੀ। ਪਰ ਹਰ ਵਾਰ ਜਦੋਂ ਮੰਦਿਰ 'ਤੇ ਹਮਲਾ ਹੋਇਆ, ਉਦੋਂ ਸਾਡੇ ਕੋਲ ਅਜਿਹੇ ਮਹਾਨ ਪੁਰਸ਼ ਅਤੇ ਮਹਿਲਾਵਾਂ ਵੀ ਸਨ ਜਿਨ੍ਹਾਂ ਨੇ ਉਨ੍ਹਾਂ ਦੀ ਰੱਖਿਆ ਦੇ ਲਈ ਖੜ੍ਹੇ ਹੋ ਕੇ ਸਰਬਉੱਚ ਬਲੀਦਾਨ ਦਿੱਤਾ।

ਹਰ ਵਾਰ, ਪੀੜ੍ਹੀ ਦਰ ਪੀੜ੍ਹੀ, ਸਾਡੀ ਮਹਾਨ ਸੱਭਿਅਤਾ ਦੇ ਲੋਕਾਂ ਨੇ ਖੁਦ ਨੂੰ ਸੰਭਾਲਿਆ, ਮੰਦਿਰ ਨੂੰ ਫਿਰ ਤੋਂ ਖੜ੍ਹਾ ਕੀਤਾ ਅਤੇ ਉਸ ਨੂੰ ਮੁੜ ਜੀਵੰਤ ਕੀਤਾ।

ਮਹਿਮੂਦ ਗਜਨਵੀ ਲੁੱਟ ਕੇ ਚਲਾ ਗਿਆ, ਪਰ ਸੋਮਨਾਥ ਦੇ ਪ੍ਰਤੀ ਸਾਡੀ ਭਾਵਨਾ ਨੂੰ ਸਾਡੇ ਕੋਲੋਂ ਖੋਹ ਨਹੀਂ ਸਕਿਆ। ਸੋਮਨਾਥ ਨਾਲ ਜੁੜੀ ਸਾਡੀ ਆਸਥਾ, ਸਾਡਾ ਵਿਸ਼ਵਾਸ ਹੋਰ ਪ੍ਰਬਲ ਹੋਇਆ। ਉਸ ਦੀ ਆਤਮਾ ਲੱਖਾਂ ਸ਼ਰਧਾਲੂਆਂ ਦੇ ਅੰਦਰ ਸਾਹ ਲੈਂਦੀ ਰਹੀ। ਵਰ੍ਹੇ 1026 ਦੇ ਹਜ਼ਾਰ ਵਰ੍ਹਿਆਂ ਬਾਅਦ ਅੱਜ 2026 ਵਿੱਚ ਵੀ ਸੋਮਨਾਥ ਮੰਦਿਰ ਦੁਨੀਆ ਨੂੰ ਸੁਨੇਹਾ ਦੇ ਰਿਹਾ ਹੈ ਕਿ ਮਿਟਾਉਣ ਦੀ ਮਾਨਸਿਕਤਾ ਰੱਖਣ ਵਾਲੇ ਖਤਮ ਹੋ ਜਾਂਦੇ ਹਨ, ਜਦਕਿ ਸੋਮਨਾਥ ਮੰਦਿਰ ਅੱਜ ਸਾਡੇ ਵਿਸ਼ਵਾਸ ਦਾ ਮਜ਼ਬੂਤ ਅਧਾਰ ਬਣ ਕੇ ਖੜ੍ਹਾ ਹੈ। ਉਹ ਅੱਜ ਵੀ ਸਾਡੀ ਪ੍ਰੇਰਣਾ ਦਾ ਸਰੋਤ ਹੈ, ਉਹ ਅੱਜ ਵੀ ਸਾਡੀ ਸ਼ਕਤੀ ਦਾ ਪੁੰਜ ਹੈ।

ਇਹ ਸਾਡੀ ਖੁਸ਼ਕਿਸਮਤੀ ਹੈ ਕਿ ਅਸੀਂ ਉਸ ਧਰਤੀ 'ਤੇ ਜੀਵਨ ਪਾਇਆ ਹੈ, ਜਿਸ ਨੇ ਦੇਵੀ ਅਹਿੱਲਿਆਬਾਈ ਹੋਲਕਰ ਜਿਹੀ ਮਹਾਨ ਸ਼ਖਸੀਅਤ ਨੂੰ ਜਨਮ ਦਿੱਤਾ। ਉਨ੍ਹਾਂ ਨੇ ਇਹ ਯਕੀਨੀ ਬਣਾਉਣ ਦਾ ਮੁੜ ਯਤਨ ਕੀਤਾ ਕਿ ਸ਼ਰਧਾਲੂ ਸੋਮਨਾਥ ਵਿੱਚ ਪੂਜਾ ਕਰ ਸਕਣ।

1890 ਦੇ ਦਹਾਕੇ ਵਿੱਚ ਸਵਾਮੀ ਵਿਵੇਕਾਨੰਦ ਵੀ ਸੋਮਨਾਥ ਆਏ ਸਨ, ਉਹ ਅਨੁਭਵ ਉਨ੍ਹਾਂ ਨੂੰ ਅੰਦਰ ਤੱਕ ਅੰਦੋਲਿਤ ਕਰ ਗਿਆ। 1897 ਵਿੱਚ ਚੇੱਨਈ ਵਿੱਚ ਦਿੱਤੇ ਗਏ ਇੱਕ ਵਿਆਖਿਆਨ ਦੇ ਦੌਰਾਨ ਉਨ੍ਹਾਂ ਨੇ ਆਪਣੀ ਭਾਵਨਾ ਪ੍ਰਗਟ ਕੀਤੀ। ਉਨ੍ਹਾਂ ਨੇ ਕਿਹਾ, "ਦੱਖਣੀ ਭਾਰਤ ਦੇ ਪ੍ਰਾਚੀਨ ਮੰਦਿਰ ਅਤੇ ਗੁਜਰਾਤ ਦੇ ਸੋਮਨਾਥ ਵਰਗੇ ਮੰਦਿਰ ਤੁਹਾਨੂੰ ਗਿਆਨ ਦੇ ਅਣਗਿਣਤ ਪਾਠ ਸਿਖਾਉਣਗੇ। ਇਹ ਤੁਹਾਨੂੰ ਕਿਸੇ ਵੀ ਸੰਖਿਆ ਵਿੱਚ ਪੜ੍ਹੀਆਂ ਗਈਆਂ ਪੁਸਤਕਾਂ ਤੋਂ ਵੱਧ ਸਾਡੀ ਸੱਭਿਅਤਾ ਦੀ ਡੂੰਘੀ ਸਮਝ ਦੇਣਗੇ।

ਇਨ੍ਹਾਂ ਮੰਦਿਰਾਂ 'ਤੇ ਸੈਂਕੜੇ ਹਮਲਿਆਂ ਦੇ ਨਿਸ਼ਾਨ ਹਨ ਅਤੇ ਸੈਂਕੜੇ ਵਾਰ ਇਨ੍ਹਾਂ ਦੀ ਪੁਨਰ-ਸੁਰਜੀਤੀ ਹੋਈ ਹੈ। ਇਹ ਵਾਰ-ਵਾਰ ਨਸ਼ਟ ਕੀਤੇ ਗਏ, ਅਤੇ ਹਰ ਵਾਰ ਆਪਣੇ ਹੀ ਖੰਡਹਰ ਤੋਂ ਫਿਰ ਖੜ੍ਹੇ ਹੋਏ। ਪਹਿਲਾਂ ਦੀ ਤਰ੍ਹਾਂ ਹੀ ਮਜ਼ਬੂਤ। ਪਹਿਲਾਂ ਦੀ ਤਰ੍ਹਾਂ ਹੀ ਜੀਵੰਤ। ਇਹੀ ਰਾਸ਼ਟਰੀ ਮਨ ਹੈ, ਇਹੀ ਰਾਸ਼ਟਰੀ ਜੀਵਨ ਧਾਰਾ ਹੈ। ਇਸ ਦਾ ਅਨੁਸਰਣ ਤੁਹਾਨੂੰ ਮਾਣ ਨਾਲ ਭਰ ਦਿੰਦਾ ਹੈ। ਇਸ ਨੂੰ ਛੱਡ ਦੇਣ ਦਾ ਮਤਲਬ ਹੈ, ਮੌਤ। ਇਸ ਤੋਂ ਵੱਖ ਹੋ ਜਾਣ 'ਤੇ ਵਿਨਾਸ਼ ਹੀ ਹੋਵੇਗਾ।"

ਇਹ ਸਭ ਜਾਣਦੇ ਹਨ ਕਿ ਆਜ਼ਾਦੀ ਤੋਂ ਬਾਅਦ ਸੋਮਨਾਥ ਮੰਦਿਰ ਦੇ ਮੁੜ ਨਿਰਮਾਣ ਦੀ ਪਵਿੱਤਰ ਜ਼ਿੰਮੇਵਾਰੀ ਸਰਦਾਰ ਵੱਲਭਭਾਈ ਪਟੇਲ ਦੇ ਸਮਰੱਥ ਹੱਥਾਂ ਵਿੱਚ ਆਈ। ਉਨ੍ਹਾਂ ਨੇ ਅੱਗੇ ਵਧ ਕੇ ਇਸ ਜ਼ਿੰਮੇਵਾਰੀ ਦੇ ਲਈ ਕਦਮ ਵਧਾਇਆ। 1947 ਵਿੱਚ ਦੀਵਾਲੀ ਦੇ ਸਮੇਂ ਉਨ੍ਹਾਂ ਦੀ ਸੋਮਨਾਥ ਯਾਤਰਾ ਹੋਈ। ਉਸ ਯਾਤਰਾ ਦੇ ਤਜ਼ਰਬੇ ਨੇ ਉਨ੍ਹਾਂ ਨੂੰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ, ਉਸੇ ਸਮੇਂ ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਇੱਥੇ ਹੀ ਸੋਮਨਾਥ ਮੰਦਿਰ ਦਾ ਮੁੜ ਨਿਰਮਾਣ ਹੋਵੇਗਾ। ਇਸ ਲਈ 11 ਮਈ 1951 ਨੂੰ ਸੋਮਨਾਥ ਵਿੱਚ ਸ਼ਾਨਦਾਰ ਮੰਦਿਰ ਦੇ ਦੁਆਰ ਸ਼ਰਧਾਲੂਆਂ ਦੇ ਲਈ ਖੋਲ੍ਹ ਦਿੱਤੇ ਗਏ।

ਉਸ ਮੌਕੇ 'ਤੇ ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਮੌਜੂਦ ਸਨ। ਮਹਾਨ ਸਰਦਾਰ ਸਾਹਬ ਇਸ ਇਤਿਹਾਸਕ ਦਿਨ ਨੂੰ ਦੇਖਣ ਦੇ ਲਈ ਜੀਵਿਤ ਨਹੀਂ ਸਨ, ਲੇਕਿਨ ਉਨ੍ਹਾਂ ਦਾ ਸੁਪਨਾ ਰਾਸ਼ਟਰ ਦੇ ਸਾਹਮਣੇ ਸਾਕਾਰ ਹੋ ਕੇ ਸ਼ਾਨਦਾਰ ਰੂਪ ਵਿੱਚ ਮੌਜੂਦ ਸੀ।







1000 ਵਰ੍ਹਿਆਂ ਬਾਅਦ 2026 ਵਿੱਚ ਸੋਮਨਾਥ ਦਾ ਸਮੁੰਦਰ ਉਸੇ ਤੀਬਰਤਾ ਨਾਲ ਗਰਜਨਾ ਕਰਦਾ ਹੈ। ਤਟ ਨੂੰ ਛੂੰਹਦੀਆਂ ਲਹਿਰਾਂ ਉਸ ਦੀ ਪੂਰੀ ਗਾਥਾ ਸੁਣਾਉਂਦੀਆਂ ਹਨ। ਉਨ੍ਹਾਂ ਲਹਿਰਾਂ ਦੀ ਤਰ੍ਹਾਂ ਸੋਮਨਾਥ ਵਾਰ-ਵਾਰ ਉੱਠਦਾ ਰਿਹਾ ਹੈ।

ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਇਸ ਘਟਨਾ ਤੋਂ ਵਧੇਰੇ ਉਤਸ਼ਾਹਿਤ ਨਹੀਂ ਸਨ। ਉਹ ਨਹੀਂ ਚਾਹੁੰਦੇ ਸਨ ਕਿ ਮਾਣਯੋਗ ਰਾਸ਼ਟਰਪਤੀ ਅਤੇ ਮੰਤਰੀ ਇਸ ਸਮਾਰੋਹ ਦਾ ਹਿੱਸਾ ਬਣਨ। ਉਨ੍ਹਾਂ ਨੇ ਕਿਹਾ ਕਿ ਇਸ ਘਟਨਾ ਨਾਲ ਭਾਰਤ ਦਾ ਅਕਸ ਖਰਾਬ ਹੋਵੇਗਾ ਪਰ ਰਾਜੇਂਦਰ ਬਾਬੂ ਅਟਲ ਰਹੇ ਅਤੇ ਫਿਰ ਜੋ ਹੋਇਆ, ਉਸ ਨੇ ਇੱਕ ਇਤਿਹਾਸ ਰਚ ਦਿੱਤਾ।

ਸੋਮਨਾਥ ਮੰਦਿਰ ਦਾ ਕੋਈ ਵੀ ਜ਼ਿਕਰ ਕੇ.ਐੱਮ. ਮੁਨਸ਼ੀ ਜੀ ਦੇ ਯੋਗਦਾਨਾਂ ਨੂੰ ਯਾਦ ਕੀਤੇ ਬਗੈਰ ਅਧੂਰਾ ਹੈ। ਉਨ੍ਹਾਂ ਨੇ ਉਸ ਸਮੇਂ ਸਰਦਾਰ ਪਟੇਲ ਦਾ ਪ੍ਰਭਾਵਸ਼ਾਲੀ ਤੌਰ 'ਤੇ ਸਮਰਥਨ ਕੀਤਾ ਸੀ। ਸੋਮਨਾਥ 'ਤੇ ਉਨ੍ਹਾਂ ਦਾ ਕੰਮ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਪੁਸਤਕ 'ਸੋਮਨਾਥ ਦਿ ਸ਼੍ਰਾਇਨ ਇਟਰਨਲ', ਜ਼ਰੂਰ ਪੜ੍ਹੀ ਜਾਣੀ ਚਾਹੀਦੀ ਹੈ।

ਜਿਵੇਂ ਕੇ ਮੁਨਸ਼ੀ ਜੀ ਦੀ ਪੁਸਤਕ ਦੇ ਟਾਈਟਲ ਤੋਂ ਸਪਸ਼ਟ ਹੁੰਦਾ ਹੈ, ਅਸੀਂ ਇੱਕ ਅਜਿਹੀ ਸੱਭਿਅਤਾ ਹਾਂ ਜੋ ਆਤਮਾ ਅਤੇ ਵਿਚਾਰਾਂ ਦੀ ਅਮਰਤਾ ਵਿੱਚ ਅਟੁੱਟ ਵਿਸ਼ਵਾਸ ਰੱਖਦੀ ਹੈ। ਅਸੀਂ ਵਿਸ਼ਵਾਸ ਕਰਦੇ ਹਾਂ - "ਨੈਨਂ ਛਨਦਨਨ ਸ਼ਸ੍ਤਗਾਛ" ਸ਼ਸ੍ਤਗਾਨਣ ਨੈਨਂ ਦਹਨਤ ਧਾਵਕਃ । ਸੋਮਨਾਥ ਦਾ ਭੌਤਿਕ ਢਾਂਚਾ ਨਸ਼ਟ ਹੋ ਗਿਆ ਪਰ ਉਸ ਦੀ ਚੇਤਨਾ ਅਮਰ ਰਹੀ।

ਇਨ੍ਹਾਂ ਹੀ ਵਿਚਾਰਾਂ ਨੇ ਸਾਨੂੰ ਹਰ ਕਾਲਖੰਡ ਵਿੱਚ, ਹਰ ਸਥਿਤੀ ਵਿੱਚ ਫਿਰ ਤੋਂ ਉੱਠ ਕੇ ਖੜ੍ਹੇ ਹੋਣ, ਮਜ਼ਬੂਤ ਬਣਨ ਅਤੇ ਅੱਗੇ ਵਧਣ ਦੀ ਸਮਰੱਥਾ ਦਿੱਤੀ ਹੈ। ਇਨ੍ਹਾਂ ਹੀ ਕਦਰਾਂ-ਕੀਮਤਾਂ ਅਤੇ ਸਾਡੇ ਲੋਕਾਂ ਦੇ ਸੰਕਲਪ ਦੀ ਵਜ੍ਹਾ ਨਾਲ ਅੱਜ ਭਾਰਤ 'ਤੇ ਦੁਨੀਆ ਦੀ ਨਜ਼ਰ ਹੈ। ਦੁਨੀਆ ਭਾਰਤ ਨੂੰ ਆਸ਼ਾ ਅਤੇ ਵਿਸ਼ਵਾਸ ਦੀ ਨਜ਼ਰ ਨਾਲ ਦੇਖ ਰਹੀ ਹੈ। ਉਹ ਸਾਡੇ ਇਨੋਵੇਟਿਵ ਨੌਜਵਾਨਾਂ ਵਿੱਚ ਨਿਵੇਸ਼ ਕਰਨਾ ਚਾਹੁੰਦੀ ਹੈ। ਸਾਡੀ ਕਲਾ, ਸਾਡਾ ਸੱਭਿਆਚਾਰ, ਸਾਡਾ ਸੰਗੀਤ ਅਤੇ ਸਾਡੇ ਕਈ ਪਰਵ ਅੱਜ ਆਲਮੀ ਪਛਾਣ ਬਣਾ ਰਹੇ ਹਨ। ਯੋਗ ਅਤੇ ਆਯੁਰਵੇਦ ਜਿਹੇ ਵਿਸ਼ੇ ਪੂਰੀ ਦੁਨੀਆ ਵਿੱਚ ਪ੍ਰਭਾਵ ਪਾ ਰਹੇ ਹਨ। ਇਹ ਸਵਸਥ ਜੀਵਨ ਨੂੰ ਹੁਲਾਰਾ ਦੇ ਰਹੇ ਹਨ। ਅੱਜ ਕਈ ਆਲਮੀ ਚੁਣੌਤੀਆਂ ਦੇ ਹੱਲ ਦੇ ਲਈ ਦੁਨੀਆ ਭਾਰਤ ਵੱਲ ਦੇਖ ਰਹੀ ਹੈ।

ਅਨਾਦਿ ਕਾਲ ਤੋਂ ਸੋਮਨਾਥ ਜੀਵਨ ਦੇ ਹਰ ਖੇਤਰ ਦੇ ਲੋਕਾਂ ਨੂੰ ਜੋੜਦਾ ਆਇਆ ਹੈ। ਸਦੀਆਂ ਪਹਿਲਾਂ ਜੈਨ ਪਰੰਪਰਾ ਦੇ ਮਾਣਯੋਗ ਮੁਨੀ ਕਲਿਕਾਲ ਸਰਵਗਯ ਹੇਮਚੰਦ੍ਰਾਚਾਰਯ ਇੱਥੇ ਆਏ ਸਨ ਅਤੇ ਕਿਹਾ ਜਾਂਦਾ ਹੈ ਕਿ ਪ੍ਰਾਰਥਨਾ ਤੋਂ ਬਾਅਦ ਉਨ੍ਹਾਂ ਨੇ ਕਿਹਾ, "ਮਕਬੀਜਾਙਰਜਨਨਾ ਰਾਗਾਦਾ ਕਯਸ੍ਯਗਾ ਯਸ਼ਯ।" ਅਰਥਾਤ, ਉਸ ਪਰਮ ਤੱਤ ਨੂੰ ਨਮਨ ਜਿਸ ਵਿੱਚ ਸੰਸਾਰਕ ਬੰਧਨਾਂ ਦੇ ਬੀਜ ਨਸ਼ਟ ਹੋ ਚੁੱਕੇ ਹਨ। ਜਿਸ ਵਿੱਚ ਰਾਗ ਅਤੇ ਸਾਰੇ ਵਿਕਾਰ ਸ਼ਾਂਤ ਹੋ ਗਏ ਹਨ।

ਅੱਜ ਵੀ ਦਾਦਾ ਸੋਮਨਾਥ ਦੇ ਦਰਸ਼ਨ ਨਾਲ ਅਜਿਹਾ ਹੀ ਅਹਿਸਾਸ ਹੁੰਦਾ ਹੈ। ਮਨ ਵਿੱਚ ਇੱਕ ਠਹਿਰਾਅ ਆ ਜਾਂਦਾ ਹੈ, ਆਤਮਾ ਨੂੰ ਅੰਦਰ ਤੱਕ ਕੁਝ ਛੂੰਹਦਾ ਹੈ, ਜੋ ਅਲੌਕਿਕ ਹੈ, ਅਵਿਅਕਤ ਹੈ।

1026 ਦੇ ਪਹਿਲੇ ਹਮਲੇ ਦੇ ਇੱਕ ਹਜ਼ਾਰ ਵਰ੍ਹਿਆਂ ਬਾਅਦ 2026 ਵਿੱਚ ਵੀ ਸੋਮਨਾਥ ਦਾ ਸਮੁੰਦਰ ਉਸੇ ਤੀਬਰਤਾ ਨਾਲ ਗਰਜਨਾ ਕਰਦਾ ਹੈ ਅਤੇ ਤਟ ਨੂੰ ਛੂੰਹਦੀਆਂ ਲਹਿਰਾਂ ਉਸ ਦੀ ਪੂਰੀ ਗਾਥਾ ਸੁਣਾਉਂਦੀਆਂ ਹਨ। ਉਨ੍ਹਾਂ ਲਹਿਰਾਂ ਦੀ ਤਰ੍ਹਾਂ ਸੋਮਨਾਥ ਵਾਰ-ਵਾਰ ਉੱਠਦਾ ਰਿਹਾ ਹੈ।

ਅਤੀਤ ਦੇ ਹਮਲਾਵਰ ਅੱਜ ਸਮੇਂ ਦੀ ਧੂੜ ਬਣ ਚੁੱਕੇ ਹਨ। ਉਨ੍ਹਾਂ ਦਾ ਨਾਮ ਹੁਣ ਵਿਨਾਸ਼ ਦੇ ਪ੍ਰਤੀਕ ਦੇ ਤੌਰ 'ਤੇ ਲਿਆ ਜਾਂਦਾ ਹੈ। ਇਤਿਹਾਸ ਦੇ ਪੰਨਿਆਂ ਵਿੱਚ ਉਹ ਸਿਰਫ਼ ਫੁੱਟ ਨੋਟ ਹਨ, ਜਦਕਿ ਸੋਮਨਾਥ ਅੱਜ ਵੀ ਆਪਣੀ ਆਸ਼ਾ ਬਿਖੇਰਦਾ ਹੋਇਆ ਪ੍ਰਕਾਸ਼ਮਾਨ ਖੜ੍ਹਾ ਹੈ। ਸੋਮਨਾਥ ਸਾਨੂੰ ਇਹ ਦੱਸਦਾ ਹੈ ਕਿ ਨਫ਼ਰਤ ਅਤੇ ਕੱਟੜਤਾ ਵਿੱਚ ਵਿਨਾਸ਼ ਦੀ ਵਿਗੜੀ ਹੋਈ ਸ਼ਕਤੀ ਹੋ ਸਕਦੀ ਹੈ, ਪਰ ਆਸਥਾ ਵਿੱਚ ਸਿਰਜਣਾ ਦੀ ਸ਼ਕਤੀ ਹੁੰਦੀ ਹੈ। ਕਰੋੜਾਂ ਸ਼ਰਧਾਲੂਆਂ ਦੇ ਲਈ ਸੋਮਨਾਥ ਅੱਜ ਵੀ ਆਸ਼ਾ ਦਾ ਅਨੰਤ ਨਾਦ ਹੈ। ਇਹ ਵਿਸ਼ਵਾਸ ਦਾ ਉਹ ਸੁਰ ਹੈ, ਜੋ ਟੁੱਟਣ ਦੇ ਬਾਅਦ ਵੀ ਉੱਠਣ ਦੀ ਪ੍ਰੇਰਣਾ ਦਿੰਦਾ ਹੈ।

ਜੇਕਰ ਹਜ਼ਾਰ ਵਰ੍ਹੇ ਪਹਿਲਾਂ ਖੰਡਿਤ ਹੋਇਆ ਸੋਮਨਾਥ ਮੰਦਿਰ ਆਪਣੀ ਪੂਰੀ ਸ਼ਾਨ ਦੇ ਨਾਲ ਫਿਰ ਤੋਂ ਖੜ੍ਹਾ ਹੋ ਸਕਦਾ ਹੈ, ਤਾਂ ਅਸੀਂ ਹਜ਼ਾਰ ਵਰ੍ਹਿਆਂ ਪਹਿਲਾਂ ਦਾ ਖੁਸ਼ਹਾਲ ਭਾਰਤ ਵੀ ਬਣਾ ਸਕਦੇ ਹਾਂ। ਆਓ, ਇਸੇ ਪ੍ਰੇਰਣਾ ਦੇ ਨਾਲ ਅਸੀਂ ਅੱਗੇ ਵਧਦੇ ਹਾਂ। ਇੱਕ ਨਵੇਂ ਸੰਕਲਪ ਦੇ ਨਾਲ, ਇੱਕ ਵਿਕਸਿਤ ਭਾਰਤ ਦੇ ਨਿਰਮਾਣ ਦੇ ਲਈ। ਇੱਕ ਅਜਿਹਾ ਭਾਰਤ, ਜਿਸ ਦਾ ਸੱਭਿਅਤਾਗਤ ਗਿਆਨ ਸਾਨੂੰ ਵਿਸ਼ਵ ਭਲਾਈ ਦੇ ਲਈ ਯਤਨ ਕਰਦੇ ਰਹਿਣ ਦੀ ਪ੍ਰੇਰਣਾ ਦਿੰਦਾ ਹੈ।

ਜੈ ਸੋਮਨਾਥ ! ■

ਅਖੰਡ ਸੋਮਨਾਥ ਸਮ੍ਰਿੱਧ ਵਿਰਾਸਤ

ਸੋਮਨਾਥ ਸਿਰਫ਼ ਇੱਕ ਪਵਿੱਤਰ ਤੀਰਥ ਸਥਾਨ ਹੀ ਨਹੀਂ, ਸਗੋਂ ਭਾਰਤ ਦੀ ਸੱਭਿਅਤਾਗਤ ਨਿਰੰਤਰਤਾ ਦਾ ਪ੍ਰਕਾਸ਼ ਥੰਮ੍ਹ ਹੈ, ਜੋ ਆਪਣੀ ਆਸਥਾ, ਅਟੁੱਟ ਜੀਵੰਤਤਾ ਅਤੇ ਏਕਤਾ ਦੇ ਸੁਨੇਹੇ ਨਾਲ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਆ ਰਿਹਾ ਹੈ। ਗੁਜਰਾਤ ਵਿੱਚ 11 ਜਨਵਰੀ ਨੂੰ ਸੋਮਨਾਥ ਸਵਾਭਿਮਾਨ ਪਰਵ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇੱਕ ਹਜ਼ਾਰ ਵਰ੍ਹੇ ਬਾਅਦ ਵੀ ਸੋਮਨਾਥ ਮੰਦਿਰ 'ਤੇ ਝੰਡਾ ਲਹਿਰਾ ਰਿਹਾ ਹੈ ਜੋ ਕਿ ਦੁਨੀਆ ਨੂੰ ਭਾਰਤ ਦੀ ਤਾਕਤ ਅਤੇ ਭਾਵਨਾ ਦੀ ਦਿਵਾਉਂਦਾ ਹੈ ਯਾਦ ...

ਗਜਨੀ ਤੋਂ ਲੈ ਕੇ ਔਰੰਗਜ਼ੇਬ ਤੱਕ ਜਦੋਂ ਸਾਰੇ ਹਮਲਾਵਰ ਸੋਮਨਾਥ 'ਤੇ ਹਮਲਾ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਉਨ੍ਹਾਂ ਦੀ ਤਲਵਾਰ ਸਨਾਤਨ ਸੋਮਨਾਥ ਨੂੰ ਜਿੱਤ ਰਹੀ ਹੈ। ਉਹ ਸਮਝ ਨਹੀਂ ਸਕੇ ਕਿ ਜਿਸ ਸੋਮਨਾਥ ਨੂੰ ਉਹ ਨਸ਼ਟ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਨਾਮ ਵਿੱਚ ਹੀ ਸੋਮ ਅਰਥਾਤ ਅੰਮ੍ਰਿਤ ਜੁੜਿਆ ਹੋਇਆ ਹੈ। ਉਸ ਵਿੱਚ ਹਲਾਹਲ ਨੂੰ ਪੀ ਕੇ ਵੀ ਅਮਰ ਰਹਿਣ ਦਾ ਵਿਚਾਰ ਜੁੜਿਆ ਹੈ। ਉਸ ਦੇ ਅੰਦਰ ਸਦਾਸ਼ਿਵ ਮਹਾਦੇਵ ਦੇ ਰੂਪ ਵਿੱਚ ਉਹ ਚੈਤੰਨ ਸ਼ਕਤੀ ਮੌਜੂਦ ਹੈ ਜੋ ਕਲਿਆਣਕਾਰੀ ਵੀ ਹੈ ਅਤੇ ਸ਼ਕਤੀ ਦਾ ਸਰੋਤ ਵੀ। ਗੁਜਰਾਤ ਵਿੱਚ ਸੋਮਨਾਥ ਸਵਾਭਿਮਾਨ ਪਰਵ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਸਮੇਂ ਦਾ ਚੱਕਰ ਹੈ ਕਿ ਸੋਮਨਾਥ ਨੂੰ ਤਹਿਸ ਨਹਿਸ ਕਰਨ ਦੀ ਇੱਛਾ ਲੈ ਕੇ ਆਏ ਹਮਲਾਵਰ ਅੱਜ ਇਤਿਹਾਸ ਦੇ ਕੁਝ ਪੰਨਿਆਂ ਵਿੱਚ ਸਿਮਟ ਕੇ ਰਹਿ ਗਏ ਹਨ। ਅਤੇ ਸੋਮਨਾਥ ਮੰਦਿਰ ਉਸੇ ਵਿਸ਼ਾਲ ਸਮੁੰਦਰ ਦੇ ਕਿਨਾਰੇ ਅਸਮਾਨ ਨੂੰ ਛੂੰਹਦੀ ਧਰਮ-ਧਵਜਾ ਨੂੰ ਫੜ੍ਹ ਕੇ ਖੜ੍ਹਾ ਹੈ। ਸੋਮਨਾਥ ਦਾ ਇਹ ਸ਼ਿਖਰ ਮੰਨੋ ਇਹ ਨਾਅਰਾ ਲਗਾ ਰਿਹਾ ਹੋਵੇ- ਚਨਦਸ਼ੇਖਰਸ ਆਸ਼ਯੇ ਸਸ ਛਂ ਰਰਥਯਛ ਕੈਯਸ! ਅਰਥਾਤ, ਮੈਂ ਚੰਦਰਸ਼ੇਖਰ ਸ਼ਿਵ ਦੇ ਸਹਾਰੇ ਹਾਂ, ਕਾਲ ਵੀ ਮੇਰਾ ਕੀ ਕਰ ਲਵੇਗਾ!

ਅੱਜ ਦਾ ਭਾਰਤ ਵਿਰਾਸਤ ਤੋਂ ਵਿਕਾਸ ਦੀ ਪ੍ਰੇਰਣਾ ਲੈ ਕੇ ਅੱਗੇ ਵਧ ਰਿਹਾ ਹੈ। ਸੋਮਨਾਥ ਵਿੱਚ ਵਿਕਾਸ ਵੀ ਵਿਰਾਸਤ ਵੀ ਇਹ ਭਾਵਨਾ ਨਿਰੰਤਰ



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸੋਮਨਾਥ ਮੰਦਿਰ ਦ੍ਰਿੜ੍ਹਤਾ, ਆਸਥਾ ਅਤੇ ਰਾਸ਼ਟਰੀ ਗੌਰਵ ਦਾ ਇੱਕ ਮਜ਼ਬੂਤ ਪ੍ਰਤੀਕ

- ਸੋਮਨਾਥ ਸਵਾਭਿਮਾਨ ਪਰਵ 8 ਤੋਂ 11 ਜਨਵਰੀ ਤੱਕ ਸੋਮਨਾਥ ਵਿੱਚ ਆਯੋਜਿਤ ਕੀਤਾ ਗਿਆ।
- ਇਹ ਪਰਵ ਭਾਰਤ ਦੇ ਉਨ੍ਹਾਂ ਅਣਗਿਣਤ ਨਾਗਰਿਕਾਂ ਦੀ ਯਾਦ ਵਿੱਚ ਮਨਾਇਆ ਗਿਆ, ਜਿਨ੍ਹਾਂ ਨੇ ਮੰਦਿਰ ਦੀ ਰੱਖਿਆ ਦੇ ਲਈ ਬਲੀਦਾਨ ਦਿੱਤਾ ਅਤੇ ਜੋ ਆਉਣ ਵਾਲੀਆਂ ਪੀੜ੍ਹੀਆਂ ਦੀ ਸੱਭਿਆਚਾਰਕ ਚੇਤਨਾ ਨੂੰ ਪ੍ਰੇਰਿਤ ਕਰਦੇ ਰਹਿਣਗੇ।
- ਇਹ ਪ੍ਰੋਗਰਾਮ 1026 ਈਸਵੀ ਵਿੱਚ ਮਹਿਮੂਦ ਗਜਨੀ ਦੁਆਰਾ ਸੋਮਨਾਥ ਮੰਦਿਰ 'ਤੇ ਕੀਤੇ ਗਏ ਹਮਲੇ ਦੀ 1000ਵੀਂ ਵਰ੍ਹੇਗੰਢ ਦੀ ਯਾਦ ਵਿੱਚ ਮਨਾਇਆ ਗਿਆ।
- ਸਦੀਆਂ ਤੋਂ ਇਸ ਨੂੰ ਨਸ਼ਟ ਕਰਨ ਦੇ ਕਈ ਯਤਨਾਂ ਦੇ ਬਾਵਜੂਦ, ਸੋਮਨਾਥ ਮੰਦਿਰ ਅੱਜ ਵੀ ਦ੍ਰਿੜ੍ਹਤਾ, ਆਸਥਾ ਅਤੇ ਰਾਸ਼ਟਰੀ ਗੌਰਵ ਦਾ ਇੱਕ ਸਸ਼ਕਤ ਪ੍ਰਤੀਕ ਹੈ। ਇਹ ਪ੍ਰਾਚੀਨ ਵੈਭਵ ਵਿੱਚ ਮੁੜ- ਸਥਾਪਿਤ ਕਰਨ ਦੇ ਸਮੂਹਿਕ ਸੰਕਲਪ ਅਤੇ ਯਤਨਾਂ ਦਾ ਨਤੀਜਾ ਹੈ।
- ਸੁਤੰਤਰਤਾ ਤੋਂ ਬਾਅਦ, ਸਰਦਾਰ ਵੱਲਭ ਭਾਈ ਪਟੇਲ ਨੇ ਮੰਦਿਰ ਦੀ ਮੁੜ ਸੁਰਜੀਤੀ ਦਾ ਯਤਨ ਕੀਤਾ।
- ਇਸ ਮੁੜ ਸੁਰਜੀਤੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ 1951 ਵਿੱਚ ਹਾਸਲ ਹੋਈ, ਜਦੋਂ ਮੁੜ- ਸੁਰਜੀਤੀ ਕੀਤੇ ਗਏ ਸੋਮਨਾਥ ਮੰਦਿਰ ਨੂੰ ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੀ ਮੌਜੂਦਗੀ ਵਿੱਚ ਭਗਤਾਂ ਦੇ ਲਈ ਰਸਮੀ ਤੌਰ 'ਤੇ ਖੋਲ੍ਹਿਆ ਗਿਆ।
- 2026 ਵਿੱਚ ਇਸ ਇਤਿਹਾਸਕ ਮੁੜ ਸੁਰਜੀਤ ਦੇ 75 ਵਰ੍ਹੇ ਪੂਰੇ ਹੋਣ ਨਾਲ ਸੋਮਨਾਥ ਸਵਾਭਿਮਾਨ ਪਰਵ ਦਾ ਮਹੱਤਵ ਹੋਰ ਵਧ ਗਿਆ ਹੈ।
- ਸਮਾਰੋਹ ਵਿੱਚ ਦੇਸ਼ ਭਰ ਤੋਂ ਸੈਂਕੜੇ ਸੰਤਾਂ ਨੇ ਹਿੱਸਾ ਲਿਆ ਅਤੇ ਮੰਦਰ ਕੰਪਲੈਕਸ ਵਿੱਚ 72 ਘੰਟਿਆਂ ਤੱਕ ਨਿਰੰਤਰ 'ਓਮ' ਦਾ ਜਾਪ ਕੀਤਾ ਗਿਆ।
- ਸੋਮਨਾਥ ਸਵਾਭਿਮਾਨ ਪਰਵ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਮੌਜੂਦ ਰਹੇ ਜੋ ਭਾਰਤ ਦੀ ਸੱਭਿਅਤਾ ਦੀ ਅਟੁੱਟ ਭਾਵਨਾ, ਸਮ੍ਰਿੱਧ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦੀ ਸੰਭਾਲ ਕਰਨ ਅਤੇ ਉਤਸਵ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਪ੍ਰਗਟ ਕਰਦੀ ਹੈ।



ਇੱਕ ਹਜ਼ਾਰ ਵਰ੍ਹੇ ਬਾਅਦ ਵੀ ਸੋਮਨਾਥ ਮੰਦਿਰ 'ਤੇ ਲਹਿਰਾ ਰਿਹਾ ਹੈ ਧਵਜ

- ਸੰਨ 1026 ਵਿੱਚ ਸਭ ਤੋਂ ਪਹਿਲਾਂ ਗਜਨੀ ਨੇ ਸੋਮਨਾਥ ਮੰਦਿਰ ਨੂੰ ਤੋੜਿਆ। ਉਸ ਨੂੰ ਲੱਗਿਆ ਉਸ ਨੇ ਸੋਮਨਾਥ ਦਾ ਵਜੂਦ ਮਿਟਾ ਦਿੱਤਾ ਪਰ, ਕੁਝ ਵਰ੍ਹਿਆਂ ਦੇ ਅੰਦਰ ਹੀ ਸੋਮਨਾਥ ਦਾ ਮੁੜ ਨਿਰਮਾਣ ਹੋ ਗਿਆ।
- 13ਵੀਂ ਸਦੀ ਦੇ ਅੰਤ ਵਿੱਚ ਅਲਾਉਦੀਨ ਖਿਲਜੀ ਨੇ ਸੋਮਨਾਥ 'ਤੇ ਫਿਰ ਹਮਲਾ ਕਰ ਦਿੱਤਾ। ਚੌਦ੍ਹਵੀਂ ਸਦੀ ਦੀ ਸ਼ੁਰੂਆਤ ਵਿੱਚ ਜੂਨਾਗੜ੍ਹ ਦੇ ਰਾਜਾ ਨੇ ਫਿਰ ਤੋਂ ਸੋਮਨਾਥ ਦੀ ਪ੍ਰਤਿਸ਼ਠਾ ਸੰਪੰਨ ਕਰ ਦਿੱਤੀ।
- ਚੌਦ੍ਹਵੀਂ ਸਦੀ ਦੇ ਆਖਰੀ ਵਰ੍ਹਿਆਂ ਵਿੱਚ ਮੁਜ਼ੱਫਰ ਖਾਨ ਨੇ ਸੋਮਨਾਥ 'ਤੇ ਫਿਰ ਹਮਲਾ ਕੀਤਾ, ਉਹ ਹਮਲਾ ਵੀ ਨਾਕਾਮ ਰਿਹਾ।
- ਪੰਦ੍ਰਵੀਂ ਸਦੀ ਵਿੱਚ ਸੁਲਤਾਨ ਅਹਿਮਦ ਸ਼ਾਹ ਨੇ ਸੋਮਨਾਥ ਮੰਦਿਰ ਨੂੰ ਦੂਸ਼ਿਤ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਸਦੀ ਵਿੱਚ ਉਸ ਦੇ ਜਹਾਜ਼ੇ ਸੁਲਤਾਨ ਮਹਿਮੂਦ ਬੇਗੜ੍ਹਾ ਨੇ ਸੋਮਨਾਥ 'ਤੇ ਹਮਲਾ ਕਰਕੇ ਮੰਦਿਰ ਨੂੰ ਮਸਜਿਦ ਬਣਾਉਣ ਦੀ ਕੋਸ਼ਿਸ਼ ਕੀਤੀ। ਲੇਕਿਨ ਮਹਾਦੇਵ ਦੇ ਭਗਤਾਂ ਦੇ ਯਤਨਾਂ ਨਾਲ ਮੰਦਿਰ ਮੁੜ ਤੋਂ ਜੀਵੰਤ ਹੋ ਗਿਆ।
- ਸਤਾਰ੍ਹਵੀਂ –ਅਠਾਰ੍ਹਵੀਂ ਸਦੀ ਵਿੱਚ ਔਰੰਗਜ਼ੇਬ ਦਾ ਦੌਰ ਆਇਆ। ਉਸ ਨੇ ਸੋਮਨਾਥ ਮੰਦਿਰ ਨੂੰ ਅਪਵਿੱਤਰ ਕੀਤਾ, ਸੋਮਨਾਥ ਨੂੰ ਫਿਰ ਮਸਜਿਦ ਬਣਾਉਣ ਦੀ ਕੋਸ਼ਿਸ਼ ਕੀਤੀ। ਅਹਿਲਿਆਬਾਈ ਹੋਲਕਰ ਨੇ ਨਵੇਂ ਮੰਦਿਰ ਦੀ ਸਥਾਪਨਾ ਕਰਕੇ ਸੋਮਨਾਥ ਨੂੰ ਇੱਕ ਵਾਰ ਫਿਰ ਤੋਂ ਸਾਕਾਰ ਕਰ ਦਿੱਤਾ।

> ਜਦੋਂ ਅਸੀਂ ਆਸਥਾ ਨਾਲ ਜੁੜੇ ਰਹਿੰਦੇ ਹਾਂ, ਜੜ੍ਹਾਂ ਨਾਲ ਜੁੜੇ ਰਹਿੰਦੇ ਹਾਂ, ਪੂਰੇ ਸਵਾਭਿਮਾਨ ਦੇ ਨਾਲ ਵਿਰਾਸਤ ਦੀ ਸੰਭਾਲ ਕਰਦੇ ਹਨ, ਵਿਰਾਸਤ ਦੇ ਪ੍ਰਤੀ ਸੁਚੇਤ ਰਹਿੰਦੇ ਹਨ ਤਾਂ ਸਾਡੀ ਸੱਭਿਅਤਾ ਦੀਆਂ ਜੜ੍ਹਾਂ ਵੀ ਮਜ਼ਬੂਤ ਹੁੰਦੀਆਂ ਹਨ। ਇਸ ਲਈ, ਪਿਛਲੇ ਇੱਕ ਹਜ਼ਾਰ ਵਰ੍ਹਿਆਂ ਦੀ ਯਾਤਰਾ ਸਾਨੂੰ ਅਗਲੇ ਇੱਕ ਹਜ਼ਾਰ ਵਰ੍ਹਿਆਂ ਦੇ ਲਈ ਤਿਆਰ ਰਹਿਣ ਦੀ ਪ੍ਰੇਰਨਾ ਦਿੰਦੀ ਹੈ।
>
> **- ਨਰੇਂਦਰ ਮੋਦੀ , ਪ੍ਰਧਾਨ ਮੰਤਰੀ**

ਸਾਕਾਰ ਹੋ ਰਹੀ ਹੈ। ਅੱਜ ਇੱਕ ਪਾਸੇ, ਸੋਮਨਾਥ ਮੰਦਿਰ ਦਾ ਸੱਭਿਆਚਾਰਕ ਵਿਸਤਾਰ, ਸੋਮਨਾਥ ਸੰਸਕ੍ਰਿਤ ਯੂਨੀਵਰਸਿਟੀ ਦੀ ਸਥਾਪਨਾ ਮਾਧਵਪੁਰ ਮੇਲੇ ਦੀ ਪ੍ਰਸਿੱਧੀ ਅਤੇ ਉਸ ਦੇ ਰੰਗ ਨਾਲ ਵਿਰਾਸਤ ਮਜ਼ਬੂਤ ਹੋ ਰਹੀ ਹੈ, ਗਿਰ ਸ਼ੇਰ ਦੀ ਸੰਭਾਲ ਨਾਲ ਇਸ ਖੇਤਰ ਦਾ ਕੁਦਰਤੀ ਆਕਰਸ਼ਣ ਵਧ ਰਿਹਾ ਹੈ, ਤਾਂ ਉੱਥੇ ਹੀ ਪ੍ਰਭਾਸ ਪਾਟਨ ਖੇਤਰ ਵਿਕਾਸ ਦੇ ਨਵੇਂ ਆਯਾਮ ਵੀ ਘੜ੍ਹੇ ਜਾ ਰਹੇ ਹਨ।

ਕੇਸ਼ੋਦ ਏਅਰਪੋਰਟ ਦਾ ਵਿਸਤਾਰ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਨਾਲ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਸਿੱਧਾ ਸੋਮਨਾਥ ਤੱਕ ਪਹੁੰਚ ਸਕਣਗੇ। ਅੱਜ ਦਾ ਭਾਰਤ ਆਸਥਾ ਨੂੰ ਯਾਦ ਕਰਨ ਦੇ ਨਾਲ ਹੀ ਇਨਫ੍ਰਾਕਸਟ੍ਰਕਚਰ, ਕਨੈਕਵਿਟੀ ਅਤੇ ਤਕਨਾਲੋਜੀ ਦੇ ਜ਼ਰੀਏ ਉਸ ਨੂੰ ਭਵਿੱਖ ਦੇ ਲਈ ਮਜ਼ਬੂਤ ਵੀ ਕਰ ਰਿਹਾ ਹੈ। ■



ਖੁਸ਼ਹਾਲ ਕਿਸਾਨ ਉੱਨਤ ਭਾਰਤ

ਆਤਮਨਿਰਭਰ ਖੇਤੀਬਾੜੀ, ਆਤਮਨਿਰਭਰ ਭਾਰਤ ਦਾ ਮੂਲ ਅਧਾਰ ਹੈ। ਕਿਸਾਨਾਂ ਨੂੰ ਲਾਗਤ ਤੋਂ ਡੇਢ ਗੁਣਾ ਕੀਮਤ ਦਿਵਾਉਣ ਦੇ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਵਧਾਉਣਾ ਹੋਵੇ ਜਾਂ ਫਿਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਹੋਵੇ ਜਾਂ ਫਿਰ 1 ਫਰਵਰੀ 2019 ਨੂੰ ਪੇਸ਼ ਆਮ ਬਜਟ ਵਿੱਚ ਪੀਐੱਮ ਕਿਸਾਨ ਸਨਮਾਨ ਨਿਧੀ ਤੋਂ ਆਰਥਿਕ ਤੌਰ 'ਤੇ ਸਸ਼ਕਤ-ਸਮ੍ਰਿੱਧ ਬਣਾਉਣ ਦੀ ਪਹਿਲ, ਇਹ ਵਾਅਦਾ ਨਹੀਂ, ਬੀਜ ਤੋਂ ਬਜ਼ਾਰ ਤੱਕ ਸਰਕਾਰ ਦੇ ਲਈ ਦੇਸ਼ ਦੇ ਅੰਨਦਾਤਾ ਕਿਸਾਨਾਂ ਦਾ ਹਿਤ ਸਰਵਉੱਚ ਸੰਕਲਪ ਬਣ ਗਿਆ ਹੈ। ਸਮਗ੍ਰਤਾ ਵਿੱਚ ਕਿਸਾਨਾਂ ਨੂੰ ਮਜ਼ਬੂਤ ਬਣਾਉਣ ਦੇ ਲਈ ਬਿਜਾਈ ਤੋਂ ਪਹਿਲਾਂ, ਬਿਜਾਈ ਦੌਰਾਨ ਅਤੇ ਬਿਜਾਈ ਦੇ ਬਾਅਦ ਦੇ ਸਾਰੇ ਪੜਾਵਾਂ ਵਿੱਚ ਪਹਿਲ, ਨੀਤੀ ਅਤੇ ਯੋਜਨਾਵਾਂ ਨਾਲ ਇਨ੍ਹਾਂ ਨੂੰ ਸਸ਼ਕਤ ਕੀਤਾ ਜਾ ਰਿਹਾ ਹੈ। ਵਿਕਸਿਤ ਭਾਰਤ ਦੀ ਯਾਤਰਾ ਦੇ ਮਹੱਤਵਪੂਰਨ ਅਧਾਰ ਬਣੇ ਕਿਸਾਨਾਂ ਦੇ ਲਈ ਹੋ ਚੁੱਕੀ ਹੈ ਨਵੇਂ ਯੁੱਗ ਦੀ ਸ਼ੁਰੂਆਤ...



'सुवर्ण-रौप्य-माणिक्य-वसनैरपि पूरिताः।
तथापि प्रार्थयन्त्येव किसानान् भक्ततृष्णया।।'

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਲ ਹੀ ਵਿੱਚ ਸੰਸਕ੍ਰਿਤ ਕਹਾਵਤ ਸਾਂਝੀ ਕੀਤੀ ਜਿਸ ਦਾ ਅਰਥ ਹੈ ਕਿ ਸੋਨਾ, ਚਾਂਦੀ, ਰਤਨ ਅਤੇ ਵਧੀਆ ਕੱਪੜੇ ਹੋਣ ਦੇ ਬਾਵਜੂਦ ਲੋਕਾਂ ਨੂੰ ਭੋਜਨ ਦੇ ਲਈ ਕਿਸਾਨਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ।

कृषिर्धन्या कृषिर्मेध्या जन्तूनां जीवनं कृषिः

ਇਹ ਸ਼ਲੋਕ ਖੇਤੀਬਾੜੀ ਦੇ ਮਹੱਤਵ ਨੂੰ ਦਰਸਾਉਂਦਾ ਹੈ। ਇਸ ਦਾ ਅਰਥ ਹੈ ਕਿ ਖੇਤੀਬਾੜੀ ਧੰਨ ਹੈ, ਖੇਤੀਬਾੜੀ ਪਵਿੱਤਰ ਹੈ ਅਤੇ ਖੇਤੀਬਾੜੀ ਹੀ ਪ੍ਰਾਣੀਆਂ ਦਾ ਜੀਵਨ ਹੈ। ਇਹ ਸ਼ਲੋਕ ਦੱਸਦਾ ਹੈ ਕਿ ਖੇਤੀਬਾੜੀ ਨਾ ਸਿਰਫ ਮਨੁੱਖਾਂ ਦੇ ਲਈ ਸਗੋਂ ਸਾਰੇ ਜੀਵਤ ਪ੍ਰਾਣੀਆਂ ਦੇ ਲਈ ਵੀ ਜ਼ਰੂਰੀ ਹੈ।

जय जवान, जय किसान

ਕਿਸਾਨ ਰਾਸ਼ਟਰ ਦਾ ਮੌਨ ਯੋਧਾ ਹੁੰਦਾ ਹੈ। ਯਾਨੀ ਯੁੱਧ ਦੇ ਮੈਦਾਨ ਵਿੱਚ ਦਿਖਾਈ ਦੇਣ ਵਾਲਾ ਜਵਾਨ ਜਿੰਨਾ ਮਹੱਤਵਪੂਰਨ ਹੈ, ਓਨਾ ਹੀ ਮਹੱਤਵਪੂਰਨ ਉਹ ਕਿਸਾਨ ਹੈ ਜੋ ਖੇਤਾਂ ਵਿੱਚ ਪਸੀਨਾ ਵਹਾਉਂਦਾ ਹੈ ਅਤੇ ਭੋਜਨ ਮੁਹੱਈਆ ਕਰਵਾਉਂਦਾ ਹੈ। ਜੇਕਰ ਕਿਸਾਨ ਅੰਨ ਨਾ ਉਗਾਵੇ ਤਾਂ ਸੈਨਿਕਾਂ ਦੀ ਬਹਾਦਰੀ ਵਿਅਰਥ ਹੋ ਜਾਵੇਗੀ। ਯੁੱਧ ਦੇ ਸਮੇਂ ਕਿਸਾਨ ਦੀ ਭੂਮਿਕਾ ਹੋਰ ਵਧ ਜਾਂਦੀ ਹੈ ਕਿਉਂਕਿ ਉਸੇ ਵੱਲੋਂ ਪਹੁੰਚਾਇਆ ਗਿਆ ਭੋਜਨ ਸੈਨਿਕਾਂ ਦਾ ਮਨੋਬਲ, ਸ਼ਕਤੀ, ਬਹਾਦਰੀ ਬਣਾਈ ਰੱਖਦਾ ਹੈ।

आरती लिए तू किसे ढूंढता है मूरख,
मंदिरों, राजप्रासादों में, तहखानों में?
देवता कहीं सड़कों पर गिट्टी तोड़ रहे,
देवता मिलेंगे खेतों में, खलिहानों में।

- रामधारी सिंह दिनकर

ਸਰਦਾਰ ਵੱਲਭਭਾਈ ਪਟੇਲ ਨੇ ਕਿਹਾ ਸੀ, *'इस धरती पर अगर किसी को सीना तानकर चलने का हक है तो वह धन-धान्य पैदा करने वाले किसान को है।'*

ਇਹ ਕਹਾਵਤ, ਸ਼ਲੋਕ, ਕਵਿਤਾ ਦਰਸਾਉਂਦੇ ਹਨ ਕਿ ਖੇਤੀਬਾੜੀ ਅਤੇ ਕਿਸਾਨ ਇੱਕ ਰਾਸ਼ਟਰ ਦੇ ਲਈ ਕਿੰਨੇ ਮਹੱਤਵਪੂਰਨ ਹਨ। ਇਹ ਦਰਸਾਉਂਦੇ ਹਨ ਕਿ ਕਿਸਾਨ ਸਿਰਫ ਅੰਨਦਾਤਾ ਨਹੀਂ, ਸਗੋਂ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਹਨ ਜੋ ਸ਼ਾਂਤੀ ਅਤੇ ਯੁੱਧ ਦੋਵਾਂ ਦਾ ਅਧਾਰ ਹੈ। ਦੇਸ਼ ਸਿਰਫ ਤਲਵਾਰ ਨਾਲ ਨਹੀਂ, ਹੱਲ ਨਾਲ ਵੀ ਬਚਦਾ ਹੈ, ਜੋ ਖੇਤ ਵਿੱਚ ਅੰਨ ਉਗਾਉਂਦਾ ਹੈ, ਉਹ ਜੰਗ ਜਿੱਤਣ ਦੀ ਨੀਂਹ ਰੱਖਦਾ ਹੈ। ਸੈਨਿਕ ਅਤੇ ਕਿਸਾਨ ਦੋਵੇਂ ਰਾਸ਼ਟਰ ਦੇ ਰੱਖਿਅਕ ਹਨ। ਇਹੀ ਸੋਚ ਨਵੇਂ ਭਾਰਤ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਅਧਾਰ ਹਨ। ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਦੇਸ਼ ਦੇ ਅੰਨਦਾਤਾ ਕਿਸਾਨਾਂ ਦੀ ਵੱਡੀ ਭੂਮਿਕਾ ਹੈ। ਇਸ ਲਈ ਕੇਂਦਰ ਸਰਕਾਰ ਕਿਸਾਨਾਂ ਦੇ ਹਿਤਾਂ ਨੂੰ ਸਰਵਉੱਚ ਰੱਖਦੇ ਹੋਏ ਦਿਨ-ਰਾਤ ਕੰਮ ਕਰ ਰਹੀ ਹੈ। ਅੱਜ ਬੀਜ ਤੋਂ ਬਜ਼ਾਰ ਤੱਕ ਕੇਂਦਰ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ। ਖੇਤੀ ਅਤੇ ਕਿਸਾਨੀ ਹਮੇਸ਼ਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਦੀ ਵਿਕਾਸ ਯਾਤਰਾ ਦਾ ਇੱਕ ਪ੍ਰਮੁੱਖ ਹਿੱਸਾ ਰਹੀ ਹੈ। ਭਾਰਤ ਦਾ ਕਿਸਾਨ ਹੁਣ ਭਾਰਤ ਦੀ ਵਿਕਾਸ ਯਾਤਰਾ ਦਾ ਸਹਿਭਾਗੀ ਬਣ ਚੁੱਕਿਆ ਹੈ।

ਵਿਕਸਿਤ ਭਾਰਤ ਦੇ ਲਈ ਭਾਰਤ ਦੀ ਖੇਤੀਬਾੜੀ ਨੂੰ ਵੀ ਵਿਕਸਿਤ ਹੋਣਾ ਹੈ। ਇਸ ਦੇ ਲਈ ਜ਼ਰੂਰੀ ਵਿਸ਼ਿਆਂ 'ਤੇ ਕੇਂਦਰ ਸਰਕਾਰ ਦਾ ਲਗਾਤਾਰ ਫੋਕਸ ਹੈ। ਜਿਵੇਂ ਕਿਸਾਨ ਨੂੰ ਆਪਣੀ ਫਸਲ ਦੀ ਸਹੀ ਕੀਮਤ ਕਿਵੇਂ ਮਿਲੇ? ਖੇਤੀਬਾੜੀ ਨਾਲ ਜੁੜੀ ਅਰਥਵਿਵਸਥਾ ਕਿਵੇਂ ਮਜ਼ਬੂਤ ਹੋਵੇ? ਦੇਸ਼ ਦੀ ਜ਼ਰੂਰਤ ਦੇ ਅਨੁਸਾਰ ਕਿਹੋ ਜਿਹੀਆਂ ਫਸਲਾਂ ਪੈਦਾ ਹੋਣ? ਕਿਵੇਂ ਭਾਰਤ ਆਪਣੀ ਜ਼ਰੂਰਤ ਦੇ ਨਾਲ ਹੀ ਦੁਨੀਆ ਦੀ ਜ਼ਰੂਰਤ



ਆਰਥਿਕ ਸਸ਼ਕਤੀਕਰਣ

ਪੀਐੱਮ ਕਿਸਾਨ ਸਨਮਾਨ ਨਿਧੀ

4.09 ਲੱਖ ਕਰੋੜ ਰੁਪਏ

ਤੋਂ ਵੱਧ ਦੀ ਧਨਰਾਸ਼ੀ ਡੀਬੀਟੀ ਰਾਹੀਂ ਕਿਸਾਨਾਂ ਨੂੰ 21 ਕਿਸ਼ਤਾਂ ਵਿੱਚ ਦਿੱਤੀ ਜਾ ਚੁੱਕੀ ਹੈ।

- 9.34 ਕਰੋੜ ਤੋਂ ਵੱਧ ਲਾਭਾਰਥੀਆਂ ਨੂੰ ਪੀਐੱਮ ਕਿਸਾਨ ਯੋਜਨਾ ਦਾ ਲਾਭ ਮਿਲਿਆ ਹੈ ਜਿਨ੍ਹਾਂ ਦਾ ਈ-ਕੇਵਾਈਸੀ ਵੀ ਪੂਰਾ ਕੀਤਾ ਜਾ ਚੁੱਕਿਆ ਹੈ। ਹੁਣ ਦੇਸ਼ ਵਿੱਚ 42.85 ਲੱਖ ਕਿਸਾਨਾਂ ਦਾ ਈ-ਕੇਵਾਈਸੀ ਹੋਣਾ ਬਾਕੀ ਹੈ।
- ਪੀਐੱਮ ਕਿਸਾਨ ਦੇ ਤਹਿਤ ਖੇਤੀਬਾੜੀ ਯੋਗ ਜ਼ਮੀਨ ਵਾਲੇ ਕਿਸਾਨਾਂ ਦੇ ਲਈ ਇੱਕ ਆਮਦਨ ਸਹਾਇਤਾ ਯੋਜਨਾ ਹੈ। ਇਸ ਦੇ ਤਹਿਤ ਤਿੰਨ ਬਰਾਬਰ ਕਿਸ਼ਤਾਂ ਵਿੱਚ ਹਰ ਸਾਲ 6,000 ਰੁਪਏ ਦਿੱਤੇ ਜਾਂਦੇ ਹਨ।

ਅੰਤਰਰਾਸ਼ਟਰੀ ਖੁਰਾਕ ਨੀਤੀ ਖੋਜ ਸੰਸਥਾਨ ਦੀ ਖੋਜ ਦਾ ਸਿੱਟਾ ਦੱਸਦਾ ਹੈ ਪੀਐੱਮ ਕਿਸਾਨ ਨੇ ਕਿਸਾਨਾਂ ਦੀ ਲੋਨ ਸਬੰਧੀ ਰੁਕਾਵਟਾਂ ਨੂੰ ਘੱਟ ਕੀਤਾ ਹੈ। ਕਿਸਾਨਾਂ ਦੀ ਜੋਖਮ ਉਠਾਉਣ ਦੀ ਸਮਰੱਥਾ ਵਿੱਚ ਸੁਧਾਰ ਕੀਤਾ ਹੈ। ਖੇਤੀਬਾੜੀ ਜ਼ਰੂਰਤਾਂ ਦੇ ਇਲਾਵਾ ਇਸ ਰਾਸ਼ੀ ਦਾ ਉਪਯੋਗ ਸਿੱਖਿਆ, ਮੈਡੀਕਲ ਅਤੇ ਵਿਆਹ ਜਿਹੇ ਹੋਰ ਖਰਚਿਆਂ ਨੂੰ ਪੂਰਾ ਕਰਨ ਦੇ ਲਈ ਵੀ ਕੀਤਾ ਗਿਆ ਹੈ।

85 ਫੀਸਦੀ ਤੋਂ ਵੱਧ ਲਾਭਾਰਥੀ ਕਿਸਾਨਾਂ ਨੇ ਨੀਤੀ ਆਯੋਗ ਦੀ ਸਟਡੀ ਵਿੱਚ ਦੱਸਿਆ ਹੈ ਕਿ ਖੇਤੀਬਾੜੀ ਆਮਦਨ ਵਿੱਚ ਵਾਧਾ, ਫਸਲ ਖਰਾਬ ਹੋਣ ਜਾਂ ਐਮਰਜੈਂਸੀ ਮੈਡੀਕਲ ਦੌਰਾਨ ਗੈਰ-ਰਸਮੀ ਲੋਨ 'ਤੇ ਨਿਰਭਰਤਾ ਵਿੱਚ ਪੀਐੱਮ ਕਿਸਾਨ ਦੀ ਵਜ੍ਹਾ ਨਾਲ ਕਮੀ ਆਈ ਹੈ।

480 ਫੀਸਦੀ ਵਧਿਆ ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਬਜਟ





ਪ੍ਰਧਾਨ ਮੰਤਰੀ ਧਨ ਧਾਨਯ ਕ੍ਰਿਸ਼ੀ ਯੋਜਨਾ

- 24,000 ਕਰੋੜ ਰੁਪਏ ਦੇ ਖਰਚ ਵਾਲੀ ਪ੍ਰਧਾਨ ਮੰਤਰੀ ਧਨ ਧਾਨਯ ਕ੍ਰਿਸ਼ੀ ਯੋਜਨਾ ਦੀ 11 ਅਕਤੂਬਰ, 2025 ਨੂੰ ਪੀਐੱਮ ਮੋਦੀ ਨੇ ਸ਼ੁਰੂਆਤ ਕੀਤੀ।
- 100 ਜ਼ਿਲ੍ਹਿਆਂ ਦੀ ਚੋਣ ਯੋਜਨਾ ਦੇ ਲਈ ਤਿੰਨ ਪੈਰਾਮੀਟਰ 'ਤੇ । ਪਹਿਲਾ- ਖੇਤ ਤੋਂ ਕਿੰਨੀ ਪੈਦਾਵਾਰ ਹੁੰਦੀ ਹੈ, ਦੂਜਾ- ਇੱਕ ਖੇਤ ਵਿੱਚ ਕਿੰਨੀ ਵਾਰ ਖੇਤੀ ਹੁੰਦੀ ਹੈ, ਤੀਜਾ-ਕਿਸਾਨ ਨੂੰ ਲੋਨ ਜਾਂ ਨਿਵੇਸ਼ ਵਿੱਚ ਕਿੰਨੀ ਸੁਵਿਧਾ ਹੈ।
- ਯੋਜਨਾ ਦੇਸ਼ ਦੇ ਅਕਾਂਖੀ ਜ਼ਿਲ੍ਹਿਆਂ ਵਿੱਚ ਖੇਤੀਬਾੜੀ ਉੱਥਾਨ ਦੇ ਲਈ 11 ਮੰਤਰਾਲਿਆਂ ਦੀਆਂ 36 ਉਪ-ਯੋਜਨਾਵਾਂ ਨਾਲ ਤਾਲਮੇਲ ਕਰਦੇ ਹੋਏ ਲਾਂਚ ਕੀਤੀ ਗਈ ਹੈ।
- **ਉਦੇਸ਼:** ਖੇਤੀਬਾੜੀ ਉਤਪਾਦਕਤਾ ਵਿੱਚ ਵਾਧਾ, ਫਸਲ ਵਿਭਿੰਨਤਾ ਅਤੇ ਟਿਕਾਊ ਖੇਤੀਬਾੜੀ ਵਿਧੀਆਂ ਨੂੰ ਅਪਣਾਉਣਾ, ਪੰਚਾਇਤ ਅਤੇ ਬਲੌਕ ਪੱਧਰ 'ਤੇ ਵਾਢੀ ਦੇ ਬਾਅਦ ਭੰਡਾਰਣ ਸਮਰੱਥਾ ਵਿੱਚ ਵਾਧਾ, ਸਿੰਚਾਈ ਸੁਵਿਧਾਵਾਂ ਵਿੱਚ ਸੁਧਾਰ ਅਤੇ ਚੁਣੇ 100 ਜ਼ਿਲ੍ਹਿਆਂ ਵਿੱਚ ਲੰਬੀ -ਮਿਆਦ ਅਤੇ ਛੋਟੀ - ਮਿਆਦ ਲੋਨ ਦੀ ਉਪਲਬਧਤਾ ਨੂੰ ਸੁਗਮ ਬਣਾਉਣਾ ਹੈ।

ਵੀ ਪੂਰੀ ਕਰੇ? ਦੁਨੀਆ ਦਾ ਫੂਡ ਬਾਸਕੇਟ ਕਿਵੇਂ ਬਣੇ? ਕਿਵੇਂ ਜਲਵਾਯੂ ਪਰਿਵਰਤਨ ਦੀ ਚੁਣੌਤੀ ਨਾਲ ਨਿਪਟੇ? ਕਿਵੇਂ ਘੱਟ ਪਾਣੀ ਵਿੱਚ ਵੱਧ ਅਨਾਜ ਪੈਦਾ ਕਰੇ? ਕਿਵੇਂ ਜ਼ਮੀਨ ਨੂੰ ਖਤਰਨਾਕ ਰਸਾਇਣਾਂ ਤੋਂ ਬਚਾਇਆ ਜਾਵੇ? ਕਿਵੇਂ ਖੇਤੀ ਨੂੰ ਆਧੁਨਿਕ ਬਣਾਇਆ ਜਾਵੇ? ਵਿਗਿਆਨ ਅਤੇ ਟੈਕਨੋਲੋਜੀ ਖੇਤ ਤੱਕ ਕਿਵੇਂ ਪਹੁੰਚੇ? ਅਜਿਹੇ ਅਨੇਕ ਵਿਸ਼ਿਆਂ 'ਤੇ ਬੀਤੇ 11 ਵਰ੍ਹਿਆਂ ਵਿੱਚ ਕੇਂਦਰ ਸਰਕਾਰ ਨੇ ਕੰਮ ਕੀਤਾ ਹੈ, ਤਾਂ ਜੋ ਭਾਰਤ ਦੀ ਖੇਤੀ ਨੂੰ ਵਿਕਸਿਤ ਭਾਰਤ ਦਾ ਪ੍ਰਮੁੱਖ ਅਧਾਰ ਬਣਾਇਆ ਜਾ ਸਕੇ।

ਕਿਸਾਨ ਸਸ਼ਕਤੀਕਰਣ ਦਾ ਨਵਾਂ ਯੁੱਗ

ਭਾਰਤ ਵਿੱਚ ਲਗਭਗ 68 ਫੀਸਦੀ ਆਬਾਦੀ ਗ੍ਰਾਮੀਣ ਖੇਤਰਾਂ ਵਿੱਚ ਨਿਵਾਸ ਕਰਦੀ ਹੈ ਅਤੇ ਉਨ੍ਹਾਂ ਦੀ ਆਜੀਵਿਕਾ ਜਾਂ ਤਾਂ ਪੂਰੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ ਜਾਂ ਖੇਤੀਬਾੜੀ ਨਾਲ ਜੁੜੇ ਖੇਤਰਾਂ ਨਾਲ ਸਬੰਧਿਤ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਖੇਤੀਬਾੜੀ ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ। ਦੇਸ਼ ਦਾ ਲਗਭਗ 44 ਫੀਸਦੀ ਕਿਰਤ-ਬਲ ਖੇਤੀ ਅਤੇ ਇਸ ਨਾਲ ਜੁੜੇ ਕਾਰੋਬਾਰਾਂ ਤੋਂ ਰੁਜ਼ਗਾਰ ਪ੍ਰਾਪਤ ਕਰਦਾ ਹੈ। ਖੇਤੀ ਅਤੇ ਕਿਸਾਨੀ ਹਮੇਸ਼ਾ ਤੋਂ ਸਾਡੀ ਵਿਕਾਸ ਯਾਤਰਾ ਦਾ ਇੱਕ ਪ੍ਰਮੁੱਖ ਹਿੱਸਾ ਰਹੇ ਹਨ। ਬਹੁਤ ਜ਼ਰੂਰੀ ਹੁੰਦਾ ਹੈ ਕਿ ਬਦਲਦੇ ਸਮੇਂ ਦੇ ਨਾਲ ਖੇਤੀ ਕਿਸਾਨੀ ਨੂੰ ਸਰਕਾਰ ਦਾ ਸਹਿਯੋਗ

ਉਪਜ ਨੂੰ ਸਹੀ ਬਜ਼ਾਰ ਅਤੇ ਕਿਸਾਨਾਂ ਨੂੰ ਸਹੀ ਕੀਮਤ

ਪੀਐੱਮ ਖੇਤੀਬਾੜੀ ਉਡਾਣ ਯੋਜਨਾ



- ਗੁਵਾਹਾਟੀ ਤੋਂ 'ਕਿੰਗ ਚਿਲੀਜ਼, ਬਰਮੀ ਅੰਗੂਰ ਅਤੇ ਅਸਮੀਆ ਨਿੰਬੂ', ਤ੍ਰਿਪੁਰਾ ਤੋਂ 'ਕਟਹਲ' ਅਤੇ ਬਿਹਾਰ ਦੇ ਕਈ ਜ਼ਿਲ੍ਹਿਆਂ ਤੋਂ 'ਲੀਚੀ' ਹੁਣ ਦੇਸ਼ ਅਤੇ ਵਿਦੇਸ਼ ਦੇ ਦੂਜੇ ਹਿੱਸੇ ਵਿੱਚ ਅਸਾਨੀ ਨਾਲ ਪਹੁੰਚ ਰਹੀ ਹੈ। ਇਹ ਖੇਤੀਬਾੜੀ ਉਡਾਣ ਯੋਜਨਾ ਨਾਲ ਸੰਭਵ ਹੋਇਆ ਹੈ ਜਿਸ ਦੀ ਸ਼ੁਰੂਆਤ 2021 ਵਿੱਚ ਕੀਤੀ ਗਈ।

- 35 ਹਵਾਈ ਅੱਡਿਆਂ 'ਤੇ ਕੋਲਡ ਸਟੋਰੇਜ ਸੁਵਿਧਾ ਉਪਲਬਧ ਹੈ। ਯੋਜਨਾ ਵਿੱਚ 58 ਹਵਾਈ ਅੱਡੇ ਸੂਚੀਬੱਧ ਹਨ। ਇਹ ਯੋਜਨਾ ਮੁੱਖ ਤੌਰ 'ਤੇ ਉੱਤਰ-ਪੂਰਬੀ, ਪਹਾੜੀ ਅਤੇ ਕਬਾਇਲੀ ਖੇਤਰ ਦੇ 25 ਹਵਾਈ ਅੱਡਿਆਂ 'ਤੇ ਕੇਂਦ੍ਰਿਤ ਹੈ।



ਖੇਤੀਬਾੜੀ ਨਿਰਯਾਤ

- ਸਰਕਾਰ ਖੇਤੀਬਾੜੀ ਅਤੇ ਸਬੰਧਿਤ ਵਸਤੂਆਂ ਦੇ ਨਿਰਯਾਤ ਅਤੇ ਆਲਮੀ ਵਪਾਰ ਵਿੱਚ ਆਪਣੀ ਹਿੱਸੇਦਾਰੀ ਵਧਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।
- ਵਰ੍ਹੇ 2024-25 ਵਿੱਚ ਖੇਤੀਬਾੜੀ ਅਤੇ ਸਬੰਧਿਤ ਵਸਤੂਆਂ ਦਾ ਰਿਕਾਰਡ 51.9 ਬਿਲੀਅਨ ਅਮਰੀਕੀ ਡਾਲਰ ਦਾ ਨਿਰਯਾਤ ਕੀਤਾ ਗਿਆ।

ਈ-ਨਾਮ

- ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਲਈ ਬਿਹਤਰ ਕੀਮਤ ਉਪਲਬਧ ਕਰਵਾਉਣ ਦੇ ਲਈ ਇਲੈਕਟ੍ਰੌਨਿਕ ਰਾਸ਼ਟਰੀ ਖੇਤੀਬਾੜੀ ਬਜ਼ਾਰ (ਈ-ਨਾਮ) ਦੀ ਸ਼ੁਰੂਆਤ ਹੋਈ। 4.40 ਲੱਖ ਕਰੋੜ ਰੁਪਏ ਤੋਂ ਵੱਧ ਦੀ ਖੇਤੀਬਾੜੀ ਉਪਜ ਦਾ ਕਾਰੋਬਾਰ ਈ-ਨਾਮ ਰਾਹੀਂ ਕੀਤਾ ਗਿਆ।
- 1.79 ਕਰੋੜ ਤੋਂ ਜ਼ਿਆਦਾ ਕਿਸਾਨ, 3.90 ਲੱਖ ਵਪਾਰੀ ਅਤੇ ਕਮਿਸ਼ਨ ਏਜੈਂਟ ਦੇ ਇਲਾਵਾ 4,642 ਕਿਸਾਨ ਉਤਪਾਦਕ ਸੰਗਠਨ ਇਸ ਪਲੈਟਫਾਰਮ 'ਤੇ ਰਜਿਸਟਰਡ ਹਨ। 27 ਰਾਜਾਂ ਦੀਆਂ 1,522 ਮੰਡੀਆਂ ਇਸ ਨਾਲ ਜੁੜੀਆਂ ਹਨ। ਅੰਕੜੇ 31 ਦਸੰਬਰ 2025 ਤੱਕ।

ਐੱਮਐੱਸਪੀ ਵਿੱਚ ਵਾਧਾ

- ਸਰਕਾਰ ਨੇ ਵਰ੍ਹੇ 2018-19 ਤੋਂ ਅਖਿਲ ਭਾਰਤੀ ਭਾਰਿਤ ਔਸਤ ਉਤਪਾਦਨ ਲਾਗਤ 'ਤੇ ਘੱਟੋ-ਘੱਟ 50 ਪ੍ਰਤੀਸ਼ਤ ਲਾਭ ਦੇ ਨਾਲ ਆਦੇਸ਼ ਵਿੱਚ ਸ਼ਾਮਲ ਸਾਰੀਆਂ ਨੋਟੀਫਾਇਡ ਖਰੀਫ, ਰਬੀ ਅਤੇ ਹੋਰ ਵਪਾਰਕ ਫਸਲਾਂ ਦੇ ਲਈ ਐੱਮਐੱਸਪੀ ਵਿੱਚ ਵਾਧਾ ਕੀਤਾ ਹੈ। ਬੀਤੇ ਇੱਕ ਦਹਾਕੇ ਦੀ ਇਸੇ ਮਿਆਦ ਵਿੱਚ ਸਰਕਾਰੀ ਅਨਾਜ ਖਰੀਦੀ 761.40 ਲੱਖ ਮੀਟ੍ਰਿਕ ਟਨ ਤੋਂ ਵਧ ਕੇ 1,175 ਲੱਖ ਮੀਟ੍ਰਿਕ ਟਨ ਹੋ ਗਈ।

ਐੱਮਐੱਸਪੀ ਦੇ ਤਹਿਤ ਕਿਸਾਨਾਂ ਦਾ ਭੁਗਤਾਨ ਕਰੀਬ ਤਿੰਨ ਗੁਣਾ ਵਧਿਆ





"

ਭਾਰਤੀ ਖੇਤੀਬਾੜੀ ਅਤੇ ਗ੍ਰਾਮੀਣ ਸਮ੍ਰਿੱਧੀ ਵਿੱਚ ਬਦਲਾਅ ਲਿਆਉਣ ਵਿੱਚ ਮਹਿਲਾਵਾਂ ਦੀ ਭੂਮਿਕਾ ਲਗਾਤਾਰ ਵਧ ਰਹੀ ਹੈ। ਭਾਵੇਂ ਫਸਲ ਦੀ ਖੇਤੀ ਹੋਵੇ, ਪਸ਼ੂ ਪਾਲਣ ਹੋਵੇ ਜਾਂ ਕੁਦਰਤੀ ਖੇਤੀ, ਮਹਿਲਾਵਾਂ ਗ੍ਰਾਮੀਣ ਅਰਥਵਿਵਸਥਾ ਵਿੱਚ ਪ੍ਰਮੁੱਖ ਨੇਤਾ ਦੇ ਰੂਪ ਵਿੱਚ ਉਭਰ ਰਹੀਆਂ ਹਨ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ

ਮਿਲਦਾ ਰਹੇ ਲੇਕਿਨ ਬਦਕਿਸਮਤੀ ਨਾਲ ਆਜ਼ਾਦੀ ਦੇ ਤੁਰੰਤ ਬਾਅਦ ਖੇਤੀਬਾੜੀ ਖੇਤਰ 'ਤੇ ਓਨਾ ਧਿਆਨ ਨਹੀਂ ਦਿੱਤਾ ਗਿਆ, ਜਿੰਨਾ ਜ਼ਰੂਰੀ ਸੀ। ਖੇਤੀਬਾੜੀ ਨੂੰ ਲੈ ਕੇ ਸਪਸ਼ਟ ਵਿਜ਼ਨ ਦੀ ਘਾਟ ਦਿਖਦੀ ਸੀ। ਖੇਤੀ ਨਾਲ ਜੁੜੇ ਅਲੱਗ-ਅਲੱਗ ਸਰਕਾਰੀ ਵਿਭਾਗ ਵੀ ਆਪਣੇ-ਆਪਣੇ ਤਰੀਕੇ ਨਾਲ ਕੰਮ ਕਰਦੇ ਸਨ। ਇਸ ਵਜ੍ਹਾ ਨਾਲ ਭਾਰਤ ਦੀ ਖੇਤੀਬਾੜੀ ਵਿਵਸਥਾ ਨੂੰ ਗਤੀ ਨਹੀਂ ਮਿਲ ਪਾ ਰਹੀ ਸੀ।

21ਵੀਂ ਸਦੀ ਦੇ ਭਾਰਤ ਨੂੰ ਤੇਜ਼ ਵਿਕਾਸ ਦੇ ਲਈ ਆਪਣੀ ਖੇਤੀਬਾੜੀ ਵਿਵਸਥਾ ਵਿੱਚ ਵੀ ਸੁਧਾਰ ਕਰਨਾ ਜ਼ਰੂਰੀ ਸੀ। ਅਜਿਹੇ ਵਿੱਚ ਖੇਤੀਬਾੜੀ ਖੇਤਰ ਵਿੱਚ ਪੜਾਅਵਾਰ ਤਰੀਕੇ ਨਾਲ ਸੁਧਾਰ ਦੀ ਪਹਿਲ 2014 ਵਿੱਚ ਪ੍ਰਧਾਨ ਮੰਤਰੀ



ਖੇਤੀਬਾੜੀ ਇਨਫ੍ਰਾਸਟ੍ਰਕਚਰ ਨੂੰ ਮਿਲ ਰਹੀ ਮਜ਼ਬੂਤੀ

ਪੀਐੱਮ ਖੇਤੀਬਾੜੀ ਉਡਾਣ ਯੋਜਨਾ

1 ਲੱਖ ਕਰੋੜ ਰੁਪਏ ਦੇ ਖੇਤੀਬਾੜੀ ਇਨਫ੍ਰਾਸਟ੍ਰਕਚਰ ਫੰਡ ਦੀ ਸ਼ੁਰੂਆਤ ਕੀਤੀ ਗਈ ਖੇਤੀਬਾੜੀ ਇਨਫ੍ਰਾਸਟ੍ਰਕਚਰ ਵਿੱਚ ਸੁਧਾਰ ਦੇ ਲਈ। ਇਸ ਯੋਜਨਾ ਵਿੱਚ 2 ਕਰੋੜ ਰੁਪਏ ਤੱਕ 3 ਫੀਸਦੀ ਵਿਆਜ 'ਤੇ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਇਸ ਵਿੱਚ ਕ੍ਰੈਡਿਟ ਗਰੰਟੀ ਕਵਰੇਜ ਵੀ ਦਿੱਤੀ ਜਾਂਦੀ ਹੈ।

- 1,34,372 ਪ੍ਰੋਜੈਕਟਾਂ ਦੇ ਲਈ 75,140 ਕਰੋੜ ਰੁਪਏ 30 ਅਕਤੂਬਰ, 2025 ਤੱਕ ਖੇਤੀਬਾੜੀ ਇਨਫ੍ਰਾਸਟ੍ਰਕਚਰ ਫੰਡ ਦੇ ਤਹਿਤ ਸਵੀਕ੍ਰਿਤ ਕੀਤੇ ਜਾ ਚੁੱਕੇ ਹਨ। ਇਸ ਨਾਲ ਖੇਤੀਬਾੜੀ ਖੇਤਰ ਵਿੱਚ 1.20 ਲੱਖ ਕਰੋੜ ਰੁਪਏ ਦਾ ਨਿਵੇਸ਼ ਆਕਰਸ਼ਿਤ ਹੋਵੇਗਾ।

ਵਿਸ਼ਵ ਦੀ ਸਭ ਤੋਂ ਵੱਡੀ ਅਨਾਜ ਭੰਡਾਰਣ ਯੋਜਨਾ

- ਕੇਂਦਰੀ ਕੈਬਨਿਟ ਨੇ 31 ਮਈ, 2023 ਨੂੰ ਸਹਿਕਾਰੀ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਅਨਾਜ ਭੰਡਾਰਣ ਯੋਜਨਾ ਨੂੰ ਸਵੀਕ੍ਰਿਤੀ ਦਿੱਤੀ। ਪਾਇਲਟ ਪ੍ਰੋਜੈਕਟ ਦੇ ਤਹਿਤ 11 ਰਾਜਾਂ ਦੇ 11 ਪੀਏਸੀਐੱਸ ਵਿੱਚ ਗੋਦਾਮਾਂ ਦਾ ਨਿਰਮਾਣ ਪੂਰਾ।

500 ਤੋਂ ਵੱਧ ਪੈਕਸ ਦੀ ਪਛਾਣ ਯੋਜਨਾ ਦੇ ਲਈ ਕੀਤੀ ਗਈ। 108 ਵਿੱਚ ਨਿਰਮਾਣ ਕਾਰਜ ਸ਼ੁਰੂ ਜਿਨ੍ਹਾਂ ਵਿੱਚ 24 ਦਾ ਨਿਰਮਾਣ ਪੂਰਾ ਹੋ ਚੁੱਕਿਆ ਹੈ। ਦਸੰਬਰ 2026 ਤੱਕ ਸਾਰੇ ਨਿਰਮਾਣ ਪੂਰੇ ਕਰਨ ਦਾ ਟੀਚਾ।



ਖੇਤੀਬਾੜੀ ਵਿਗਿਆਨ ਕੇਂਦਰਾਂ ਦਾ ਵਧਿਆ ਨੈੱਟਵਰਕ

- ਭਾਰਤੀ ਖੇਤੀਬਾੜੀ ਖੋਜ ਪਰਿਸ਼ਦ ਵੱਲੋਂ ਸੰਚਾਲਿਤ ਇਹ ਕੇਂਦਰ ਕਿਸਾਨਾਂ ਦੀ ਟੈਸਟਿੰਗ ਵਿੱਚ ਸਭ ਤੋਂ ਅੱਗੇ ਹਨ।
- 2021-22 ਅਤੇ 2023-24 ਦਰਮਿਆਨ, ਕੇਵੀਕੇ ਨੇ 58.02 ਲੱਖ ਕਿਸਾਨਾਂ ਨੂੰ ਟ੍ਰੇਂਡ ਕੀਤਾ ਜਦਕਿ 2024-25 ਵਿੱਚ ਵੀ 19 ਲੱਖ ਤੋਂ ਵੱਧ ਕਿਸਾਨ ਟ੍ਰੇਂਡ।
- ਖੇਤੀਬਾੜੀ ਵਿਗਿਆਨ ਕੇਂਦਰਾਂ ਦੇ ਕੋਰਸਾਂ ਵਿੱਚ ਸਥਾਨਕ ਸਥਿਤੀਆਂ ਦੇ ਅਨੁਸਾਰ ਐਡਵਾਂਸ ਖੇਤੀਬਾੜੀ ਵਿਗਿਆਨ, ਪਸ਼ੂਧਨ ਦੇਖਭਾਲ, ਮਿੱਟੀ ਦੀ ਸਿਹਤ, ਵਾਢੀ ਦੇ ਬਾਅਦ ਦੀ ਤਕਨੀਕ ਆਦਿ ਸ਼ਾਮਲ ਹਨ।

ਏਆਈ ਅਧਾਰਿਤ ਭਵਿੱਖਵਾਣੀ



3.8 ਕਰੋੜ

ਕਿਸਾਨਾਂ ਨੂੰ ਐੱਮ-ਕਿਸਾਨ ਪੋਰਟਲ ਰਾਹੀਂ ਇਸ ਵਿਲੱਖਣ ਪਹਿਲ ਦੇ ਤਹਿਤ ਪਿਛਲੇ ਸਾਲ ਏਆਈ-ਅਧਾਰਿਤ ਮੌਨਸੂਨ ਭਵਿੱਖਵਾਣੀ 5 ਖੇਤਰੀ ਭਾਸ਼ਾਵਾਂ ਵਿੱਚ ਭੇਜੀ ਗਈ।

ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸ਼ੁਰੂ ਹੋਈ। ਕਿਸਾਨਾਂ ਦਾ ਸਸ਼ਕਤੀਕਰਣ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨਾ ਪਹਿਲੀ ਤਰਜੀਹ ਬਣੀ। ਬੀਤੇ 11 ਵਰ੍ਹਿਆਂ ਵਿੱਚ ਇਤਿਹਾਸਿਕ ਸੁਧਾਰਾਂ ਦੀ ਇੱਕ ਅਜਿਹੀ ਨੀਂਹ ਰੱਖੀ ਗਈ ਹੈ ਜਿਸ 'ਤੇ ਅੰਮ੍ਰਿਤਕਾਲ ਵਿੱਚ ਨਵੇਂ ਭਾਰਤ ਦੀ ਇਮਾਰਤ ਖੜ੍ਹੀ ਹੋਣਾ ਸ਼ੁਰੂ ਹੋ ਗਈ ਹੈ, ਇਨ੍ਹਾਂ ਸੁਧਾਰਾਂ ਵਿੱਚ ਖੇਤੀਬਾੜੀ ਇੱਕ ਮਹੱਤਵਪੂਰਨ ਖੇਤਰ ਰਿਹਾ ਹੈ। 1 ਫਰਵਰੀ 2019 ਦਾ ਅੰਤਰਿਮ ਬਜਟ, ਖੇਤੀਬਾੜੀ ਖੇਤਰ ਅਤੇ ਕਿਸਾਨ ਦੇ ਸਸ਼ਕਤੀਕਰਣ ਦੇ ਯੁੱਗ ਵਿੱਚ ਇੱਕ ਨਵਾਂ ਅਧਿਆਏ ਲੈ ਕੇ ਆਇਆ। ਜਦੋਂ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਅਤੇ ਜ਼ਰੂਰਤ ਦੇ ਸਮੇਂ ਸਾਹੂਕਾਰਾਂ ਦੇ ਚੁੰਗਲ ਤੋਂ ਬਚਾਉਣ ਵਾਲੀ ਮਹੱਤਵਪੂਰਨ ਯੋਜਨਾ- ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸ਼ੁਰੂ ਕਰਨ ਦਾ ਕ੍ਰਾਂਤੀਕਾਰੀ ਐਲਾਨ ਹੋਇਆ। ਕੇਂਦਰ ਸਰਕਾਰ ਦੀ ਨੀਤੀ-ਨੀਅਤ-ਫੈਸਲੇ ਦੀ ਤ੍ਰਿਵੇਣੀ ਕਿਵੇਂ ਕੰਮ ਕਰਦੀ ਹੈ, ਇਸ ਦੀ ਸ਼ਾਨਦਾਰ ਉਦਾਹਰਣ ਹੈ ਇਹ ਯੋਜਨਾ। ਜਿਸ ਦਾ ਐਲਾਨ 1 ਫਰਵਰੀ 2019 ਨੂੰ ਹੋਇਆ ਅਤੇ ਪਹਿਲਾਂ ਦੀ ਮਿਤੀ ਯਾਨੀ 1 ਦਸੰਬਰ 2018 ਤੋਂ ਹੀ ਲਾਗੂ ਕਰਦੇ ਹੋਏ ਕਿਸਾਨਾਂ ਨੇ ਬੈਂਕ ਖਾਤਿਆਂ ਵਿੱਚ ਸਿੱਧਾ 2,000 ਰੁਪਏ ਦੀ ਪਹਿਲੀ ਕਿਸ਼ਤ ਟ੍ਰਾਂਸਫਰ ਕਰ ਦਿੱਤੀ ਗਈ। ਇਹ ਦੇਸ਼ ਦੀ ਆਜ਼ਾਦੀ ਦੇ ਬਾਅਦ ਕਿਸਾਨਾਂ ਦੇ ਲਈ ਸਭ ਤੋਂ ਵੱਡੀ ਯੋਜਨਾ ਬਣੀ।

ਸਾਰੇ ਕਿਸਾਨਾਂ ਦੇ ਹਿਤ ਵਿੱਚ, ਬੀਜ ਤੋਂ ਲੈ ਕੇ ਬਜ਼ਾਰ ਤੱਕ ਅਣਗਿਣਤ ਸੁਧਾਰ ਕੀਤੇ ਗਏ। ਇਸ ਦਾ ਨਤੀਜਾ ਹੈ ਕਿ ਬੀਤੇ 11 ਵਰ੍ਹਿਆਂ ਵਿੱਚ, ਭਾਰਤ ਦਾ

किसानां दे जीवन नूं मिलिआ सुरॱखिआ कवच



किसान क्रैडिट कारड

- किसान क्रैडिट कारड (केसीसी) दा 2019 विॱच विसतार पशू पालण, डेअरी अते मॱछी पालण दे लई वी कीता गिआ। 2025-26 दे बजट विॱच लोन दी सीमा 3 लॱख तों वधा के 5 लॱख रुपऐ कर दिॱती गई है।

7.7 करोड़ तों वॱध किसान, मछेरे अते डेअरी किसान नूं किसान क्रैडिट कारड दा लाभ मिल रिहा है।

10 लॱख करोड़ रुपऐ

तों वॱध दे लोन अते 1.62 लॱख करोड़ रुपऐ तों वॱध विआज सबसिडी किसान क्रैडिट कारड लाभारथीआं नूं 2024-25 विॱच दिॱती गई है।

किसान उतपादक संगठन (ऐॱफपीओ)

- 10 हज़ार तों ज़िआदा ऐॱफपीओ ने पूरे भारत दे किसानां नूं सशकत बणाइआ। देश भर विॱच 52 लॱख किसान, अकतूबर, 2025 तॱक ऐॱफपीओ नाल जुड़ चुॱके हन।
- 1,100 ऐॱफपीओ करोड़पती बण के 15,000 करोड़ रुपऐ तों वॱध दा टरनओवर दरज कर चुॱके हन। विॱत वरॱहे 2027-28 तॱक 6,800 करोड़ रुपऐ दा बजट अलाट कीता गिआ।

पीऐॱम मान धन

- प्रधान मंतरी किसान मान धन योजना 18 तों 40 साल दी उमर वरग दे लई इॱक सवै-इॱछुक अते योगदानी पैनशन योजना है। इस विॱच 60 साल दी उमर ‘ते घॱटें-घॱट महीनावार यकीनी पैनशन 3,000 रुपऐ तैअ है।
- 24.88 लॱख नामांकण योजना विॱच जुलाई, 2025 तॱक करवाऐ गऐ हन।

श्री अंन यानी मिलटस दी मारकीटिंग अते विकास

- वरॱहे 2023 नूं अंतरराशटरी मिलट वरॱहा ऐलान कीता गिआ। मई 2025 तॱक, कैबनिट ने मारकीटिंग सैशन 2025-26 दे लई रागी दे घॱटें-घॱट समरथन मुॱल नूं मनज़ूरी दे दिॱती जो दूजे सभ तों वॱडे वाधे 596 रुपऐ प्रती कुइंटल है।
- 180.15 लॱख टन मिलट दा उतपादन अते 89 हज़ार टन तों वॱध दा निरयात भारत ने 2024-25 विॱच कीता। उतपादन विॱच राजसथान सभ तों अॱगे रिहा, उस दे बाअद महाराशटर अते करनाटक दा सथान रिहा।



खेतीबाड़ी निरयात करीब-करीब दुॱगणा हो गिआ। अनाज उतपादन पहिलां तों करीब-करीब 900 लॱख मीटरिक टन होर वध गिआ, फल अते सबज़ीआं दा उतपादन 640 लॱख मीटरिक टन तों ज़िआदा वध गिआ। अॱज दुॱध उतपादन विॱच भारत दुनीआ विॱच नंबर वन है, भारत दुनीआ दा दूजा वॱडा मॱछी उतपादक है। 11 वरॱहे पहिलां जिंना शहिद भारत विॱच हुंदा सी, अॱज उस दा करीब-करीब दुॱगणा उतपादन हुंदा है। छे-सॱत साल पहिलां करीब साढे चार सौ करोड़ रुपऐ दा शहिद निरयात हुंदा सी पर हाल ही विॱच 1,500 करोड़ रुपऐ तों वॱध दा शहिद निरयात होइआ है।

अंडे दा उतपादन वी बीते 11 वरॱहिआं विॱच दुॱगणा हो गिआ है। इस दौरान देश विॱच 6 वॱडीआं फरटीलाइज़र फैकटरीआं बणाईआं गईआं हन। 25 करोड़ तों ज़िआदा सौइल हैलथ कारड किसानां नूं मिले हन, 100 लॱख हैकटेअर ज़मीन विॱच सूखम सिंचाई दी सुविधा पहुंची है। पीऐॱम फसल बीम योजना नाल करीब दो लॱख करोड़ रुपऐ दे भुगतान किसानां नूं मिले हन। बीते 11 वरॱहिआं विॱच 10 हज़ार तों ज़िआदा किसान उतपाद संघ वी बणे हन।



ਰਵਾਇਤੀ ਅਤੇ ਕੁਦਰਤੀ ਖੇਤੀ 'ਤੇ ਵਧਿਆ ਫੋਕਸ

ਪਰੰਪਰਾਗਤ ਕ੍ਰਿਸ਼ੀ ਵਿਕਾਸ ਮਿਸ਼ਨ

- ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ (ਪੀਕੇਵੀਵਾਈ) ਦੇਸ਼ ਵਿੱਚ ਜੈਵਿਕ ਖੇਤੀ ਨੂੰ ਹੁਲਾਰਾ ਦੇਣ ਵਾਲੀ ਪਹਿਲੀ ਵੱਡੀ ਸਕੀਮ ਹੈ। ਜਿਸ ਦੀ ਸ਼ੁਰੂਆਤ 2015-16 ਵਿੱਚ ਕੀਤੀ ਗਈ।

28.34 ਲੱਖ

ਕਿਸਾਨ ਯੋਜਨਾ ਦੀ ਸ਼ੁਰੂਆਤ ਨਾਲ 31 ਅਕਤੂਬਰ, 2025 ਤੱਕ ਲਾਭਵੰਦ। ਯੋਜਨਾ ਦੇ ਤਹਿਤ 16.90 ਲੱਖ ਹੈਕਟੇਅਰ ਖੇਤਰਫਲ ਕਵਰ ਅਤੇ 58,155 ਕਲਸਟਰ ਜੈਵਿਕ ਖੇਤੀ ਦੇ ਬਣਾਏ ਗਏ।

ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ

- ਇਹ ਮਿਸ਼ਨ 25 ਨਵੰਬਰ 2024 ਨੂੰ ਸ਼ੁਰੂ। ਮਿਸ਼ਨ ਦਾ ਟੀਚਾ 15,000 ਸਮੂਹਾਂ ਰਾਹੀਂ 7.5 ਲੱਖ ਹੈਕਟੇਅਰ ਜ਼ਮੀਨ ਵਿੱਚ ਕੁਦਰਤੀ ਖੇਤੀ ਹੈ। 1 ਕਰੋੜ ਕਿਸਾਨ ਹੋਣਗੇ ਲਾਭਵੰਦ।

14.3 ਲੱਖ

ਤੋਂ ਵੱਧ ਕਿਸਾਨ ਅਗਸਤ, 2025 ਤੱਕ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਨਾਲ ਜੁੜ ਚੁੱਕੇ ਹਨ।

- 5.45 ਲੱਖ ਹੈਕਟੇਅਰ ਤੋਂ ਵੱਧ ਖੇਤਰ ਵਿੱਚ ਕੁਦਰਤੀ ਖੇਤੀ ਕਰ ਰਹੇ ਹਨ। ਇਸ ਵਿੱਚ ਹਰੇਕ ਕਿਸਾਨ ਨੂੰ 2 ਵਰ੍ਹਿਆਂ ਤੱਕ (ਪ੍ਰਤੀ ਕਿਸਾਨ ਇੱਕ ਏਕੜ) ਪ੍ਰਤੀ ਵਰ੍ਹੇ 4,000 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਂਦੀ ਹੈ।

ਉੱਤਰ-ਪੂਰਬ ਖੇਤਰ ਦੇ ਲਈ ਔਰਗੈਨਿਕ ਵੈਲਿਊ ਚੇਨ ਵਿਕਾਸ ਮਿਸ਼ਨ

2015-16 ਵਿੱਚ ਸ਼ੁਰੂ ਇਸ ਮਿਸ਼ਨ ਦਾ ਉਦੇਸ਼ ਉੱਤਰ-ਪੂਰਬ ਰਾਜਾਂ ਵਿੱਚ ਔਰਗੈਨਿਕ ਖੇਤੀ ਨੂੰ ਹੁਲਾਰਾ ਦੇਣਾ ਅਤੇ ਔਰਗੈਨਿਕ ਉਤਪਾਦ ਕਲਸਟਰ ਸਥਾਪਿਤ ਕਰਨਾ ਹੈ। ਔਰਗੈਨਿਕ ਖੇਤੀ ਨੂੰ ਹੁਲਾਰਾ ਦੇਣ ਦੇ ਲਈ 3 ਵਰ੍ਹਿਆਂ ਵਿੱਚ ਪ੍ਰਤੀ ਹੈਕਟੇਅਰ 46,500 ਰੁਪਏ ਦਿੱਤੇ ਜਾਂਦੇ ਹਨ। ਵਰ੍ਹੇ 2024-25 ਵਿੱਚ 2.69 ਲੱਖ ਕਿਸਾਨ ਲਾਭਵੰਦ।

ਰਾਸ਼ਟਰੀ ਬਾਂਸ ਮਿਸ਼ਨ

- ਰਾਸ਼ਟਰੀ ਬਾਂਸ ਮਿਸ਼ਨ 23 ਰਾਜਾਂ ਅਤੇ 1 ਕੇਂਦਰ ਸ਼ਾਸਿਤ ਪ੍ਰਦੇਸ਼ (ਜੰਮੂ ਅਤੇ ਕਸ਼ਮੀਰ) ਵਿੱਚ ਬਾਂਸ ਦੀ ਖੇਤੀ, ਪ੍ਰੋਸੈੱਸਿੰਗ ਅਤੇ ਮਾਰਕੀਟਿੰਗ ਨੂੰ ਹੁਲਾਰਾ ਦਿੰਦਾ ਹੈ।
- ਭਾਰਤ ਵਿੱਚ ਬਾਂਸ ਦੇ ਤਹਿਤ ਸਭ ਤੋਂ ਵੱਧ ਖੇਤਰਫਲ (13.96 ਮਿਲੀਅਨ ਹੈਕਟੇਅਰ) ਹੈ। ਬਾਂਸ ਵਿਭਿੰਨਤਾ ਦੇ ਮਾਮਲੇ ਵਿੱਚ ਚੀਨ ਦੇ ਬਾਅਦ ਭਾਰਤ ਦੂਜਾ ਸਭ ਤੋਂ ਸਮ੍ਰਿੱਧ ਦੇਸ਼ ਹੈ। ਭਾਰਤ ਦਾ ਬਾਂਸ ਅਤੇ ਸੋਟੀ ਉਦਯੋਗ 28,005 ਕਰੋੜ ਰੁਪਏ ਦਾ ਹੈ।



ਨਵੇਂ ਭਾਰਤ ਦਾ ਸਫ਼ਰ, ਖੁਸ਼ਹਾਲ ਹੁੰਦਾ ਕਿਸਾਨ

ਆਜ਼ਾਦੀ ਦੇ ਸ਼ਤਾਬਦੀ ਵਰ੍ਹੇ ਦੇ ਦ੍ਰਿੜ੍ਹ ਸੰਕਲਪ ਦੇ ਨਾਲ ਭਾਰਤ ਦਾ ਕਿਸਾਨ ਯਾਨੀ ਅੰਨਦਾਤਾ ਵੀ ਦੇਸ਼ ਦੀ ਵਿਕਾਸ ਯਾਤਰਾ ਦਾ ਸਹਿਭਾਗੀ ਬਣ ਚੁੱਕਿਆ ਹੈ। 1947 ਵਿੱਚ ਜਦੋਂ ਆਜ਼ਾਦੀ ਮਿਲੀ ਤਦ ਦੇਸ਼ ਦੇ ਸਾਹਮਣੇ ਸਭ ਤੋਂ ਵੱਡੇ ਸੰਕਟਾਂ ਵਿੱਚੋਂ ਇੱਕ ਸੀ ਕਿ ਕਿਵੇਂ ਪੂਰੇ ਦੇਸ਼ ਦਾ ਪੇਟ ਭਰਿਆ ਜਾਵੇ ਅਤੇ ਇੰਨੀ ਖੁਰਾਕ ਕਿੱਥੋਂ ਲਿਆਈਏ ਕਿ ਲੋਕਾਂ ਨੂੰ ਭੁੱਖੇ ਪੇਟ ਨਾ ਸੋਣਾ ਪਵੇ। ਪਰ ਹਰੀ ਕ੍ਰਾਂਤੀ ਦੇ ਸਹਾਰੇ ਦੇਸ਼ ਦੇ ਅੰਨਦਾਤਾਵਾਂ ਨੇ ਇਹ ਸੰਭਵ ਕਰਕੇ ਦਿਖਾਇਆ। ਬਾਵਜੂਦ ਇਸ ਦੇ, ਆਜ਼ਾਦੀ ਦੇ 7 ਦਹਾਕਿਆਂ ਬਾਅਦ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਘੱਟ ਨਹੀਂ ਹੋਈਆਂ। ਹੁਣ ਖੇਤੀਬਾੜੀ ਨੂੰ ਉਦਯੋਗ ਦੀ ਤਰ੍ਹਾਂ ਢਾਂਚਾ ਦੇਣ ਅਤੇ ਕਿਸਾਨਾਂ ਨੂੰ ਵਿਚੋਲਿਆਂ ਤੋਂ ਮੁਕਤ ਕਰ ਆਪਣੀ ਫਸਲ ਨੂੰ ਆਪਣੀ ਮਰਜ਼ੀ ਨਾਲ ਵੇਚਣ ਦੀ ਛੂਟ ਦੇਣ ਦੀ ਦਿਸ਼ਾ ਵਿੱਚ ਕਿਸਾਨਾਂ ਨੂੰ ਕਾਨੂੰਨੀ ਕਵਚ ਮਿਲ ਚੁੱਕਿਆ ਹੈ, ਤਾਂ ਜੋ ਕਿਸਾਨ ਖੁਸ਼ਹਾਲ ਹੋਣ ਅਤੇ ਖੇਤੀਬਾੜੀ ਆਤਮਨਿਰਭਰ ਭਾਰਤ ਦਾ ਅਹਿਮ ਹਿੱਸਾ ਬਣਨ। ਇਸ ਦੇ ਲਈ ਕੇਂਦਰ ਸਰਕਾਰ ਨੇ 2014 ਤੋਂ ਹੀ ਕਿਸਾਨਾਂ ਦੀ ਭਲਾਈ ਦੀ ਦਿਸ਼ਾ ਵਿੱਚ ਕਈ ਮਹੱਤਵਪੂਰਨ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਸਨ।

ਸਰਕਾਰ ਦੀ ਪਹਿਲ ਇੱਕ ਰਾਸ਼ਟਰ-ਇੱਕ ਬਜ਼ਾਰ ਦੀ ਸੋਚ ਦੇ ਤਹਿਤ ਸੀ, ਜਿਸ ਦਾ ਐਲਾਨ ਪ੍ਰਧਾਨ ਮੰਤਰੀ ਨੇ 2016 ਵਿੱਚ ਲਾਲ ਕਿਲੇ ਦੀ ਫਸੀਲ ਤੋਂ ਕੀਤਾ ਸੀ। ਇਹ ਇੱਕ ਅਜਿਹਾ ਸੁਧਾਰ ਸੀ ਜਿਸ ਦਾ ਆਜ਼ਾਦੀ ਦੇ ਬਾਅਦ ਤੋਂ ਹੀ ਕਿਸਾਨਾਂ ਨੂੰ ਇੰਤਜ਼ਾਰ ਸੀ। ਕੇਂਦਰ ਸਰਕਾਰ ਨੇ ਇਸ ਐਲਾਨ ਦੇ ਪਹਿਲਾਂ ਤੋਂ ਹੀ

ਫਸਲ ਸੁਰੱਖਿਆ ਰਾਹੀਂ ਖੁਸ਼ਹਾਲੀ ਦਾ ਰਸਤਾ

ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ

ਪੀਐੱਮਐੱਫਬੀਵਾਈ ਦੀ ਸ਼ੁਰੂਆਤ 18 ਫਰਵਰੀ, 2016 ਨੂੰ ਕੀਤੀ ਗਈ। ਹੁਣ ਜੰਗਲੀ ਜਾਨਵਰਾਂ ਦੁਆਰਾ ਫਸਲ ਨੁਕਸਾਨ ਅਤੇ ਝੋਨੇ ਦੀ ਫਸਲ ਵਿੱਚ ਪਾਣੀ ਭਰਨ ਦੋਵੇਂ ਪੀਐੱਮਐੱਫਬੀਵਾਈ ਵਿੱਚ ਸ਼ਾਮਲ। ਖਰੀਫ ਸੀਜ਼ਨ 2026 ਤੋਂ ਪੂਰੇ ਦੇਸ਼ ਵਿੱਚ ਲਾਗੂ ਕੀਤੇ ਜਾਣਗੇ।

92.92 ਕਰੋੜ **ਕਿਸਾਨ ਬਿਨੈਕਾਰਾਂ ਦੀ 55.48 ਕਰੋੜ ਹੈਕਟੇਅਰ ਫਸਲ ਦਾ ਬੀਮਾ, ਯੋਜਨਾ ਦੀ ਸ਼ੁਰੂਆਤ ਤੋਂ 8 ਜਨਵਰੀ, 2026 ਤੱਕ ਕੀਤਾ ਗਿਆ। ਬਿਨੈਕਾਰਾਂ ਵਿੱਚ 50% ਤੋਂ ਵੱਧ ਓਬੀਸੀ, ਐੱਸਸੀ ਅਤੇ ਐੱਸਟੀ ਕਿਸਾਨ।**

1,91,620 ਕਰੋੜ ਰੁਪਏ

ਦਾ ਕਲੇਮ ਕਿਸਾਨਾਂ ਨੂੰ ਮਿਲਿਆ। ਕਿਸਾਨਾਂ ਨੇ 39,446 ਕਰੋੜ ਰੁਪਏ ਦੇ ਪ੍ਰੀਮੀਅਮ ਦਾ ਭੁਗਤਾਨ ਕੀਤਾ ਸੀ।

ਖਾਦ

ਕਿਸਾਨਾਂ ਨੂੰ 1,633 ਰੁਪਏ ਵਾਲੇ ਯੂਰੀਆ ਦੀ ਬੋਰੀ ਸਰਕਾਰ 266 ਰੁਪਏ ਵਿੱਚ ਅਤੇ ਡੀਏਪੀ ਦੀ 50 ਕਿਲੋ ਦੀ 3,100 ਰੁਪਏ ਵਾਲੀ ਬੋਰੀ 1,350 ਰੁਪਏ ਵਿੱਚ ਉਪਲਬਧ ਕਰਵਾਉਂਦੀ ਹੈ। ਬਾਕੀ ਰਾਸ਼ੀ ਸਬਸਿਡੀ ਦੇ ਰੂਪ ਵਿੱਚ ਸਹਿਣ ਕਰਦੀ ਹੈ।

14.6 ਲੱਖ ਕਰੋੜ ਰੁਪਏ ਖਾਦ ਸਬਸਿਡੀ 'ਤੇ ਸਰਕਾਰ ਨੇ ਖਰਚ ਕੀਤੇ।

525 ਲੱਖ ਟਨ ਦੇ ਲਗਭਗ ਯੂਰੀਆ ਦਾ ਉਤਪਾਦਨ ਵਰ੍ਹੇ 2025 ਵਿੱਚ ਹੋਇਆ।

ਮਿੱਟੀ ਦੀ ਸਿਹਤ

ਸਰਕਾਰ ਸੌਇਲ ਹੈਲਥ ਐਂਡ ਫਰਟੀਲਾਈਜ਼ ਯੋਜਨਾ ਰਾਹੀਂ ਖਾਦ ਦੇ ਉੱਤਮ ਉਪਯੋਗ ਨੂੰ ਹੁਲਾਰਾ ਦਿੰਦੀ ਹੈ। ਘੱਟ ਤੋਂ ਘੱਟ ਤਿੰਨ ਵਰ੍ਹਿਆਂ ਵਿੱਚ ਇੱਕ ਵਾਰ ਖੇਤ ਦਾ ਸੌਇਲ ਹੈਲਥ ਕਾਰਡ ਜਾਰੀ ਕੀਤਾ ਜਾਂਦਾ ਹੈ।

25.61 ਕਰੋੜ **ਸੌਇਲ ਹੈਲਥ ਕਾਰਡ ਯੋਜਨਾ ਦੀ 2014-15 ਵਿੱਚ ਸ਼ੁਰੂਆਤ ਤੋਂ 9 ਦਸੰਬਰ, 2025 ਤੱਕ ਵੰਡੇ ਗਏ। 40 ਅਕਾਂਖੀ ਜ਼ਿਲ੍ਹਿਆਂ ਵਿੱਚ 290 ਲੱਖ ਹੈਕਟੇਅਰ ਜ਼ਮੀਨ 'ਤੇ ਮਿੱਟੀ ਦੀ ਮੈਪਿੰਗ ਦਾ ਕਾਰਜ ਪੂਰਾ ਹੋ ਚੁੱਕਿਆ ਹੈ।**

ਫਸਲ ਵਿਭਿੰਨਤਾ ਪ੍ਰੋਗਰਾਮ

ਯੋਜਨਾ ਦਾ ਉਦੇਸ਼ ਕਿਸਾਨਾਂ ਨੂੰ ਝੋਨੇ ਜਿਹੀ ਪਾਣੀ ਦੀ ਵੱਧ ਖਪਤ ਵਾਲੀ ਫਸਲਾਂ ਨੂੰ ਦਾਲਾਂ, ਤੇਲ ਬੀਜਾਂ ਅਤੇ ਮੋਟੇ ਅਨਾਜ ਜਿਹੇ ਵਿਕਲਪਾਂ ਵੱਲ ਤਬਦੀਲ ਕਰਨਾ ਹੈ।

- 184 ਨਵੀਆਂ ਪ੍ਰਜਾਤੀਆਂ 25 ਫਸਲਾਂ ਦੀ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ ਦੇ ਵਿਗਿਆਨੀਆਂ ਨੇ ਵੱਖ-ਵੱਖ ਖੇਤੀਬਾੜੀ-ਜਲਵਾਯੂ ਸਥਿਤੀਆਂ, ਮਿੱਟੀ ਦੇ ਪ੍ਰਕਾਰ ਅਤੇ ਖੇਤੀ ਦੀਆਂ ਵਿਧੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਸਿਤ ਕੀਤੀਆਂ ਹਨ ਜੋ ਫਸਲ ਵਿਭਿੰਨਤਾ ਨੂੰ ਗਤੀ ਦੇਵੇਗੀ।





ਪੜਾਅਵਾਰ ਤਰੀਕੇ ਨਾਲ ਕੰਮ ਸ਼ੁਰੂ ਕਰ ਦਿੱਤਾ ਸੀ। 14 ਅਪ੍ਰੈਲ 2016 ਨੂੰ ਹੀ ਇੱਕ ਦੇਸ਼-ਇੱਕ ਬਜ਼ਾਰ ਦੀ ਦਿਸ਼ਾ ਵਿੱਚ ਈ-ਨਾਮ ਪਲੈਟਫਾਰਮ ਦੀ ਵਿਵਸਥਾ ਸਾਕਾਰ ਰੂਪ ਲੈ ਚੁੱਕੀ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੋਚ ਸਮੁੱਚੇ ਰਾਸ਼ਟਰ ਦੇ ਕਿਸਾਨਾਂ ਦਾ ਸੰਤੁਲਿਤ ਅਤੇ ਨਿਆਂਪੂਰਨ ਵਿਕਾਸ ਕਰਨਾ ਹੈ ਕਿਉਂਕਿ ਹੁਣ ਤੱਕ ਮੁੱਠੀ ਭਰ ਸਮ੍ਰਿੱਧ ਕਿਸਾਨਾਂ ਨੂੰ ਹੀ ਇਸ ਦਾ ਲਾਭ ਮਿਲ ਰਿਹਾ ਸੀ ਅਤੇ ਲਗਭਗ 86 ਫੀਸਦੀ ਛੋਟੇ ਅਤੇ ਦਰਮਿਆਨੇ ਕਿਸਾਨ ਇਸ ਤੋਂ ਵੰਚਿਤ ਸਨ। ਪਰ, ਬੀਤੇ 11 ਵਰ੍ਹਿਆਂ ਵਿੱਚ ਖੇਤੀਬਾੜੀ ਖੇਤਰ ਵਿੱਚ ਪੜਾਅਵਾਰ ਤਰੀਕੇ ਯਾਨੀ ਬਿਜਾਈ ਤੋਂ ਪਹਿਲਾਂ, ਬਿਜਾਈ ਦੌਰਾਨ ਅਤੇ ਬਿਜਾਈ ਤੋਂ ਬਾਅਦ ਦੀਆਂ ਯੋਜਨਾਵਾਂ 'ਤੇ ਜਿਸ ਤਰ੍ਹਾਂ ਨਾਲ ਕੰਮ ਹੋਇਆ ਹੈ ਉਸ ਨਾਲ ਦੇਸ਼ ਦੇ ਕਿਸਾਨ ਸਬਲ ਅਤੇ ਸਸ਼ਕਤ ਹੋ ਰਹੇ ਹਨ। ਖੇਤੀਬਾੜੀ ਖੇਤਰ ਵਿੱਚ ਆਮੂਲ-ਚੂਲ ਪਰਿਵਰਤਨ ਕਰਦੇ ਹੋਏ ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਵਧਾਇਆ ਹੈ। ਜੇਕਰ ਉਦਾਹਰਣਾਂ ਵਿੱਚ ਦੇਖੀਏ ਤਾਂ ਸਰਕਾਰ ਨੇ ਖਰੀਫ ਹੋਵੇ ਜਾਂ ਰਬੀ ਸੀਜ਼ਨ, ਐੱਮਐੱਸਪੀ 'ਤੇ ਹੁਣ ਤੱਕ ਦੀ ਸਭ ਤੋਂ ਵੱਡੀ ਖਰੀਦ ਕੀਤੀ ਹੈ। ਕਿਸਾਨ ਅਤੇ ਸਰਕਾਰ ਦੀ ਇਸੇ ਸਾਂਝੇਦਾਰੀ ਦੇ ਕਾਰਨ ਅੱਜ ਭਾਰਤ ਦੇ ਅੰਨ ਭੰਡਾਰ ਭਰੇ ਪਏ ਹਨ।

ਕਿਸਾਨਾਂ ਨੂੰ ਸਭ ਤੋਂ ਵੱਡਾ ਸਨਮਾਨ

ਕਿਸਾਨਾਂ ਦੀ ਜ਼ਿੰਦਗੀ ਵਿੱਚ ਬਦਲਾਅ ਲਿਆਉਣ ਦੇ ਲਈ ਕੇਂਦਰ ਸਰਕਾਰ ਨੇ ਇੱਕ ਵੱਡੀ ਪਹਿਲ ਕੀਤੀ ਜੋ ਹੁਣ ਤੱਕ ਦੇ ਇਤਿਹਾਸ ਵਿੱਚ ਕਿਸਾਨਾਂ ਦੇ ਲਈ ਨਹੀਂ ਹੋਈ ਸੀ। ਕਿਸਾਨਾਂ ਨੂੰ ਸਨਮਾਨ ਨਿਧੀ ਦੇ ਤਹਿਤ 6 ਹਜ਼ਾਰ ਰੁਪਏ



ਪਾਣੀ ਪਹੁੰਚਿਆ ਖੇਤ ਤੱਕ ਖਰਚ ਘਟਿਆ ਜੇਬ 'ਤੇ

ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ

- 96.97 ਲੱਖ ਹੈਕਟੇਅਰ ਤੋਂ ਵੱਧ ਖੇਤਰ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੇ ਤਹਿਤ 'ਪ੍ਰਤੀ ਬੂੰਦ ਵੱਧ ਫਸਲ' ਦੇ ਤਹਿਤ ਲਾਭਵੰਦ। ਪ੍ਰਤੀ ਬੂੰਦ ਵੱਧ ਫਸਲ ਯੋਜਨਾ 2015-16 ਤੋਂ ਲਾਗੂ ਹੈ। ਇਹ ਯੋਜਨਾ ਸੂਖਮ ਸਿੰਚਾਈ ਤਕਨੀਕਾਂ, ਜਿਵੇਂ ਡ੍ਰਿਪ ਸਿੰਚਾਈ ਅਤੇ ਸਪ੍ਰਿੰਕਲਰ ਸਿੰਚਾਈ ਰਾਹੀਂ ਖੇਤ ਪੱਧਰ 'ਤੇ ਜਲ ਉਪਯੋਗ ਕੁਸ਼ਲਤਾ ਵਧਾਉਂਦੀ ਹੈ।
- 63 ਪ੍ਰਮੁੱਖ ਸਿੰਚਾਈ ਪ੍ਰੋਜੈਕਟਸ ਮਨਜ਼ੂਰ, 2 ਕਰੋੜ ਤੋਂ ਵੱਧ ਕਿਸਾਨਾਂ ਨੂੰ ਬਿਹਤਰ ਸਿੰਚਾਈ ਸੁਵਿਧਾ ਨਾਲ ਸਸ਼ਕਤ ਬਣਾਇਆ ਗਿਆ।
- ਕੇਂਦਰੀ ਕੈਬਨਿਟ ਨੇ ਵਰ੍ਹੇ 2025-26 ਲਈ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੀ ਉਪ-ਯੋਜਨਾ ਦੇ ਰੂਪ ਵਿੱਚ ਕਮਾਨ ਖੇਤਰ ਵਿਕਾਸ ਅਤੇ ਜਲ ਪ੍ਰਬੰਧਨ ਦੇ ਆਧੁਨਿਕੀਕਰਣ ਨੂੰ ਮਨਜ਼ੂਰੀ ਦਿੱਤੀ।

ਪੀਐੱਮ ਕੁਸੁਮ ਯੋਜਨਾ

- ਮਾਰਚ 2019 ਵਿੱਚ ਸ਼ੁਰੂ ਪੀਐੱਮ-ਕੁਸੁਮ ਯੋਜਨਾ ਨੂੰ ਜਨਵਰੀ 2024 ਵਿੱਚ ਵਿਸਤਾਰ ਕੀਤਾ ਗਿਆ।

34,800

ਮੈਗਾਵਾਟ ਸੋਲਰ ਸਮਰੱਥਾ ਨੂੰ ਜੋੜਨਾ ਯੋਜਨਾ ਦਾ ਟੀਚਾ, 34,422 ਕਰੋੜ ਰੁਪਏ ਦੀ ਕੇਂਦਰੀ ਵਿੱਤੀ ਸਹਾਇਤਾ ਮਾਰਚ 2026 ਤੱਕ ਦਿੱਤੀ ਜਾਵੇਗੀ।

ਜੀਐੱਸਟੀ ਸੁਧਾਰ ਨਾਲ ਖੇਤੀਬਾੜੀ ਨੂੰ ਮਿਲਿਆ ਲਾਭ

ਖੇਤੀਬਾੜੀ ਖੇਤਰ ਵਿੱਚ ਜੀਐੱਸਟੀ ਬਦਲਾਅ ਕਿਸਾਨ ਅਨੁਕੂਲ, ਗ੍ਰਾਮੀਣ ਭਲਾਈ ਅਤੇ ਸਥਿਰਤਾ ਦੀ ਦਿਸ਼ਾ ਵਿੱਚ ਚੁੱਕਿਆ ਗਿਆ ਇੱਕ ਕਦਮ ਹੈ ਜਿਸ ਨਾਲ ਕਿਸਾਨਾਂ ਦੀ ਲਾਗਤ ਵਿੱਚ ਕਟੌਤੀ ਹੋਵੇਗੀ। ਨਾਲ ਹੀ ਸਹਿਕਾਰੀ ਕਮੇਟੀ ਅਤੇ ਕਿਸਾਨ ਉਤਪਾਦਕ ਸੰਗਠਨਾਂ ਨੂੰ ਵੀ ਲਾਭ ਮਿਲੇਗਾ।

- 5 ਫੀਸਦੀ ਕੀਤੀ ਗਈ 1,800 ਸੀਸੀ ਤੋਂ ਹੇਠਾਂ ਦੇ ਟ੍ਰੈਕਟਰ 'ਤੇ ਲਗਣ ਵਾਲੀ 12% ਦੀ ਜੀਐੱਸਟੀ ਨੂੰ। ਉੱਥੇ ਹੀ ਟ੍ਰੈਕਟਰ ਪੁਰਜਿਆਂ 'ਤੇ ਜੀਐੱਸਟੀ ਵੀ 18 ਫੀਸਦੀ ਤੋਂ ਘਟਾ ਕੇ 5 ਫੀਸਦੀ ਕੀਤੀ ਗਈ।
- 18 ਫੀਸਦੀ ਕੀਤੀ ਗਈ ਜੀਐੱਸਟੀ ਕਮਰਸ਼ੀਅਲ ਮਾਲ ਵਾਹਨਾਂ 'ਤੇ 28 ਫੀਸਦੀ ਤੋਂ ਘਟਾ ਕੇ।
- 5 ਫੀਸਦੀ ਕੀਤੀ ਗਈ ਤਿਆਰ ਅਤੇ ਸੁਰੱਖਿਅਤ ਸਬਜ਼ੀ, ਫਲ ਅਤੇ ਨਟਸ 'ਤੇ ਜੀਐੱਸਟੀ 12 ਫੀਸਦੀ ਤੋਂ ਘਟਾ ਕੇ। ਨਿਰਯਾਤ ਨੂੰ ਹੁਲਾਰਾ ਮਿਲੇਗਾ, ਖੇਤੀਬਾੜੀ ਨਿਰਯਾਤ ਕੇਂਦਰ ਦੇ ਰੂਪ ਵਿੱਚ ਭਾਰਤ ਦੀ ਸਥਿਤੀ ਮਜ਼ਬੂਤ ਹੋਵੇਗੀ।
- 5 ਫੀਸਦੀ ਕੀਤੀ ਗਈ ਖਾਦ ਇਨਪੁਟ ਯਾਨੀ ਅਮੋਨੀਆ, ਸਲਫਿਊਰਿਕ ਐਸਿਡ, ਨਾਈਟ੍ਰਿਕ ਐਸਿਡ 'ਤੇ ਜੀਐੱਸਟੀ, 18 ਫੀਸਦੀ ਤੋਂ ਘਟਾ ਕੇ। ਇਸ ਨਾਲ ਖਾਦ ਉਤਪਾਦਨ ਲਾਗਤ ਵਿੱਚ ਕਮੀ ਆਵੇਗੀ ਜਿਸ ਨਾਲ ਕਿਫਾਇਤੀ ਖਾਦਾਂ ਦੀ ਉਪਲਬਧਾ ਯਕੀਨੀ ਹੋਵੇਗੀ।



ਸਲਾਨਾ ਤਿੰਨ ਕਿਸ਼ਤਾਂ ਵਿੱਚ ਦੇਣ ਦੀ ਸ਼ੁਰੂਆਤ ਨੇ ਕਿਸਾਨਾਂ ਨੂੰ ਕਰਜ਼ ਮੁਆਫੀ ਦੀ ਥਾਂ ਸਸ਼ਕਤ ਕਰਨ ਦੀ ਪਹਿਲ ਕੀਤੀ, ਤਾਂ ਜੋ ਉਸ ਨੂੰ ਕਰਜ਼ ਨਾ ਲੈਣਾ ਪਵੇ। ਵਰ੍ਹੇ 2008 ਵਿੱਚ ਕਿਸਾਨਾਂ ਦੇ ਲਈ 72 ਹਜ਼ਾਰ ਕਰੋੜ ਰੁਪਏ ਦੀ ਕਰਜ਼ ਮੁਆਫੀ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਸੀ, ਜੋ ਬਾਅਦ ਵਿੱਚ ਸਿਰਫ 52 ਹਜ਼ਾਰ ਕਰੋੜ ਰੁਪਏ ਦੀ ਹੀ ਨਿਕਲੀ। ਪੀਐੱਮ ਕਿਸਾਨ ਸਨਮਾਨ ਨਿਧੀ ਦੇ ਤਹਿਤ 2025 ਤੱਕ 21 ਕਿਸ਼ਤਾਂ ਵਿੱਚ ਲਗਭਗ 4 ਲੱਖ ਕਰੋੜ ਰੁਪਏ ਤੋਂ ਵੱਧ ਕਿਸਾਨਾਂ ਨੂੰ ਸਿੱਧਾ ਬੈਂਕ ਖਾਤੇ ਵਿੱਚ ਪਹੁੰਚਾ ਦਿੱਤੇ ਗਏ ਹਨ। ਇਸ ਵਿੱਚ ਲਗਭਗ 1 ਲੱਖ ਕਰੋੜ ਰੁਪਏ ਤਾਂ ਕੋਰੋਨਾ ਦੇ ਮੁਸ਼ਕਲ ਸਮੇਂ ਵਿੱਚ ਹੀ ਛੋਟੇ ਕਿਸਾਨਾਂ

> “
>
> ਅੱਜ ਪਿੰਡਾਂ ਵਿੱਚ ਨਮੋ ਡ੍ਰੋਨ ਦੀਦੀਆਂ... ਖਾਦ ਅਤੇ ਕੀਟਨਾਸ਼ਕ ਛਿੜਕਾਅ ਦੇ ਆਧੁਨਿਕ ਤਰੀਕਿਆਂ ਦੀ ਅਗਵਾਈ ਕਰ ਰਹੀਆਂ ਹਨ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਬਾਗਵਾਨੀ ਵਿੱਚ ਵੀ ਸਰਕਾਰ ਦਾ ਸਾਥ

ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ

ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ ਨੇ ਮਛੇਰਿਆਂ ਨੂੰ ਰਿਕਾਰਡ ਪੈਦਾਵਾਰ, ਵਧਦੇ ਨਿਰਯਾਤ ਅਤੇ ਸਮਾਵੇਸ਼ੀ ਅਤੇ ਟਿਕਾਊ ਵਿਕਾਸ ਦੇ ਨਾਲ ਸਸ਼ਕਤ ਬਣਾਇਆ ਜਿਸ ਦੀ 10 ਸਤੰਬਰ, 2020 ਨੂੰ ਸ਼ੁਰੂਆਤ ਕੀਤੀ ਗਈ ਸੀ। ਹੁਣ ਭਾਰਤ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਬਣਿਆ।

58 ਲੱਖ

ਰੁਜ਼ਗਾਰ ਸਿਰਜਣ ਅਤੇ 99,018 ਮਹਿਲਾਵਾਂ ਦਾ ਯੋਜਨਾ ਨਾਲ ਹੋਇਆ ਸਸ਼ਕਤੀਕਰਣ।

11 ਵਰ੍ਹਿਆਂ ਵਿੱਚ ਦੁੱਗਣੇ ਤੋਂ ਵੱਧ ਹੋਇਆ ਮੱਛੀ ਉਤਪਾਦ





ਗੋਕੁਲ ਮਿਸ਼ਨ

ਵਿਸ਼ਵ ਦੀਆਂ 14% ਗਊਆਂ ਅਤੇ 57% ਮੱਝਾਂ ਦੇ ਨਾਲ ਪਸ਼ੂ ਆਬਾਦੀ ਦੇ ਮਾਮਲੇ ਵਿੱਚ ਭਾਰਤ ਪਹਿਲੇ ਨੰਬਰ 'ਤੇ ਹੈ। 16 ਦਸੰਬਰ, 2014 ਨੂੰ ਦੇਸੀ ਗਊ ਦੀਆਂ ਨਸਲਾਂ ਦੇ ਵਿਕਾਸ ਅਤੇ ਸੰਭਾਲ, ਦੁੱਧ ਉਤਪਾਦਨ ਅਤੇ ਉਤਪਾਦਕਤਾ ਵਿੱਚ ਵਾਧੇ ਦੇ ਉਦੇਸ਼ ਨਾਲ ਰਾਸ਼ਟਰੀ ਗੋਕੁਲ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ।

- 1.28 ਕਰੋੜ ਸੈਕਸ ਸੋਰਟੇਡ ਸੀਮੇਨ ਖੁਰਾਕ ਦਾ ਉਤਪਾਦਨ; ਸਵਦੇਸ਼ੀ ਟੈਕਨੋਲੋਜੀ ਰਾਹੀਂ ਲਾਗਤ 800 ਰੁਪਏ ਤੋਂ ਘਟਾ ਕੇ 250 ਰੁਪਏ ਪ੍ਰਤੀ ਖੁਰਾਕ ਕੀਤੀ ਗਈ।

14.56 ਕਰੋੜ

ਪਸ਼ੂਆਂ ਦਾ ਗਰਭਧਾਰਨ ਮਿਸ਼ਨ ਦੇ ਆਰਟੀਫਿਸ਼ੀਅਲ ਗਰਭਧਾਰਨ ਪ੍ਰੋਗਰਾਮ ਵਿੱਚ ਕਰਵਾਇਆ ਗਿਆ। 9.36 ਕਰੋੜ ਪਸ਼ੂ ਯੋਜਨਾ ਵਿੱਚ ਸ਼ਾਮਲ। 5.62 ਕਰੋੜ ਤੋਂ ਵੱਧ ਕਿਸਾਨ ਇਸ ਦੇ ਲਾਭਾਰਥੀ।



ਖੇਤੀਬਾੜੀ ਜੰਗਲਾਤ



ਫਸਲ ਅਤੇ ਫਸਲ ਪਣਾਲੀਆਂ ਦੇ ਨਾਲ-ਨਾਲ ਖੇਤ 'ਤੇ ਪੌਦੇ ਲਗਾਉਣ ਨੂੰ ਪ੍ਰੋਤਸਾਹਿਤ ਕਰਨ ਦੇ ਲਈ ਰਾਸ਼ਟਰੀ ਟਿਕਾਊ ਖੇਤੀਬਾੜੀ ਮਿਸ਼ਨ ਦੇ ਤਹਿਤ ਖੇਤੀਬਾੜੀ ਜੰਗਲਾਤ 'ਤੇ ਉਪ-ਮਿਸ਼ਨ (ਐੱਸਐੱਮਏਐੱਫ) ਲਾਗੂਕਰਨ ਕੀਤਾ ਗਿਆ।

3.93 ਕਰੋੜ

ਹੈਕਟੇਅਰ ਖੇਤੀਬਾੜੀ ਜੰਗਲਾਤ ਖੇਤਰ ਭਾਰਤ ਦਾ ਹੈ। ਭਾਰਤ ਅਤੇ ਇੰਡੋਨੇਸ਼ੀਆ ਦਾ ਕੁੱਲ ਖੇਤੀਬਾੜੀ ਜੰਗਲਾਤ ਖੇਤਰ ਏਸ਼ੀਆ ਵਿੱਚ ਖੇਤੀਬਾੜੀ ਜੰਗਲਾਤ ਖੇਤਰ ਦਾ ਕਰੀਬ-ਕਰੀਬ 100 ਫੀਸਦੀ ਹੈ। ਆਲਮੀ ਪੱਧਰ 'ਤੇ ਯੋਗਦਾਨ ਲਗਭਗ 70% ਹੈ।

ਰਾਸ਼ਟਰੀ ਮਧੂਮੱਖੀ ਪਾਲਣ ਅਤੇ ਸ਼ਹਿਦ ਮਿਸ਼ਨ

ਆਤਮਨਿਰਭਰ ਭਾਰਤ ਅਭਿਆਨ ਦੇ ਇੱਕ ਹਿੱਸੇ ਦੇ ਤੌਰ 'ਤੇ ਰਾਸ਼ਟਰੀ ਮਧੂਮੱਖੀ ਪਾਲਣ ਅਤੇ ਸ਼ਹਿਦ ਮਿਸ਼ਨ ਸ਼ੁਰੂ ਕੀਤਾ ਗਿਆ ਤਾਂ ਜੋ 'ਮੀਠੀ ਕ੍ਰਾਂਤੀ' ਦਾ ਟੀਚਾ ਹਾਸਲ ਕੀਤਾ ਜਾ ਸਕੇ।

- ਭਾਰਤ ਜੁਲਾਈ, 2025 ਵਿੱਚ ਚੀਨ ਦੇ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸ਼ਹਿਦ ਨਿਰਯਾਤਕ ਬਣਿਆ, ਵਰ੍ਹੇ 2020 ਵਿੱਚ ਨੌਵੇਂ ਸਥਾਨ 'ਤੇ ਸੀ।

1.07 ਲੱਖ

ਮੀਟ੍ਰਿਕ ਟਨ ਕੁਦਰਤੀ ਸ਼ਹਿਦ ਦਾ ਉਤਪਾਦਨ 2023-24 ਵਿੱਚ ਭਾਰਤ ਨੇ ਕੀਤਾ।



ਤੱਕ ਪਹੁੰਚੇ ਹਨ। ਇਹੀ ਨਹੀਂ, ਕੋਰੋਨਾ ਕਾਲ ਵਿੱਚ ਹੀ 2 ਕਰੋੜ ਤੋਂ ਜ਼ਿਆਦਾ ਕਿਸਾਨ ਕ੍ਰੈਡਿਟ ਕਾਰਡ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਛੋਟੇ ਕਿਸਾਨ ਹਨ। ਕਿਸਾਨ ਕ੍ਰੈਡਿਟ ਕਾਰਡ ਰਾਹੀਂ ਕਿਸਾਨਾਂ ਨੇ ਹਜ਼ਾਰਾਂ ਕਰੋੜ ਰੁਪਏ ਦਾ ਲੋਨ ਵੀ ਲਿਆ ਹੈ। ਕਲਪਨਾ ਕਰੋ, ਜੇਕਰ ਇਹ ਮਦਦ ਛੋਟੇ ਕਿਸਾਨਾਂ ਨੂੰ ਨਾ ਮਿਲਦੀ ਤਾਂ, 100 ਵਰ੍ਹੇ ਦੀ ਇਸ ਸਭ ਤੋਂ ਵੱਡੀ ਆਫਤ ਵਿੱਚ ਉਨ੍ਹਾਂ ਦੀ ਕੀ ਸਥਿਤੀ ਹੁੰਦੀ? ਉਨ੍ਹਾਂ ਨੂੰ ਛੋਟੀਆਂ-ਛੋਟੀਆਂ ਜ਼ਰੂਰਤਾਂ ਦੇ ਲਈ ਕਿੱਥੇ-ਕਿੱਥੇ ਤੱਕ ਨਹੀਂ ਭਟਕਣਾ ਪੈਂਦਾ? ਹੁਣ ਕਿਸਾਨ ਕ੍ਰੈਡਿਟ ਕਾਰਡ ਦੀ ਸੁਵਿਧਾ ਨਾਲ ਪਸ਼ੂ ਪਾਲਕਾਂ ਅਤੇ ਮੱਛੀ ਪਾਲਕਾਂ ਨੂੰ ਵੀ ਜੋੜਿਆ ਜਾ ਚੁੱਕਿਆ ਹੈ। ਜੇਕਰ ਤਾਜ਼ਾ ਅੰਕੜਿਆਂ ਨੂੰ ਦੇਖੀਏ ਤਾਂ ਕੇਸੀਸੀ ਨਾਲ ਵਰ੍ਹੇ 2025 ਵਿੱਚ ਕਿਸਾਨਾਂ ਨੂੰ 10 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦੀ ਮਦਦ ਮਿਲੀ। ਅੱਜ ਭਾਰਤ ਖੇਤੀਬਾੜੀ ਨਿਰਯਾਤ ਦੇ ਮਾਮਲੇ ਵਿੱਚ ਪਹਿਲੀ ਵਾਰ ਦੁਨੀਆ ਦੇ ਟੌਪ-10 ਦੇਸ਼ਾਂ ਵਿੱਚ ਪਹੁੰਚਿਆ ਹੈ।

ਤਾਂ ਜੋ ਧਨ-ਧਾਨਯ ਨਾਲ ਖੁਸ਼ਹਾਲ ਹੋਵੇ ਰਾਸ਼ਟਰ

ਅੱਜ ਦੇਸ਼ ਦਾ ਸੁਭਾਅ ਅਜਿਹਾ ਬਣ ਗਿਆ ਹੈ ਕਿ ਉਹ ਕੁਝ ਉਪਲਬਧੀਆਂ ਨਾਲ ਹੀ ਸੰਤੁਸ਼ਟ ਨਹੀਂ ਹੁੰਦਾ ਹੈ। ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦੇ ਲਈ ਹਰ ਖੇਤਰ ਵਿੱਚ ਬਿਹਤਰ ਕਰਨ ਦੇ ਯਤਨ ਹੋ ਰਹੇ ਹਨ। ਇਸੇ ਸੋਚ ਦਾ ਨਤੀਜਾ ਹੈ ਵਰ੍ਹੇ 2025 ਵਿੱਚ ਕਿਸਾਨਾਂ ਦੀ ਮਦਦ ਦੇ ਲਈ 35 ਹਜ਼ਾਰ ਕਰੋੜ ਰੁਪਏ ਦੀਆਂ ਦੋ ਨਵੀਆਂ ਯੋਜਨਾਵਾਂ ਦੀ ਸ਼ੁਰੂਆਤ ਜਿਨ੍ਹਾਂ ਵਿੱਚ ਸ਼ਾਮਲ ਹੈ- ਪੀਐੱਮ ਧਨ-ਧਾਨਯ ਕ੍ਰਿਸ਼ੀ ਯੋਜਨਾ। ਇਸ ਯੋਜਨਾ ਦੀ ਪ੍ਰੇਰਣਾ ਬਣੀ ਹੈ,



ਖੇਤੀਬਾੜੀ ਅਤੇ ਕਿਸਾਨ ਨੂੰ ਮਿਲਿਆ ਤਕਨੀਕ ਦਾ ਸਾਥ

ਕੇਂਦਰ ਸਰਕਾਰ ਨੇ ਡਿਜੀਟਲ ਐਗਰੀਕਲਚਰ ਮਿਸ਼ਨ ਦੀ ਸ਼ੁਰੂਆਤ ਕੀਤੀ ਹੈ। ਇਸ ਵਿੱਚ ਡਿਜੀਟਲ ਖੇਤੀਬਾੜੀ ਇਨਫ੍ਰਾਸਟ੍ਰਕਚਰ ਤਿਆਰ ਕੀਤੇ ਜਾ ਰਹੇ ਹਨ। ਇਸ ਵਿੱਚ ਐਗ੍ਰੀਸਟੈਕ, ਖੇਤੀਬਾੜੀ ਫੈਸਲੇ ਸਹਾਇਤਾ ਪ੍ਰਣਾਲੀ, ਵਿਆਪਕ ਮਿੱਟੀ ਉਪਜਾਊ ਸ਼ਕਤੀ ਅਤੇ ਪ੍ਰੋਫਾਈਲ ਮੈਪਿੰਗ ਅਤੇ ਆਈਟੀ ਪਹਿਲ ਸ਼ਾਮਲ ਹਨ।

15,000

ਡ੍ਰੋਨ ਖਰੀਦਣ ਦੀ ਯੋਜਨਾ ਕੇਂਦਰ ਸਰਕਾਰ ਨੇ ਮਨਜ਼ੂਰ ਕੀਤੀ ਹੈ ਜਿਸ ਵਿੱਚ 1,094 ਡ੍ਰੋਨ ਵੰਡੇ ਗਏ ਹਨ ਅਤੇ ਡ੍ਰੋਨ ਦੀਦੀ ਨੂੰ ਟ੍ਰੇਨਿੰਗ ਵੀ ਦਿੱਤੀ ਗਈ ਹੈ।



75%

ਰਾਸ਼ੀ ਦੀ ਗ੍ਰਾਂਟ ਕਿਸਾਨ ਉਤਪਾਦਕ ਸੰਗਠਨਾਂ ਨੂੰ ਕਿਸਾਨ ਡ੍ਰੋਨ ਦੀ ਖਰੀਦ 'ਤੇ ਦਿੱਤੀ ਜਾਂਦੀ ਹੈ। ਕਿਸਾਨਾਂ ਨੂੰ ਕਿਰਾਏ 'ਤੇ ਡ੍ਰੋਨ ਉਪਲਬਧ ਕਰਵਾਉਣ ਵਾਲੀ ਸਹਿਕਾਰੀ ਸਭਾ, ਐੱਫਪੀਓ ਅਤੇ ਗ੍ਰਾਮੀਣ ਉੱਦਮੀਆਂ ਨੂੰ ਵੀ ਡ੍ਰੋਨ ਦੀ ਖਰੀਦ 'ਤੇ 40% ਦੀ ਦਰ ਨਾਲ ਵੱਧ ਤੋਂ ਵੱਧ 4 ਲੱਖ ਰੁਪਏ ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

7.68 ਕਰੋੜ

ਕਿਸਾਨ ਆਈਡੀ 4 ਦਸੰਬਰ 2025 ਤੱਕ ਬਣਾਏ ਜਾ ਚੁੱਕੇ ਹਨ 14 ਰਾਜਾਂ ਵਿੱਚ। ਇਨ੍ਹਾਂ ਰਾਜਾਂ ਵਿੱਚ ਪੀਐੱਮ ਕਿਸਾਨ ਯੋਜਨਾ ਵਿੱਚ ਰਜਿਸਟ੍ਰੇਸ਼ਨ ਦੇ ਲਈ ਕਿਸਾਨ ਆਈਡੀ ਲਾਜ਼ਮੀ ਕੀਤੀ ਗਈ ਹੈ।

2,096

ਖੇਤੀਬਾੜੀ ਸਟਾਰਟਅੱਪਸ ਨੂੰ 2019-20 ਤੋਂ 2025-26 ਤੱਕ ਨਵੀਨਤਾ ਅਤੇ ਖੇਤੀਬਾੜੀ ਉੱਦਮਤਾ ਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਰਾਸ਼ਟਰੀ ਖੇਤੀਬਾੜੀ ਵਿਕਾਸ ਯੋਜਨਾ ਦੇ ਤਹਿਤ ਸਰਕਾਰ ਨੇ ਤਕਨੀਕੀ ਅਤੇ ਵਿੱਤੀ ਸਹਾਇਤਾ ਦਿੱਤੀ ਹੈ।

- 2.76 ਕਰੋੜ ਸੰਪੱਤੀ ਕਾਰਡ ਸਵਾਮਿਤਵ ਯੋਜਨਾ ਦੇ ਤਹਿਤ 1.82 ਲੱਖ ਪਿੰਡਾਂ ਵਿੱਚ ਤਿਆਰ ਕੀਤੇ ਜਾ ਚੁੱਕੇ ਹਨ। 3.28 ਲੱਖ ਪਿੰਡ ਵਿੱਚ ਡ੍ਰੋਨ ਸਰਵੇਖਣ ਦਾ ਕੰਮ ਪੂਰਾ ਹੋ ਗਿਆ ਹੈ। ਮਾਰਚ, 2026 ਤੱਕ 3.44 ਲੱਖ ਪਿੰਡ ਨੂੰ ਕਵਰ ਕਰਨ ਦਾ ਟੀਚਾ ਹੈ।

- **ਖੇਤੀਬਾੜੀ ਮਸ਼ੀਨੀਕਰਣ:** ਦੇਸ਼ ਵਿੱਚ ਵੱਖ-ਵੱਖ ਫਸਲਾਂ ਅਤੇ ਉਨ੍ਹਾਂ ਦੇ ਖੇਤੀਬਾੜੀ ਸੰਚਾਲਨ ਵਿੱਚ ਖੇਤੀਬਾੜੀ ਮਸ਼ੀਨੀਕਰਣ ਦਾ ਔਸਤ ਪੱਧਰ ਅਲੱਗ-ਅਲੱਗ ਹੈ। ਬੀਜ ਦੀ ਕਿਆਰੀ ਤਿਆਰ ਕਰਨ ਦੇ ਲਈ 70%, ਬਿਜਾਈ-ਲਗਾਉਣ ਵਿੱਚ 40%, ਛੰਟਾਈ ਵਿੱਚ 33% ਅਤੇ ਵਾਢੀ ਅਤੇ ਥ੍ਰੇਸ਼ਿੰਗ ਲਈ 34% ਹੈ। ਨਤੀਜੇ ਸਦਕਾ ਕੁੱਲ ਔਸਤ ਮਸ਼ੀਨੀਕਰਣ 45% ਹੈ।



ਅਕਾਂਖੀ ਜ਼ਿਲ੍ਹਾ ਯੋਜਨਾ ਦੀ ਸਫਲਤਾ। ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਨਾਲ 112 ਪਛੜੇ ਜ਼ਿਲ੍ਹਿਆਂ 'ਤੇ ਫੋਕਸ ਕੀਤਾ, ਉਸੇ ਤਰ੍ਹਾਂ ਨਾਲ ਹੁਣ ਅਜਿਹੇ ਖੇਤਰਾਂ ਦੀ ਪਛਾਣ ਖੇਤੀਬਾੜੀ ਦੇ ਵਿਕਾਸ ਦੇ ਲਿਹਾਜ਼ ਨਾਲ ਕੀਤੀ ਗਈ ਹੈ। ਪੀਐੱਮ ਧਨ-ਧਾਨਯ ਕ੍ਰਿਸ਼ੀ ਯੋਜਨਾ ਦਾ ਡਿਜ਼ਾਈਨ ਅਜਿਹਾ ਹੈ ਕਿ ਹਰ ਜ਼ਿਲ੍ਹੇ ਦੀ ਆਪਣੀ ਜ਼ਰੂਰਤ ਦੇ ਹਿਸਾਬ ਨਾਲ ਇਸ ਦੀ ਯੋਜਨਾ ਵਿੱਚ ਬਦਲਾਅ ਲਿਆਂਦਾ ਜਾ ਸਕਦਾ ਹੈ। ਦੂਜਾ ਹੈ- ਦਾਲਾਂ ਦਾ ਆਤਮਨਿਰਭਰਤਾ ਮਿਸ਼ਨ। ਦਾਲਾਂ ਦਾ ਆਤਮਨਿਰਭਰਤਾ ਮਿਸ਼ਨ ਸਿਰਫ ਦਾਲ ਉਤਪਾਦਨ ਵਧਾਉਣ ਦਾ ਮਿਸ਼ਨ ਨਹੀਂ ਹੈ, ਸਗੋਂ ਭਾਵੀ ਪੀੜ੍ਹੀ ਨੂੰ ਸਸ਼ਕਤ ਬਣਾਉਣ ਦਾ ਵੀ ਅਭਿਆਨ ਹੈ।

ਪੀਐੱਮ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ ਖੇਤੀ ਦੇ ਇਲਾਵਾ ਵੀ ਕਿਸਾਨਾਂ ਦੇ ਲਈ ਕਈ ਰਸਤੇ ਖੋਲ੍ਹੇ ਹਨ ਅਤੇ ਉਨ੍ਹਾਂ ਵਿੱਚ ਮਦਦ ਕਰ ਰਹੀ ਹੈ। ਪਸ਼ੂ ਪਾਲਣ ਤੋਂ ਲੈ ਕੇ ਮਧੂ ਮੱਖੀ ਪਾਲਣ ਅਤੇ ਮੱਛੀ ਪਾਲਣ ਤੋਂ ਲੈ ਕੇ ਔਰਗੈਨਿਕ ਖੇਤੀ ਤੱਕ, ਕੇਂਦਰ ਸਰਕਾਰ ਨੇ ਸਾਰੇ ਮੋਰਚਿਆਂ 'ਤੇ ਕਿਸਾਨਾਂ ਨੂੰ ਨਵੀਂ ਰਾਹ ਦਿਖਾਈ ਹੈ। ਕਿਸਾਨ ਰੇਲ ਦੀ ਸ਼ੁਰੂਆਤ ਹੋਵੇ ਜਾਂ ਫਿਰ ਰਾਸ਼ਟਰੀ ਬਾਂਸ ਮਿਸ਼ਨ, ਕਿਸਾਨਾਂ ਦੀ ਤਕਦੀਰ ਅਤੇ ਤਸਵੀਰ ਬਦਲਣ ਦਾ ਕੰਮ ਹੁਣ ਵੀ ਜਾਰੀ ਹੈ। ਹੁਣ ਭਾਰਤ ਉਸ ਸਥਿਤੀ ਦੀ ਤਰਫ਼ ਵਧ ਰਿਹਾ ਹੈ ਜਦੋਂ ਪਿੰਡ ਦੇ ਕੋਲ ਹੀ ਅਜਿਹੇ ਕਲਸਟਰ ਬਣਨਗੇ ਜਿੱਥੇ, ਫੂਡ ਪ੍ਰੋਸੈੱਸਿੰਗ ਨਾਲ ਜੁੜੇ ਉਦਯੋਗ ਵੀ ਲਗਣਗੇ ਅਤੇ ਕੋਲ ਹੀ ਉਸ ਨਾਲ ਜੁੜੇ ਰਿਸਰਚ ਸੈਂਟਰ ਵੀ ਹੋਣਗੇ। ਯਾਨੀ ਇੱਕ ਤਰ੍ਹਾਂ ਨਾਲ ਅਸੀਂ ਕਹਿ ਸਕਦੇ ਹਾਂ- ਜੈ ਕਿਸਾਨ, ਜੈ ਵਿਗਿਆਨ ਅਤੇ ਜੈ

ਤੇਲ ਬੀਜਾਂ ਅਤੇ ਦਾਲਾਂ ਵਿੱਚ ਆਤਮਨਿਰਭਰਤਾ ਵੱਲ ਵਧੇ ਕਦਮ

ਰਾਸ਼ਟਰੀ ਖੁਰਾਕ ਤੇਲ ਮਿਸ਼ਨ ਪਾਮ ਔਇਲ ਮਿਸ਼ਨ

ਮਿਸ਼ਨ ਨੂੰ 2021 ਵਿੱਚ ਮਨਜ਼ੂਰੀ ਮਿਲੀ, 11,040 ਕਰੋੜ ਰੁਪਏ ਦਾ ਵਿੱਤੀ ਖਰਚ ਨਿਰਧਾਰਿਤ ਕੀਤਾ ਗਿਆ।

6.5 ਲੱਖ

ਹੈਕਟੇਅਰ ਖੇਤਰ ਨੂੰ ਪਾਮ ਔਇਲ ਦੀ ਖੇਤੀ 2025-26 ਤੱਕ ਮਿਸ਼ਨ ਵਿੱਚ ਲਿਆਉਣ ਦਾ ਟੀਚਾ, ਕੱਚੇ ਪਾਮ ਔਇਲ (ਸੀਪੀਓ) ਦਾ ਉਤਪਾਦਨ 2029-30 ਤੱਕ 28 ਲੱਖ ਟਨ ਤੱਕ ਪਹੁੰਚਾਉਣ ਦਾ ਟੀਚਾ।

1.89 ਲੱਖ

ਹੈਕਟੇਅਰ ਖੇਤਰ ਨੂੰ ਮਿਸ਼ਨ ਦੇ ਤਹਿਤ ਮਾਰਚ, 2025 ਤੱਕ ਕਵਰ ਕੀਤਾ ਗਿਆ। ਦੇਸ਼ ਵਿੱਚ ਪਾਮ ਔਇਲ ਦਾ ਕਵਰੇਜ 5.56 ਲੱਖ ਹੈਕਟੇਅਰ ਤੱਕ ਪਹੁੰਚਿਆ।





ਰਾਸ਼ਟਰੀ ਖੁਰਾਕ ਤੇਲ ਬੀਜ ਮਿਸ਼ਨ - ਤੇਲ ਬੀਜ

- ਖੁਰਾਕ ਤੇਲ ਬੀਜ ਉਤਪਾਦਨ ਵਿੱਚ ਆਤਮਨਿਰਭਰਤਾ ਹਾਸਲ ਕਰਨ ਲਈ, ਰਾਸ਼ਟਰੀ ਖੁਰਾਕ ਤੇਲ ਬੀਜ ਮਿਸ਼ਨ – ਤੇਲ ਬੀਜ ਨੂੰ 2024 ਵਿੱਚ ਮਨਜ਼ੂਰੀ ਦਿੱਤੀ ਗਈ।
- ਮਿਸ਼ਨ ਦਾ ਟੀਚਾ 2030-31 ਤੱਕ ਖੇਤਰ ਕਵਰੇਜ ਨੂੰ 29 ਮਿਲੀਅਨ ਹੈਕਟੇਅਰ (2022-23) ਤੋਂ ਵਧਾ ਕੇ 33 ਮਿਲੀਅਨ ਹੈਕਟੇਅਰ ਪਹੁੰਚਾਉਣਾ ਹੈ।
- 25.45 ਮਿਲੀਅਨ ਟਨ 2030-31 ਤੱਕ ਖੁਰਾਕ ਤੇਲ ਬੀਜ ਦਾ ਉਤਪਾਦਨ ਪਹੁੰਚਾਉਣਾ ਹੈ ਮਿਸ਼ਨ ਦਾ ਟੀਚਾ ਜੋ ਸਾਡੀ ਅਨੁਮਾਨਿਤ ਘਰੇਲੂ ਜ਼ਰੂਰਤ ਦਾ ਲਗਭਗ 72 ਪ੍ਰਤੀਸ਼ਤ ਪੂਰਾ ਕਰੇਗਾ।

ਦਾਲਾਂ ਦਾ ਆਤਮਨਿਰਭਰਤਾ ਮਿਸ਼ਨ

- ਪ੍ਰਧਾਨ ਮੰਤਰੀ ਨੇ 11 ਅਕਤੂਬਰ, 2025 ਨੂੰ 11,440 ਕਰੋੜ ਰੁਪਏ ਦੀ ਬਜਟੀ ਐਲੋਕੇਸ਼ਨ ਨਾਲ ਦਾਲਾਂ ਵਿੱਚ ਆਤਮਨਿਰਭਰਤਾ ਮਿਸ਼ਨ (2025-26 ਤੋਂ 2030-31) ਦੀ ਸ਼ੁਰੂਆਤ ਕੀਤੀ।
- ਕਿਸਾਨਾਂ ਦਰਮਿਆਨ ਕੁੱਲ 88 ਲੱਖ ਮੁਫਤ ਬੀਜ ਕਿਟ ਅਤੇ 126 ਲੱਖ ਕੁਇੰਟਲ ਪ੍ਰਮਾਣਿਤ ਬੀਜ ਵੰਡੇ ਜਾਣਗੇ। ਕਰੀਬ ਦੋ ਕਰੋੜ ਕਿਸਾਨ ਲਾਭਵੰਦ ਹੋਣਗੇ।

350 ਲੱਖ ਟਨ

ਇੱਕ ਦਾਲ ਦਾ ਉਤਪਾਦਨ ਅਤੇ ਖੇਤੀ ਦੇ ਖੇਤਰ ਨੂੰ 310 ਲੱਖ ਹੈਕਟੇਅਰ ਜ਼ਮੀਨ 2030-31 ਤੱਕ ਵਾਧੇ ਦਾ ਟੀਚਾ। ਯੋਜਨਾ ਵਿੱਚ ਚਾਰ ਵਰ੍ਹਿਆਂ ਤੱਕ ਐੱਮਐੱਸਪੀ 'ਤੇ ਤੁਰ, ਉੜਦ ਅਤੇ ਮਸੂਰ ਦੀ 100 ਫੀਸਦੀ ਖਰੀਦ ਯਕੀਨੀ ਬਣਾਉਣਾ ਹੈ।



ਅਨੁਸੰਧਾਨ। ਇਨ੍ਹਾਂ ਤਿੰਨਾਂ ਦੀ ਤਾਕਤ ਜਦੋਂ ਇਕਜੁੱਟ ਹੋ ਕੇ ਕੰਮ ਕਰੇਗੀ, ਤਦ ਦੇਸ਼ ਦੇ ਕਿਸਾਨਾਂ ਦੇ ਜੀਵਨ ਵਿੱਚ ਬਹੁਤ ਵੱਡੇ ਬਦਲਾਅ ਹੋਣੇ ਤੈਅ ਹਨ।

ਡੇਢ ਗੁਣਾ ਐੱਮਐੱਸਪੀ: ਉਪਜ ਦੀ ਸਹੀ ਕੀਮਤ

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਉਤਪਾਦਨ ਵਧਾਉਣ, ਲਾਗਤ ਘਟਾਉਣ ਅਤੇ ਉਤਪਾਦਨ ਦੀ ਸਹੀ ਕੀਮਤ ਦੇਣ ਦੇ ਤਿੰਨ ਮਹੱਤਵਪੂਰਨ ਕੰਮ ਕੀਤੇ ਗਏ ਹਨ। ਸਰਕਾਰ ਦਾ ਇੱਕ ਹੀ ਉਦੇਸ਼ ਅਤੇ ਫਾਰਮੂਲਾ ਹੈ ਅਤੇ ਉਹ ਹੈ ਕਿਸਾਨਾਂ ਦੀ ਭਲਾਈ। ਕੇਂਦਰ ਸਰਕਾਰ ਨੇ ਵਰ੍ਹੇ 2019 ਵਿੱਚ ਤੈਅ ਕੀਤਾ

> “ਦਾਲਾਂ ਦਾ ਆਤਮਨਿਰਭਰਤਾ ਮਿਸ਼ਨ... ਸਿਰਫ਼ ਦਾਲ ਉਤਪਾਦਨ ਵਧਾਉਣ ਦਾ ਮਿਸ਼ਨ ਨਹੀਂ ਹੈ, ਸਗੋਂ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਸ਼ਕਤ ਬਣਾਉਣ ਦਾ ਵੀ ਅਭਿਆਨ ਹੈ। ਉੱਥੇ ਹੀ, ਪੀਐੱਮ ਧਨ ਧਾਨਯ ਖੇਤੀਬਾੜੀ ਯੋਜਨਾ ਦੀ ਇੱਕ ਵੱਡੀ ਭੂਮਿਕਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਕਿ ਲਾਗਤ ‘ਤੇ 50% ਮੁਨਾਫਾ ਦੇ ਕੇ ਐੱਮਐੱਸਪੀ ਤੈਅ ਕੀਤੀ ਜਾਵੇਗੀ, ਉੱਥੇ ਕਿਸਾਨਾਂ ਤੋਂ ਤੁਅਰ, ਮਸੂਰ ਅਤੇ ਉੜਦ 100% ਖਰੀਦੀ ਤੈਅ ਕੀਤੀ ਗਈ। ਜਦਕਿ ਪਹਿਲਾਂ ਕਿਹਾ ਜਾਂਦਾ ਸੀ ਕਿ ਲਾਗਤ ‘ਤੇ ਸਿੱਧਾ 50% ਵਾਧਾ ਨਿਰਧਾਰਿਤ ਕਰਨ ਨਾਲ ਮੰਡੀ ‘ਤੇ ਪ੍ਰਭਾਵ ਪੈ ਸਕਦਾ ਹੈ। ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਪੂਰੀ ਤਰ੍ਹਾਂ ਮੰਨਦੇ ਹੋਏ ਕੁੱਲ ਲਾਗਤ ‘ਤੇ 50% ਮੁਨਾਫਾ ਦੇ ਕੇ ਐੱਮਐੱਸਪੀ ‘ਤੇ ਫਸਲ ਖਰੀਦ ਹੋ ਰਹੀ ਹੈ ਅਤੇ ਕਈ ਫਸਲਾਂ ‘ਤੇ ਤਾਂ 50% ਤੋਂ ਜ਼ਿਆਦਾ ਕੀਮਤ ਵੀ ਦਿੱਤੀ ਜਾ ਰਹੀ ਹੈ। ਕਈ ਵਾਰ ਰਾਜ ਸਰਕਾਰ ਖਰੀਦੀ ਵਿੱਚ ਢਿੱਲ ਵਰਤਦੀ ਹੈ, ਅਜਿਹੇ ਵਿੱਚ ਕੇਂਦਰ ਸਰਕਾਰ ਨੇ ਇਹ ਵੀ ਤੈਅ ਕੀਤਾ ਹੈ ਕਿ ਤੁਅਰ, ਮਸੂਰ, ਉੜਦ ਰਾਜ ਸਰਕਾਰ ਜੇਕਰ ਘੱਟ ਖਰੀਦੇਗੀ ਜਾਂ ਨਹੀਂ ਖਰੀਦੇਗੀ ਤਾਂ ਨੈਫੇਡ ਜਿਹੀ ਏਜੰਸੀ ਰਾਹੀਂ ਸਿੱਧਾ ਵੀ ਕੇਂਦਰ ਖਰੀਦੇਗਾ, ਤਾਂ ਜੋ ਕਿਸਾਨਾਂ ਨੂੰ ਉਚਿਤ ਕੀਮਤ ਮਿਲ ਸਕੇ।

2004 ਤੋਂ 2014 ਦਰਮਿਆਨ ਖਰੀਫ ਫਸਲ ਦੀ ਐੱਮਐੱਸਪੀ ‘ਤੇ ਸਿਰਫ਼ 46 ਕਰੋੜ 89 ਮੀਟ੍ਰਿਕ ਟਨ ਦੀ ਖਰੀਦ ਹੋਈ, ਜਦਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ 81 ਕਰੋੜ 86 ਲੱਖ ਮੀਟ੍ਰਿਕ ਟਨ ਖਰੀਦ ਕੀਤੀ ਹੈ। ਇਸੇ ਤਰ੍ਹਾਂ ਪਹਿਲਾਂ ਰਬੀ ਦੀ ਫਸਲ 23 ਕਰੋੜ 2 ਲੱਖ ਮੀਟ੍ਰਿਕ ਟਨ ਖਰੀਦੀ ਗਈ ਸੀ, ਉੱਥੇ ਹੀ ਵਰਤਮਾਨ ਵਿੱਚ ਕੇਂਦਰ ਸਰਕਾਰ ਨੇ 35 ਕਰੋੜ 40 ਲੱਖ ਮੀਟ੍ਰਿਕ ਟਨ ਖਰੀਦ ਕੀਤੀ ਹੈ। ਇਹੀ ਨਹੀਂ ਅਲੱਗ-ਅਲੱਗ ਦਾਲਾਂ ਅਤੇ ਤੇਲ ਬੀਜਾਂ ਦੀ ਖਰੀਦ ਵੀ ਕੀਤੀ।

ਰਾਸ਼ਟਰ ਨਿਰਮਾਣ ਦੇ ਮਜ਼ਬੂਤ ਸਾਥੀ ਕਿਸਾਨ

ਕਿਸਾਨ ਰਾਸ਼ਟਰ ਨਿਰਮਾਣ ਦੇ ਮਜ਼ਬੂਤ ਸਾਥੀ ਹਨ, ਉਨ੍ਹਾਂ ਦੇ ਯਤਨਾਂ ਨਾਲ ਆਤਮਨਿਰਭਰ ਭਾਰਤ ਅਭਿਆਨ ਨੂੰ ਬਹੁਤ ਮਜ਼ਬੂਤੀ ਮਿਲ ਰਹੀ ਹੈ। ਕੇਂਦਰ ਸਰਕਾਰ ਕਿਸਾਨਾਂ ਨੂੰ ਸਸ਼ਕਤ ਬਣਾਉਣ ਦੇ ਲਈ ਵਚਨਬੱਧ ਹੋ ਕੇ ਲਗਾਤਾਰ ਕੰਮ ਕਰ ਰਹੀ ਹੈ। ਅਗਲੀ ਪੀੜ੍ਹੀ ਦੇ ਲਈ ਮਿੱਟੀ ਨੂੰ ਤੰਦਰੁਸਤ ਰੱਖਣਾ, ਪਾਣੀ ਨੂੰ ਬਚਾਉਣਾ ਅਤੇ ਸੰਸਾਧਨਾਂ ਦਾ ਸੰਤੁਲਿਤ ਉਪਯੋਗ ਕਰਨਾ ਸਭ ਤੋਂ ਜ਼ਰੂਰੀ ਹੈ। ਮਿਸ਼ਨ ਲਾਈਫ, ਏਕ ਪੇੜ ਮਾਂ ਕੇ ਨਾਮ, ਅੰਮ੍ਰਿਤ ਸਰੋਵਰ ਜਿਹੇ ਅਭਿਆਨ ਇਸੇ ਭਾਵਨਾ ਨੂੰ ਅੱਗੇ ਵਧਾਉਂਦੇ ਹਨ। ਕੇਂਦਰ ਸਰਕਾਰ ਖੇਤੀ ਨੂੰ ਵੱਧ ਸਸਟੇਨੇਬਲ ਅਤੇ ਵਾਤਾਵਰਣ ਦੇ ਅਨੁਕੂਲ ਬਣਾਉਣ ਦੇ ਲਈ ਲਗਾਤਾਰ ਕੰਮ ਕਰ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਸਸਟੇਨੇਬਲ ਖੇਤੀ ਦੇ ਤਰੀਕੇ, ਵਾਟਰ ਮੈਨੇਜਮੈਂਟ, ‘ਪਰ ਡ੍ਰੌਪ ਮੋਰ ਕ੍ਰੌਪ’ ਨੈਚੁਰਲ ਫਾਰਮਿੰਗ, ਐਗ੍ਰੀਟੈੱਕ ਅਤੇ ਵੈਲਿਊ ਐਡੀਸ਼ਨ ਦੀ ਮਹੱਤਵਪੂਰਨ ਭੂਮਿਕਾ ਹੈ। ਇਨ੍ਹਾਂ ਸਾਰੇ ਖੇਤਰਾਂ ਵਿੱਚ ਯੁਵਾ ਨਵੀਂ ਸੋਚ ਦੇ ਨਾਲ ਅੱਗੇ ਵਧ ਰਹੇ ਹਨ। ਨਵੀਂ ਦਿੱਲੀ ਵਿੱਚ ਆਯੋਜਿਤ ਪੋਂਗਲ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਤਮਿਲ ਨਾਡੂ ਦੇ ਯੁਵਾ ਨੈਚੁਰਲ ਫਾਰਮਿੰਗ ਵਿੱਚ ਬਿਹਤਰੀਨ ਕੰਮ ਕਰ ਰਹੇ ਹਨ। ਪੀਐੱਮ ਮੋਦੀ ਨੇ ਖੇਤੀ ਨਾਲ ਜੁੜੇ ਤਮਿਲ ਦੇ ਨੌਜਵਾਨਾਂ ਨੂੰ ਤਾਕੀਦ ਕੀਤੀ ਕਿ ਉਹ ਸਸਟੇਨੇਬਲ ਖੇਤੀ ਵਿੱਚ ਕ੍ਰਾਂਤੀ ਲਿਆਉਣ ਦੇ ਇਸ ਅਭਿਆਨ ਦਾ ਹੋਰ ਵਿਸਤਾਰ ਕਰਨ। ਸਾਡਾ ਟੀਚਾ ਹੋਣਾ ਚਾਹੀਦਾ ਹੈ ਕਿ ਸਾਡੀ ਥਾਲੀ ਵੀ ਭਰੀ ਰਹੇ, ਜੇਬ ਵੀ ਭਰੀ ਰਹੇ ਅਤੇ ਸਾਡੀ ਧਰਤੀ ਵੀ ਸੁਰੱਖਿਅਤ ਰਹੇ।

ਪਹਿਲਾਂ ਤੇਲ ਬੀਜ 47 ਲੱਖ 75 ਹਜ਼ਾਰ ਮੀਟ੍ਰਿਕ ਟਨ ਖਰੀਦੇ ਜਾਂਦੇ ਸਨ, ਉੱਥੇ ਹੀ ਮੌਜੂਦਾ ਸਰਕਾਰ ਨੇ 1 ਕਰੋੜ 28 ਲੱਖ ਮੀਟ੍ਰਿਕ ਟਨ ਦੀ ਖਰੀਦ ਕੀਤੀ ਹੈ। ਦਾਲਾਂ 6 ਲੱਖ ਮੀਟ੍ਰਿਕ ਟਨ 10 ਸਾਲ ਵਿੱਚ ਖਰੀਦੀਆਂ, ਉੱਥੇ ਹੀ ਹੁਣ 1 ਕਰੋੜ 89 ਲੱਖ ਮੀਟ੍ਰਿਕ ਟਨ ਦੀ ਖਰੀਦ ਹੋਈ ਹੈ। ਪਹਿਲਾਂ ਦੇ 10 ਵਰ੍ਹਿਆਂ ਵਿੱਚ ਐੱਮਐੱਸਪੀ 'ਤੇ 7 ਲੱਖ 41 ਹਜ਼ਾਰ ਕਰੋੜ ਰੁਪਏ ਦੀਆਂ ਫਸਲਾਂ ਖਰੀਦੀਆਂ ਗਈਆਂ, ਉੱਥੇ ਹੀ ਹੁਣ 24 ਲੱਖ 49 ਹਜ਼ਾਰ ਕਰੋੜ ਰੁਪਏ ਦੀ ਖਰੀਦ ਕੀਤੀ ਗਈ ਹੈ।

ਜੀਐੱਸਟੀ 2.0 ਅਤੇ ਕਿਸਾਨ

2025 ਦੀ ਦੀਵਾਲੀ ਤੋਂ ਠੀਕ ਪਹਿਲਾਂ ਜੀਐੱਸਟੀ 2.0 ਨੇ ਹਰ ਕਿਸਾਨ, ਹਰ ਪਸ਼ੂ ਪਾਲਕ ਦਾ ਖਰਚ ਘੱਟ ਕਰਦੇ ਹੋਏ ਲਾਭ ਪਹੁੰਚਾਇਆ ਹੈ। ਟ੍ਰੈਕਟਰ ਹੋਰ ਵੀ ਸਸਤੇ ਹੋਏ ਹਨ। ਨਵੇਂ ਸੁਧਾਰ ਦੇ ਬਾਅਦ ਟ੍ਰੈਕਟਰ ਦੀ ਖਰੀਦ ਵਿੱਚ ਸਿੱਧਾ ਕਰੀਬ 40 ਹਜ਼ਾਰ ਰੁਪਏ ਦੀ ਬੱਚਤ ਹੋ ਰਹੀ ਹੈ। ਕਿਸਾਨਾਂ ਦੇ ਉਪਯੋਗ ਦੀਆਂ ਬਾਕੀ ਮਸ਼ੀਨਾਂ 'ਤੇ ਵੀ ਜੀਐੱਸਟੀ ਬਹੁਤ ਘੱਟ ਕੀਤੀ ਗਈ ਹੈ। ਜਿਵੇਂ ਝੋਨਾ ਲਗਾਉਣ ਦੀ ਮਸ਼ੀਨ, ਉਸ 'ਤੇ ਹੁਣ 15 ਹਜ਼ਾਰ ਰੁਪਏ ਦੀ ਬੱਚਤ ਹੋ ਰਹੀ ਹੈ। ਇਸੇ ਤਰ੍ਹਾਂ ਪਾਵਰ ਟਿਲਰ 'ਤੇ 10 ਹਜ਼ਾਰ ਰੁਪਏ ਦੀ ਬੱਚਤ ਹੋਈ ਹੈ, ਥ੍ਰੈਸ਼ਰ 'ਤੇ 25 ਹਜ਼ਾਰ ਰੁਪਏ ਤੱਕ ਦੀ ਬੱਚਤ ਹੋਈ ਹੈ। ਤੁਪਕਾ ਸਿੰਚਾਈ, ਫੁਆਰਾ ਸਿੰਚਾਈ ਨਾਲ ਜੁੜੇ ਉਪਕਰਣ, ਵਾਢੀ ਮਸ਼ੀਨਾਂ, ਸਾਰਿਆਂ 'ਤੇ ਜੀਐੱਸਟੀ ਵਿੱਚ ਭਾਰੀ ਕਮੀ ਕੀਤੀ ਗਈ ਹੈ।

2047 ਦੇ ਭਾਰਤ ਦੀ ਸੁਨਹਿਰੀ ਤਸਵੀਰ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲੇ ਤੋਂ ਵਿਕਸਿਤ ਭਾਰਤ ਦੇ ਚਾਰ ਮਜ਼ਬੂਤ ਥੰਮ੍ਹਾਂ ਦੀ ਚਰਚਾ ਕੀਤੀ ਸੀ। ਇਨ੍ਹਾਂ ਚਾਰ ਥੰਮ੍ਹਾਂ ਵਿੱਚ ਕਿਸਾਨ ਇੱਕ ਮਜ਼ਬੂਤ ਥੰਮ੍ਹ ਹਨ। ਬੀਤੇ 11 ਵਰ੍ਹਿਆਂ ਤੋਂ ਕੇਂਦਰ ਸਰਕਾਰ ਦਾ ਲਗਾਤਾਰ ਯਤਨ ਰਿਹਾ ਹੈ ਕਿ ਕਿਸਾਨ ਸਸ਼ਕਤ ਹੋਣ, ਖੇਤੀ 'ਤੇ ਜ਼ਿਆਦਾ ਨਿਵੇਸ਼ ਹੋਵੇ। ਕੇਂਦਰ ਸਰਕਾਰ ਦੀ ਤਰਜੀਹ ਬਜਟ ਵਿੱਚ ਵੀ ਦਿਖਦੀ ਹੈ। ਸਰਕਾਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਬਜਟ ਐਲੋਕੇਸ਼ਨ ਨੂੰ ਵਰ੍ਹੇ 2013-14 ਦੇ ਬਜਟ ਅਨੁਮਾਨ ਵਿੱਚ 21,933.50 ਕਰੋੜ ਰੁਪਏ ਤੋਂ ਵਧਾ ਕੇ ਵਰ੍ਹੇ 2025-26 ਦੇ ਬਜਟ ਅਨੁਮਾਨ ਵਿੱਚ 1,27,290.16 ਕਰੋੜ ਰੁਪਏ ਕੀਤਾ ਗਿਆ ਯਾਨੀ ਛੇ ਗੁਣਾ ਵਾਧਾ ਹੋਇਆ ਹੈ। ਇਸ ਵਧੇ ਹੋਏ ਬਜਟ ਦਾ ਸਭ ਤੋਂ ਵੱਧ ਫਾਇਦਾ ਛੋਟੇ ਕਿਸਾਨਾਂ ਨੂੰ ਹੋਇਆ ਹੈ। ਇਸ ਦੀ ਇੱਕ ਉਦਾਹਰਣ ਹੈ ਖਾਦ 'ਤੇ ਸਬਸਿਡੀ। ਜੇਕਰ 2004-2014 ਦੀ ਗੱਲ ਕਰੀਏ ਤਾਂ ਕੁੱਲ ਖਾਦ ਸਬਸਿਡੀ 5 ਲੱਖ ਕਰੋੜ ਰੁਪਏ ਦੀ ਸੀ ਪਰ 2014-2024 ਦੀ ਗੱਲ ਕਰੀਏ ਤਾਂ ਇਹ 13 ਲੱਖ ਕਰੋੜ ਰੁਪਏ ਤੋਂ ਵੀ ਵੱਧ ਹੈ।

ਯਕੀਨੀ ਤੌਰ 'ਤੇ ਖੇਤੀਬਾੜੀ ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਕਿਸਾਨ ਉਨ੍ਹਾਂ ਦੇ ਪ੍ਰਾਣ, ਕਿਸਾਨਾਂ ਦੀ ਭਲਾਈ ਹੀ ਮੌਜੂਦਾ ਕੇਂਦਰ ਸਰਕਾਰ ਦਾ ਸਰਵਉੱਚ ਸੰਕਲਪ ਹੈ। ਬੀਤੇ 11 ਵਰ੍ਹਿਆਂ ਵਿੱਚ ਖੇਤੀਬਾੜੀ ਖੇਤਰ



> ਸਾਡੇ ਤਮਿਲ ਜੀਵਨ ਵਿੱਚ ਪੋਂਗਲ ਇੱਕ ਸੁਖਦ ਅਹਿਸਾਸ ਦੀ ਤਰ੍ਹਾਂ ਹੈ। ਇਸ ਵਿੱਚ ਅੰਨਦਾਤਾ ਦੀ ਮਿਹਨਤ, ਧਰਤੀ ਅਤੇ ਸੂਰਜ ਦੇ ਪ੍ਰਤੀ ਧੰਨਵਾਦ ਦਾ ਭਾਵ ਹੈ। ਨਾਲ ਹੀ ਇਹ ਤਿਉਹਾਰ ਸਾਨੂੰ ਕੁਦਰਤ, ਪਰਿਵਾਰ ਅਤੇ ਸਮਾਜ ਵਿੱਚ ਸੰਤੁਲਨ ਬਣਾਉਣ ਦਾ ਰਸਤਾ ਦਿਖਾਉਂਦਾ ਹੈ। ਇਸ ਸਮੇਂ ਦੇਸ਼ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਲੋਹੜੀ, ਮਕਰ ਸੰਕ੍ਰਾਂਤੀ, ਮਾਘ, ਬਿਹੂ ਅਤੇ ਹੋਰ ਤਿਉਹਾਰਾਂ ਦੀ ਵੀ ਉਮੰਗ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਅਤੇ ਕਿਸਾਨ ਭਲਾਈ ਦੇ ਲਈ ਸਮਗ੍ਰਤਾ ਵਿੱਚ ਹੋਈ ਪਹਿਲ ਇਹ ਸਿੱਧ ਕਰਦੀ ਹੈ ਕਿ ਜਦੋਂ ਕੇਂਦਰ ਵਿੱਚ ਕਿਸਾਨ ਦਾ ਹਿਤ ਸੋਚਣ ਵਾਲੀ, ਕਿਸਾਨ ਦੀ ਚਿੰਤਾ ਕਰਨ ਵਾਲੀ ਸਰਕਾਰ ਹੁੰਦੀ ਹੈ ਤਦ ਇਸ ਤਰ੍ਹਾਂ ਦੀਆਂ ਯੋਜਨਾਵਾਂ ਮੁਮਕਿਨ ਹੁੰਦੀਆਂ ਹਨ। ਕੇਂਦਰ ਸਰਕਾਰ ਇੱਕ ਨਵੇਂ ਦ੍ਰਿਸ਼ਟੀਕੋਣ ਦੇ ਨਾਲ ਬੀਜ ਤੋਂ ਬਜ਼ਾਰ ਤੱਕ, ਖੇਤ ਤੋਂ ਖਲਿਆਨ ਤੱਕ ਨਵੀਆਂ ਵਿਵਸਥਾਵਾਂ ਦਾ ਨਿਰਮਾਣ ਕਰ ਰਹੀ ਹੈ, ਜੋ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦਾ ਅਧਾਰ ਥੰਮ੍ਹ ਬਣ ਰਿਹਾ ਹੈ। ■



ਨੀਤੀ ਤੋਂ ਇਨੋਵੇਸ਼ਨ ਤੱਕ
ਨੌਜਵਾਨਾਂ ਦੀ ਨਿਰਣਾਇਕ ਭਾਗੀਦਾਰੀ

ਭਾਰਤ ਦੀ ਯੁਵਾ ਸ਼ਕਤੀ ਹੀ ਵਿਕਸਿਤ ਭਾਰਤ ਦੀ ਸਭ ਤੋਂ ਵੱਡੀ ਪੂੰਜੀ ਹੈ। ਊਰਜਾ, ਨਵੀਨਤਾ ਅਤੇ ਲੀਡਰਸ਼ਿਪ ਸਮਰੱਥਾ ਨਾਲ ਭਰਪੂਰ ਨੌਜਵਾਨ ਅੱਜ ਨਾ ਸਿਰਫ ਆਪਣੇ ਭਵਿੱਖ ਦਾ ਨਿਰਮਾਣ ਕਰ ਰਹੇ ਹਨ, ਸਗੋਂ ਰਾਸ਼ਟਰ ਦੀ ਦਿਸ਼ਾ ਵੀ ਤੈਅ ਕਰ ਰਹੇ ਹਨ। "ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ-2026" ਨੌਜਵਾਨ ਵਿਚਾਰਾਂ ਦੇ ਮੰਥਨ, ਲੀਡਰਸ਼ਿਪ ਦੇ ਉਦੈ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਦਾ ਸਸ਼ਕਤ ਮੰਚ ਹੈ, ਜਿੱਥੇ ਉਹ ਦੇਸ਼ ਦੇ ਵਿਕਾਸ ਏਜੰਡੇ ਦਾ ਹਿੱਸਾ ਬਣਦੇ ਹਨ। ਇਹੀ ਵਜ੍ਹਾ ਹੈ ਕਿ ਇਸ ਸੰਵਾਦ ਦੇ ਸਮਾਪਤੀ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਕਿਹਾ ਕਿ ਤੁਹਾਡੇ ਸਮਰੱਥ, ਟੈਲੇਂਟ, ਐਨਰਜੀ ਨਾਲ ਖੁਦ ਵੀ ਪਾਉਂਦਾ ਹਾਂ ਐਨਰਜੀ...

ਸਾਲ 2047 ਵਿੱਚ ਜਦੋਂ ਦੇਸ਼ ਦੀ ਆਜ਼ਾਦੀ ਦੇ 100 ਵਰ੍ਹੇ ਹੋਣਗੇ, ਇਹ ਯਾਤਰਾ ਭਾਰਤ ਦੇ ਲਈ ਹੀ ਨਹੀਂ ਸਗੋਂ ਨੌਜਵਾਨਾਂ ਦੇ ਜੀਵਨ ਦੇ ਲਈ ਵੀ ਮਹੱਤਵਪੂਰਨ ਹੋਵੇਗੀ। ਸਵਾਮੀ ਵਿਵੇਕਾਨੰਦ ਨੂੰ ਯਾਦ ਕਰਦੇ ਹੋਏ, ਹਰ ਵਰ੍ਹੇ 12 ਜਨਵਰੀ ਨੂੰ ਰਾਸ਼ਟਰੀ ਯੁਵਾ ਦਿਵਸ ਮਨਾਇਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਪ੍ਰੇਰਣਾ ਨਾਲ ਭਾਰਤ ਨੇ ਇਸ ਦਿਨ ਨੂੰ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ ਦੇ ਲਈ ਚੁਣਿਆ ਹੈ। ਬਹੁਤ ਹੀ ਘੱਟ ਸਮੇਂ ਵਿੱਚ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ ਇੰਨਾ ਵੱਡਾ ਪਲੈਟਫਾਰਮ ਬਣ ਗਿਆ ਹੈ ਕਿ ਇੱਥੋਂ ਦੇਸ਼ ਦੇ ਵਿਕਾਸ ਦੀ ਦਿਸ਼ਾ ਤੈਅ ਕਰਨ ਵਿੱਚ ਨੌਜਵਾਨਾਂ ਦੀ ਸਿੱਧੀ ਭਾਗੀਦਾਰੀ ਹੁੰਦੀ ਹੈ। ਕਰੋੜਾਂ ਨੌਜਵਾਨਾਂ ਦਾ ਇਸ ਨਾਲ ਜੁੜਨਾ, 50 ਲੱਖ ਤੋਂ ਵੱਧ ਨੌਜਵਾਨਾਂ ਦੀ ਰਜਿਸਟ੍ਰੇਸ਼ਨ, 30 ਲੱਖ ਤੋਂ ਵੱਧ ਨੌਜਵਾਨਾਂ ਦਾ ਵਿਕਸਿਤ ਭਾਰਤ ਚੈਲੇਂਜ ਵਿੱਚ ਹਿੱਸਾ ਲੈਣਾ, ਦੇਸ਼ ਦੇ ਵਿਕਾਸ ਲਈ ਆਪਣੇ ਵਿਚਾਰ ਸ਼ੇਅਰ ਕਰਨਾ ਇਹ ਆਪਣੇ ਆਪ ਵਿੱਚ ਸ਼ਾਨਦਾਰ ਹੈ।

ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ-2026 ਦੇ ਸਮਾਪਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇੱਕ ਨਿਸ਼ਚਿਤ ਵਿਸ਼ੇ ਅਤੇ ਟੀਚੇ ਨੂੰ ਲੈ ਕੇ ਲੱਖਾਂ ਲੋਕਾਂ ਦਾ ਮੰਥਨ ਹੋਵੇਗਾ, ਇਸ ਤੋਂ ਵੱਡੀ ਥਿੰਕਿੰਗ ਕੀ ਹੋ ਸਕਦੀ ਹੈ? ਸੰਮੇਲਨ ਵਿੱਚ ਮਹਿਲਾ ਦੀ ਅਗਵਾਈ ਵਿੱਚ ਵਿਕਾਸ ਅਤੇ ਲੋਕਤੰਤਰ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਜਿਹੇ ਵਿਸ਼ਿਆਂ 'ਤੇ ਨੌਜਵਾਨਾਂ ਨੇ ਆਪਣੇ ਵਿਚਾਰ ਰੱਖੇ, ਇਸ ਨਾਲ ਪੀਐੱਮ ਮੋਦੀ ਬਹੁਤ ਪ੍ਰਭਾਵਿਤ ਹੋਏ। ਸੰਮੇਲਨ ਵਿੱਚ ਸਟਾਰਟਅੱਪ 'ਤੇ ਦਿੱਤੇ ਗਏ ਪ੍ਰੈਜ਼ੈਂਟੇਸ਼ਨ ਦੇ ਸਬੰਧ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਦੁਨੀਆ ਵਿੱਚ 50-60 ਵਰ੍ਹੇ ਪਹਿਲਾਂ ਸਟਾਰਟਅੱਪ ਕਲਚਰ ਸ਼ੁਰੂ ਹੋਇਆ, ਹੌਲੀ-ਹੌਲੀ ਉਹ ਮੈਗਾ-ਕਾਰਪੋਰੇਸ਼ਨਸ ਦੇ ਯੁੱਗ ਵਿੱਚ ਬਦਲ ਗਿਆ ਪਰ ਇਸ ਪੂਰੀ ਯਾਤਰਾ ਦੌਰਾਨ ਭਾਰਤ ਵਿੱਚ ਸਟਾਰਟਅੱਪ ਬਾਰੇ ਬਹੁਤ ਘੱਟ ਚਰਚਾ ਹੁੰਦੀ ਸੀ। ਹੁਣ ਭਾਰਤ ਵਿੱਚ ਹਰ ਖੇਤਰ ਵਿੱਚ ਵੱਡੀ





ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲੌਗ-2026 ਵਿੱਚ ਹੋਈਆਂ ਮੁੱਖ ਗੱਲਾਂ...

- ਡਿਜੀਟਲ ਇੰਡੀਆ ਨੇ ਭਾਰਤ ਵਿੱਚ ਕ੍ਰਿਏਟਰਸ ਦੀ ਇੱਕ ਨਵੀਂ ਕਮਿਊਨਿਟੀ ਖੜ੍ਹੀ ਕੀਤੀ ਹੈ। ਅੱਜ ਭਾਰਤ 'ਔਰੇਂਜ ਇਕੌਨਮੀ' ਯਾਨੀ ਕਲਚਰ, ਕੰਟੈਂਟ ਅਤੇ ਕ੍ਰਿਏਟੀਵਿਟੀ ਦਾ ਵਿਕਾਸ ਹੁੰਦੇ ਦੇਖ ਰਿਹਾ ਹੈ।
- ਭਾਰਤ ਮੀਡੀਆ, ਫਿਲਮ, ਗੇਮਿੰਗ, ਮਿਊਜ਼ਿਕ, ਡਿਜੀਟਲ ਕੰਟੈਂਟ, ਵੀਆਰ-ਐਕਸਆਰ ਜਿਹੇ ਖੇਤਰਾਂ ਵਿੱਚ ਇੱਕ ਵੱਡਾ ਗਲੋਬਲ ਸੈਂਟਰ ਬਣ ਰਿਹਾ ਹੈ।
- ਵਰਲਡ ਆਡੀਓ-ਵਿਜ਼ੁਅਲ ਐਂਡ ਐਂਟਰਟੇਨਮੈਂਟ ਸਮਿਟ ਯਾਨੀ ਵੇਵਸ ਯੁਵਾ ਕ੍ਰਿਏਟਰਸ ਦੇ ਲਈ ਇੱਕ ਬਹੁਤ ਵੱਡਾ ਲਾਂਚ-ਪੈਡ ਬਣ ਗਿਆ ਹੈ।
- 10 ਵਰ੍ਹਿਆਂ ਬਾਅਦ, ਮੈਕਾਲੇ ਦੀ ਸਾਜਿਸ਼ ਨੂੰ 200 ਵਰ੍ਹੇ ਪੂਰੇ ਹੋ ਰਹੇ ਹਨ ਅਤੇ ਇਹ ਪੀੜ੍ਹੀ ਦੀ ਜ਼ਿੰਮੇਵਾਰੀ ਹੈ ਕਿ 200 ਵਰ੍ਹਿਆਂ ਪਹਿਲਾਂ ਜੋ ਪਾਪ ਹੋਇਆ ਉਸ ਨੂੰ ਧੋਣ ਦੇ ਲਈ ਸਾਡੇ ਕੋਲ 10 ਵਰ੍ਹੇ ਬਚੇ ਹਨ।
- ਸਵਾਮੀ ਵਿਵੇਕਾਨੰਦ ਦਾ ਜੀਵਨ ਸਿਖਾਉਂਦਾ ਹੈ ਕਿ ਗ਼ੁਲਾਮੀ ਦੀ ਮਾਨਸਿਕਤਾ ਤੋਂ ਬਾਹਰ ਨਿਕਲ ਕੇ ਸਾਨੂੰ ਆਪਣੀ ਵਿਰਾਸਤ ਅਤੇ ਆਪਣੇ ਆਈਡੀਆਜ਼ ਨੂੰ ਹਮੇਸ਼ਾ ਅੱਗੇ ਰੱਖਣਾ ਹੈ।
- ਦੇਸ਼ ਦੇ ਨੌਜਵਾਨ ਰਾਮਾਇਣ ਅਤੇ ਮਹਾਭਾਰਤ ਦੀਆਂ ਪ੍ਰੇਰਕ ਕਹਾਣੀਆਂ ਨੂੰ ਵੀ ਗੇਮਿੰਗ ਵਰਲਡ ਦਾ ਹਿੱਸਾ ਬਣਾ ਸਕਦੇ ਹਨ।
- ਦੇਸ਼ ਨੇ ਨੈਕਸਟ ਜੈਨਰੇਸ਼ਨ ਰਿਫੌਰਮਸ ਦਾ ਜੋ ਸਿਲਸਿਲਾ ਸ਼ੁਰੂ ਕੀਤਾ ਹੈ, ਉਹ ਰਿਫੌਰਮ ਹੁਣ ਐਕਸਪ੍ਰੈੱਸ ਬਣ ਚੁੱਕਿਆ ਹੈ ਅਤੇ ਇਸ ਦੇ ਕੇਂਦਰ ਵਿੱਚ ਨੌਜਵਾਨ ਸ਼ਕਤੀ ਹੀ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਹਨੁੰਮਾਨ ਜੀ ਚਲਾ ਸਕਦੇ ਹਨ ਪੂਰੀ ਦੁਨੀਆ ਦੀ ਗੇਮਿੰਗ

ਪੂਰੀ ਦੁਨੀਆ ਵਿੱਚ ਗੇਮਿੰਗ ਇੱਕ ਬਹੁਤ ਵੱਡਾ ਮਾਰਕਿਟ ਹੈ। ਦੇਸ਼ ਆਪਣੀ ਮਾਇਥੋਲੌਜੀ ਦੀਆਂ ਕਥਾਵਾਂ ਨੂੰ ਲੈ ਕੇ ਵੀ ਗੇਮਿੰਗ ਦੀ ਦੁਨੀਆ ਵਿੱਚ ਜਾ ਸਕਦਾ ਹੈ। ਪੀਐੱਮ ਮੋਦੀ ਨੇ ਕਿਹਾ ਕਿ ਹਨੁੰਮਾਨ ਜੀ ਪੂਰੀ ਦੁਨੀਆ ਦੀ ਗੇਮਿੰਗ ਨੂੰ ਚਲਾ ਸਕਦੇ ਹਨ। ਇਸ ਨਾਲ ਦੇਸ਼ ਦਾ ਕਲਚਰ ਵੀ ਐਕਸਪੋਰਟ ਹੋ ਜਾਵੇਗਾ, ਆਧੁਨਿਕ ਤੌਰ 'ਤੇ ਹੋ ਜਾਵੇਗਾ ਅਤੇ ਟੈਕਨੋਲੋਜੀ ਦਾ ਵੀ ਉਪਯੋਗ ਹੋਵੇਗਾ। ਦੇਸ਼ ਵਿੱਚ ਕਈ ਅਜਿਹੇ ਸਟਾਰਟਅੱਪ ਹਨ ਜੋ ਗੇਮਿੰਗ ਦੀ ਦੁਨੀਆ ਵਿੱਚ ਬਹੁਤ ਵਧੀਆ ਤਰੀਕੇ ਨਾਲ ਭਾਰਤ ਦੀਆਂ ਗੱਲਾਂ ਕਹਿ ਰਹੇ ਹਨ ਅਤੇ ਬੱਚਿਆਂ ਨੂੰ ਵੀ ਖੇਡਦੇ-ਖੇਡਦੇ ਭਾਰਤ ਨੂੰ ਸਮਝਣਾ ਸਰਲ ਹੋ ਰਿਹਾ ਹੈ।

ਸੰਖਿਆ ਵਿੱਚ ਸਟਾਰਟਅੱਪ 'ਤੇ ਕੰਮ ਹੋ ਰਿਹਾ ਹੈ। ਦੇਸ਼ ਵਿੱਚ ਨੌਜਵਾਨਾਂ ਦੇ ਸਮਰੱਥ ਨੂੰ ਦੇਖਦੇ ਹੋਏ ਸਟਾਰਟਅੱਪ ਰੈਵੋਲਿਊਸ਼ਨ, ਬਿਜ਼ਨਸ ਨੂੰ ਅਸਾਨ ਬਣਾਉਣ ਦੇ ਲਈ ਸੁਧਾਰ, ਸਟਾਰਟਅੱਪ ਇੰਡੀਆ, ਡਿਜੀਟਲ ਇੰਡੀਆ, ਟੈਕਸ ਕੰਪਲਾਇੰਸ ਨੂੰ ਅਸਾਨ ਬਣਾਉਣ ਦੇ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। 5-6 ਵਰ੍ਹਿਆਂ ਪਹਿਲਾਂ ਤੱਕ ਸਪੇਸ ਸੈਕਟਰ ਨੂੰ ਅੱਗੇ ਵਧਾਉਣ ਦੀ ਜ਼ਿੰਮੇਦਾਰੀ ਸਿਰਫ ਇਸਰੋ 'ਤੇ ਸੀ। ਸਰਕਾਰ ਨੇ ਸਪੇਸ ਨੂੰ ਪ੍ਰਾਈਵੇਟ ਐਂਟਰਪ੍ਰਾਇਜ਼ ਦੇ ਲਈ ਓਪਨ ਕੀਤਾ, ਇਸ ਨਾਲ ਜੁੜੀ ਵਿਵਸਥਾ ਬਣਾਈ, ਸੰਸਥਾਵਾਂ ਤਿਆਰ ਕੀਤੀਆਂ ਅਤੇ ਅੱਜ ਸਪੇਸ ਸੈਕਟਰ ਵਿੱਚ 300 ਤੋਂ ਵੱਧ ਸਟਾਰਟਅੱਪ ਕੰਮ ਕਰ ਰਹੇ ਹਨ। ਡਿਫੈਂਸ ਸੈਕਟਰ ਵੀ ਪਹਿਲਾਂ ਸਰਕਾਰੀ ਕੰਪਨੀਆਂ 'ਤੇ ਹੀ ਨਿਰਭਰ ਸੀ। ਸਰਕਾਰ ਨੇ ਇਸ ਨੂੰ ਵੀ ਬਦਲਿਆ, ਭਾਰਤ ਦੇ ਡਿਫੈਂਸ ਈਕੋਸਿਸਟਮ ਵਿੱਚ ਸਟਾਰਟਅੱਪ ਦੇ ਲਈ ਦਰਵਾਜ਼ੇ ਖੋਲ੍ਹੇ ਗਏ। ਇਸ ਦਾ ਬਹੁਤ ਵੱਡਾ ਫਾਇਦਾ ਨੌਜਵਾਨਾਂ ਨੂੰ ਮਿਲਿਆ। ਅੱਜ ਭਾਰਤ ਵਿੱਚ 1,000 ਤੋਂ ਵੱਧ ਡਿਫੈਂਸ ਸਟਾਰਟਅੱਪ ਕੰਮ ਕਰ ਰਹੇ ਹਨ। ਅੱਜ ਇੱਕ ਨੌਜਵਾਨ ਡ੍ਰੋਨ ਬਣਾ ਰਿਹਾ ਹੈ, ਤਾਂ ਦੂਜਾ ਨੌਜਵਾਨ ਐਂਟੀ-ਡ੍ਰੋਨ ਸਿਸਟਮ ਬਣਾ ਰਿਹਾ ਹੈ, ਕੋਈ AI ਕੈਮਰਾ ਬਣਾ ਰਿਹਾ ਹੈ, ਕੋਈ ਰੋਬੋਟਿਕਸ 'ਤੇ ਕੰਮ ਕਰ ਰਿਹਾ ਹੈ। ■

ਭਾਰਤ ਨੂੰ ਲੈ ਕੇ ਗਲੋਬਲ ਸੰਸਥਾਵਾਂ 'ਬੁੱਲਿਸ਼' ਨਿਵੇਸ਼ ਦਾ ਇਹੀ ਸਮਾਂ ਹੈ, ਸਹੀ ਸਮਾਂ ਹੈ





ਭਾਰਤ ਨੂੰ ਲੈ ਕੇ ਅੱਜ ਗਲੋਬਲ ਮਾਹਿਰ ਅਤੇ ਸੰਸਥਾਵਾਂ, 'ਬੁੱਲਿਸ਼' ਯਾਨੀ ਸਕਾਰਾਤਮਕ ਹਨ। ਆਈਐੱਮਐੱਫ ਭਾਰਤ ਨੂੰ ਗਲੋਬਲ ਗ੍ਰੋਥ ਦਾ ਇੰਜਣ ਦੱਸਦਾ ਹੈ ਤਾਂ ਐੱਸ ਐਂਡ ਪੀ ਨੇ 18 ਵਰ੍ਹਿਆਂ ਬਾਅਦ ਭਾਰਤ ਦੀ ਰੇਟਿੰਗ ਅੱਪਗ੍ਰੇਡ ਕੀਤੀ ਹੈ। ਫਿੱਟਚ ਰੇਟਿੰਗਸ ਭਾਰਤ ਦੀ ਮੈਕ੍ਰੋ ਸਟੇਬੀਲਿਟੀ ਅਤੇ ਫਿਸਕਲ ਕ੍ਰੈਡੀਬਿਲਿਟੀ ਦੀ ਪ੍ਰਸ਼ੰਸਾ ਕਰਦੀਆਂ ਹਨ। ਇਨ੍ਹਾਂ ਪਹਿਲੂਆਂ ਦਾ ਹਵਾਲਾ ਦੇ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਾਇਬ੍ਰੈਂਟ ਗੁਜਰਾਤ ਰੀਜਨਲ ਕਾਨਫਰੰਸ ਵਿੱਚ 11 ਜਨਵਰੀ ਨੂੰ ਆਪਣਾ ਭਰੋਸਾ ਦੁਹਰਾਇਆ... ਇਨ੍ਹਾਂ ਸੰਭਾਵਨਾਵਾਂ ਦਾ ਲਾਭ ਲੈਣ ਦਾ ਇਹੀ ਸਮਾਂ ਹੈ, ਸਹੀ ਸਮਾਂ ਹੈ...

> ਅੱਜ ਦਾ ਭਾਰਤ ਵਿਕਸਿਤ ਹੋਣ ਦੇ ਟੀਚੇ 'ਤੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ। ਸਾਡੇ ਇਸ ਟੀਚੇ ਦੀ ਪ੍ਰਾਪਤੀ ਵਿੱਚ ਰਿਫੌਰਮ ਐਕਸਪ੍ਰੈੱਸ ਦੀ ਵੱਡੀ ਭੂਮਿਕਾ ਹੈ। ਭਾਰਤ ਦੀ ਗ੍ਰੋਥ ਨਾਲ ਜੁੜੀ ਫੈਕਟ ਸ਼ੀਟ... ਰਿਫੌਰਮ-ਪਰਫੌਰਮ-ਟ੍ਰਾਂਸਫੌਰਮ ਦੀ ਸਫ਼ਲ ਸਟੋਰੀ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਭਾਰਤ 'ਤੇ ਦੁਨੀਆ ਦਾ ਭਰੋਸਾ ਇਸ ਲਈ ਹੈ, ਕਿਉਂਕਿ ਗਲੋਬਲ ਅਨਿਸ਼ਚਿਤਤਾ ਦਰਮਿਆਨ ਭਾਰਤ ਵਿੱਚ ਅਸੀਂ ਇੱਕ ਸ਼ਾਨਦਾਰ ਨਿਸ਼ਚਿਤਤਾ ਦਾ ਦੌਰ ਦੇਖ ਰਹੇ ਹਾਂ। ਅੱਜ ਭਾਰਤ ਵਿੱਚ ਪੌਲੀਟਿਕਲ ਸਟੇਬਿਲਿਟੀ ਹੈ, ਪੌਲਿਸੀ ਵਿੱਚ ਕੰਟੀਨਿਊਟੀ ਹੈ। ਪਰਚੇਜ਼ਿੰਗ ਪਾਵਰ ਵਧ ਰਹੀ ਹੈ। ਇਨ੍ਹਾਂ ਫੈਕਟਰਾਂ ਨੇ ਭਾਰਤ ਨੂੰ ਅਸੀਮ ਸੰਭਾਵਨਾਵਾਂ ਦਾ ਦੇਸ਼ ਬਣਾ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਵਾਇਬ੍ਰੈਂਟ ਗੁਜਰਾਤ ਰੀਜਨਲ ਕਾਨਫਰੰਸ ਵਿੱਚ ਕਿਹਾ ਕਿ ਇਹ ਸੰਮੇਲਨ ਵੀ ਸੰਦੇਸ਼ ਦੇ ਰਿਹਾ ਹੈ- ਸੌਰਾਸ਼ਟਰ- ਕੱਛ ਵਿੱਚ ਨਿਵੇਸ਼ ਦਾ- ਇਹੀ ਸਮਾਂ ਹੈ, ਸਹੀ ਸਮਾਂ ਹੈ। ਭਾਰਤ ਵਿਕਸਿਤ ਰਾਸ਼ਟਰ ਬਣਨ ਦੇ ਟੀਚੇ ਵੱਲ ਤੇਜ਼ ਗਤੀ ਨਾਲ ਅੱਗੇ ਵਧ ਰਿਹਾ ਹੈ। ਇਸ ਯਾਤਰਾ ਵਿੱਚ 'ਰਿਫੌਰਮ ਐਕਸਪ੍ਰੈੱਸ' ਇੱਕ ਵੱਡੀ ਭੂਮਿਕਾ ਨਿਭਾ ਰਹੀ ਹੈ। ਪੀਐੱਮ ਮੋਦੀ ਨੇ ਨਿਵੇਸ਼ਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਰਿਫੌਰਮ ਐਕਸਪ੍ਰੈੱਸ, ਹੁਣ ਰੁਕਣ ਵਾਲੀ ਨਹੀਂ ਹੈ। ਭਾਰਤ ਦੀ ਰਿਫੌਰਮ ਯਾਤਰਾ, ਸੰਸਥਾਗਤ ਟ੍ਰਾਂਸਫੋਰਮੇਸ਼ਨ ਦੀ ਦਿਸ਼ਾ ਵਿੱਚ ਵਧ ਚੁੱਕੀ ਹੈ। ਤੁਹਾਡੇ ਇਨਵੈਸਟਮੈਂਟ ਦੀ ਪਾਈ-ਪਾਈ ਇੱਥੇ ਸ਼ਾਨਦਾਰ ਰਿਟਰਨ ਦੇ ਕੇ ਜਾਵੇਗੀ।

ਰਾਜਕੋਟ ਵਿੱਚ ਕੱਛ ਅਤੇ ਸੌਰਾਸ਼ਟਰ ਖੇਤਰ ਦੇ ਲਈ ਦੋ ਦਿਨਾਂ ਵਾਇਬ੍ਰੈਂਟ ਗੁਜਰਾਤ ਰੀਜਨਲ ਕਾਨਫਰੰਸ ਦਾ ਪੀਐੱਮ ਮੋਦੀ ਨੇ ਉਦਘਾਟਨ ਕੀਤਾ। ਸੰਮੇਲਨ ਦੌਰਾਨ 14 ਗ੍ਰੀਨਫੀਲਡ ਸਮਾਰਟ ਗੁਜਰਾਤ ਇੰਡਸਟ੍ਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟੇਡ ਅਸਟੇਟਸ ਵਿਕਸਿਤ ਕਰਨ ਦਾ ਐਲਾਨ ਕੀਤਾ ਤਾਂ ਉੱਥੇ ਹੀ ਜੀਆਈਡੀਸੀ ਦੇ ਮੈਡੀਕਲ ਡਿਵਾਈਸ ਪਾਰਕ ਦਾ ਵੀ ਉਦਘਾਟਨ ਕੀਤਾ। ਇਸ ਸੰਮੇਲਨ ਵਿੱਚ ਜਪਾਨ, ਦੱਖਣ ਕੋਰੀਆ, ਰਵਾਂਡਾ ਅਤੇ ਯੂਕ੍ਰੇਨ ਨੇ ਸਾਂਝੇਦਾਰ ਦੇਸ਼ਾਂ ਦੇ ਰੂਪ ਵਿੱਚ ਆਪਣੀ ਭੂਮਿਕਾ ਨਿਭਾਈ। ਪੀਐੱਮ ਮੋਦੀ ਨੇ ਸੰਮੇਲਨ ਵਿੱਚ ਕਿਹਾ ਕਿ ਗਲੋਬਲ ਪੱਧਰ 'ਤੇ



भारत दे रिफॉरम ऐकसप्रैस
दा हो रिहा है सकारात्मक प्रभाव

- रिफॉरम ऐकसप्रैस दा अरथ हर खेतर विच नैकसट-जैनरेशन सुधारां नूं लागू करना है। जीऐसटी सुधारां दा सकारात्मक प्रभाव सारे खेतरां 'ते पिआ है, खास तौर 'ते साडे ऐमऐसऐमई नूं इस तों बहुत लाभ होइआ है।
- भारत ने बीमा खेतर विच 100 प्रतीशत ऐफडीआई दी इजाजत दे के इक वड्डा सुधार कीता है, जिस नाल देश दे हर नागरिक नूं यूनीवरसल इंशोरैंस कवरेज प्रदान करन दे अभिआन विच तेज़ी आवेगी।
- लगभग छे दहाकिआं बाअद इनकम टैकस कानूंन दा आधुनिकीकरण कीता गिआ है, जिस नाल करोड़ां टैकस पेअरस नूं वड्डी राहत अते सुविधा मिली है।
- इतिहासिक किरत सुधारां नाल हुण तनखाह, समाजिक सुरक्खिआ अते उदयोग नूं इक ऐकीकृत ढांचे दे अंदर लिआंदा गिआ है। इन्हां सुधारां नाल श्रमिकां दी भलाई अते उदयोगां दी प्रगती, दोवां दरमिआन इक बिहतर संतुलन सथापित होइआ है।
- निऊकलीअर पावर सैकटर विच वी नैकसट जैनरेशन रिफॉरम कीते हन। पिछले संसद दे सैशन विच शांती ऐकट राहीं, सिविल निऊकलीअर ऐनरजी सैकटर नूं निजी भागीदारी दे लई खोल्ह दिंता है। इह निवेशकां दे लई बहुत वड्डा अवसर है।

बीते इक दहाके विच टॉप देशां विच शामल होइआ भारत

- भारत दुनीआ दी तीजी वड्डी इकॉनमी बणन वल्ल तेज़ गती नाल अगे वध रिहा है।
- भारत पहिलां दस विचों नौं मोबाईल फोन आयात करदा सी, अज दुनीआ दा दूजा सभ तों वड्डा मोबाईल निरमाता देश।
- भारत यूपीआई विच आलमी पधर 'ते नंबर वन रीअल-टाईम डिजीटल ट्रांजैकशन पलैटफारम है।
- भारत दुनीआ दा तीजा सभ तों वड्डा सटारटअप ईकोसिसटम।
- सोलर पावर जनरेशन विच टॉप तिंन देशां विच शामल है।
- भारत तीजा सभ तों वड्डा ऐवीऐशन मारकिट है।
- दुनीआ दे टॉप तिंन मैट्रो नैटवरक वाले देशां विच भारत वी इक।
- भारत दुध अते जैनरिक मैडीसिन उतपादन विच पहिले थां 'ते है।
- दुनीआ विच भारत सभ तों ज़िआदा वैकसीन बणाउंदा है।

प्रधान मंतरी दा पूरा प्रोगरम देखण लई QR कोड सकैन करो।



प्रधान मंतरी नरेंदर मोदी ने अहिमदाबाद मैट्रो दे फेज़-2 दे सैकटर 10A तों महातमा मंदिर तक दे बाकी हिसे दा उदघाटन कीता। उदघाटन दे बाअद उन्हां ने किहा कि अहिमदाबाद दे बुनिआदी ढांचे नूं मज़बूत करन दी साडी वचनबधता वख-वख विकास कारजां विच सपशट तौर 'ते दिखाई दिंदी है। इस सैकशन नाल अहिमदाबाद अते गांधीनगर दे लोकां दे लई 'ईज़ आफ लिविंग' विच महतवपूरन सुधार होवेगा।

इनफ्रासट्रकचर दे नाल-नाल इंडसट्री रैडी वरकफोरस अज सभ तों वड्डी ज़रूरत है। गुजरात इस मोरचे 'ते पूरी निशचितता प्रदान करदा है। इथे सिखिआ अते कौशल विकास दे लई इक बिहतरीन अंतरराशटरी ईकोसिसटम मौजूद है। कौशलघ सकिल यूनीवरसिटी, आसट्रेलीआ अते सिंगापुर दीआं यूनीवरसिटीआं नाल मिल के नौजवानां नूं भविख दीआं ज़रूरतां दे अनुसार तिआर कर रही है। देश दी पहिली नैशनल डिफैंस यूनीवरसिटी अते गतीशकती यूनीवरसिटी सड़क, रेलवे, हवाई मारग, जलमारग अते लौजिसटिकस खेतरां दे लई कुशल जनतक शकती तिआर कर रही है। ■

ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ

ਭਾਰਤ ਦੀ ਸੌਰ ਕ੍ਰਾਂਤੀ

ਭਾਰਤ ਕੁਦਰਤ ਤੋਂ ਮਿਲਣ ਵਾਲੀ ਸੌਰ ਊਰਜਾ ਦਾ ਭਰਪੂਰ ਇਸਤੇਮਾਲ ਕਰਕੇ ਹਰਿਤ ਭਵਿੱਖ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਸਮੇਂ ਤੋਂ ਪਹਿਲਾਂ 100 ਗੀਗਾਵਾਟ ਸੌਰ ਊਰਜਾ ਦਾ ਅੰਕੜਾ ਪਾਰ ਕਰਨ ਤੋਂ ਬਾਅਦ 2030 ਤੱਕ 500 ਗੀਗਾਵਾਟ ਸਾਫ ਊਰਜਾ ਅਤੇ 2070 ਤੱਕ ਨੈੱਟ ਜ਼ੀਰੋ ਐਮੀਸ਼ਨ ਦਾ ਟੀਚਾ ਹਾਸਲ ਕਰਨਾ ਚਾਹੁੰਦਾ ਹੈ। ਪਰਿਵਾਰ ਅਤੇ ਦੇਸ਼ ਨੂੰ ਊਰਜਾ ਦੇ ਮਾਮਲੇ ਵਿੱਚ ਆਤਮ- ਨਿਰਭਰ ਬਣਾਉਣ ਦੀ ਇਸੇ ਕੜੀ ਵਿੱਚ ਸ਼ੁਰੂ ਪ੍ਰਧਾਨ ਮੰਤਰੀ ਸੂਰਯ ਮੁਫ਼ਤ ਬਿਜਲੀ ਯੋਜਨਾ ਦੀ 13 ਫਰਵਰੀ ਨੂੰ ਦੂਸਰੀ ਵਰ੍ਹੇਗੰਢ ਹੈ, ਇਹ ਯੋਜਨਾ ਕਰ ਰਹੀ ਹੈ ਭਾਰਤ ਦੀ ਸੌਰ ਕ੍ਰਾਂਤੀ ਦੀ ਅਗਵਾਈ ...

ਅਖੁੱਟ ਊਰਜਾ ਦੀ ਆਤਮ- ਨਿਰਭਰਤਾ ਯਾਤਰਾ ਵਿੱਚ 'ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ' ਇੱਕ ਕ੍ਰਾਂਤੀਕਾਰੀ ਪਹਿਲ ਹੈ, ਜਿਸ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 13 ਫਰਵਰੀ, 2024 ਨੂੰ ਕਰਦੇ ਸਮੇਂ ਅਪੀਲ ਕੀਤੀ ਸੀ... "ਆਓ ਸੌਰ ਊਰਜਾ ਦੀ ਤਰੱਕੀ ਨੂੰ ਨਿਰੰਤਰ ਉਤਸ਼ਾਹਿਤ ਕਰੀਏ। ਮੈਂ ਸਾਰੇ ਰਿਹਾਇਸ਼ੀ ਉਪਭੋਗਤਾਵਾਂ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਤਾਕੀਦ ਕਰਦਾ ਹਾਂ ਕਿ ਉਹ pmsuryagarh.gov.in 'ਤੇ ਅਪਲਾਈ ਕਰਕੇ 'ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ' ਨੂੰ ਮਜ਼ਬੂਤ ਕਰਨ। ਇਸ ਯੋਜਨਾ ਨਾਲ ਜ਼ਿਆਦਾ ਆਮਦਨ, ਘੱਟ ਬਿਜਲੀ ਬਿਲ ਅਤੇ ਲੋਕਾਂ ਦੇ ਲਈ ਰੁਜ਼ਗਾਰ ਪੈਦਾ ਹੋਣਗੇ।

ਪ੍ਰਧਾਨ ਮੰਤਰੀ ਮੋਦੀ ਦੀ ਇਸੇ ਅਪੀਲ ਦਾ ਨਤੀਜਾ ਹੈ ਕਿ 75,021 ਕਰੋੜ ਦੇ ਅਨੁਮਾਨਿਤ ਖਰਚ ਦੇ ਨਾਲ ਸ਼ੁਰੂ ਇਸ ਯੋਜਨਾ ਵਿੱਚ ਨਾ ਸਿਰਫ਼ 55 ਲੱਖ ਤੋਂ ਵੱਧ ਲੋਕਾਂ ਨੇ ਅਪਲਾਈ ਕੀਤਾ ਹੈ ਸਗੋਂ 21 ਲੱਖ ਤੋਂ ਵੱਧ ਰੂਫ ਟੌਪ ਸੋਲਰ ਸਿਸਟਮ ਲਗਾਏ ਵੀ ਜਾ ਚੁੱਕੇ ਹਨ। ਇਸ ਲਈ 8 ਲੱਖ ਤੋਂ ਵੱਧ ਲੋਕਾਂ ਨੂੰ 11 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਲੋਨ ਦਿੱਤੇ ਗਏ ਹਨ। ਯੋਜਨਾ ਨੇ ਨਾ ਸਿਰਫ਼ ਲੱਖਾਂ ਘਰਾਂ



ਦੇਸ਼ ਵਿੱਚ ਤੇਜ਼ੀ ਨਾਲ ਵਧਦਾ ਰੂਫਟੌਪ ਸੋਲਰ ਸਿਸਟਮ

(ਅੰਕੜੇ 9 ਜਨਵਰੀ, 2026 ਤੱਕ)

55,48,468 ਐਪਲੀਕੇਸ਼ਨਾਂ ਮਿਲੀਆਂ

21,36,142 ਆਰਟੀਐੱਸ ਲਗਾਏ ਜਾ ਚੁੱਕੇ

26,76,432 ਪਰਿਵਾਰ ਯੋਜਨਾ ਵਿੱਚ ਕਵਰ

7,879 ਮੈਗਾਵਾਟ ਦੀ ਸਮਰੱਥਾ ਸਥਾਪਿਤ

15,153 ਕਰੋੜ ਰੁਪਏ ਸਬਸਿਡੀ ਜਾਰੀ ।



ਮਾਡਲ ਸੋਲਰ ਵਿਲੇਜ

ਯੋਜਨਾ ਦੇ 'ਮਾਡਲ ਸੋਲਰ ਵਿਲੇਜ਼' ਕੰਪੋਨੈਂਟ ਦੇ ਤਹਿਤ ਦੇਸ਼ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਮਾਡਲ ਸੋਲਰ ਵਿਲੇਜ਼ ਸਥਾਪਿਤ ਕੀਤਾ ਜਾਣਾ ਹੈ। ਇਸ ਦਾ ਉਦੇਸ਼ ਸੌਰ ਊਰਜਾ ਨੂੰ ਹੁਲਾਰਾ ਦੇਣਾ ਅਤੇ ਪੇਂਡੂ ਭਾਈਚਾਰਿਆਂ ਨੂੰ ਊਰਜਾ ਆਤਮ ਨਿਰਭਰ ਬਣਾਉਣਾ ਹੈ। ਸਰਕਾਰ ਨੇ ਇਸ ਦੇ ਲਈ 800 ਕਰੋੜ ਰੁਪਏ ਵੰਡੇ ਹਨ ਜਿਸ ਦੇ ਤਹਿਤ ਹਰੇਕ ਚੁਣੇ ਹੋਏ ਮਾਡਲ ਸੋਲਰ ਵਿਲੇਜ਼ ਨੂੰ 1 ਕਰੋੜ ਰੁਪਏ ਦਿੱਤੇ ਜਾਣਗੇ। ਮਾਡਲ ਪਿੰਡ ਬਣਨ ਦੀ ਯੋਗਤਾ ਦੇ ਲਈ ਰੈਵੇਨਿਊ ਪਿੰਡ ਹੋਣ ਦੇ ਨਾਲ ਨਾਲ ਉਸ ਦੀ ਆਬਾਦੀ 5 ਹਜ਼ਾਰ ਤੋਂ ਵੱਧ ਜਾਂ ਵਿਸ਼ੇਸ਼ ਸ਼੍ਰੇਣੀ ਰਾਜਾਂ ਵਿੱਚ 2 ਹਜ਼ਾਰ ਤੋਂ ਵੱਧ ਹੋਣੀ ਚਾਹੀਦੀ ਹੈ। ਪਿੰਡਾਂ ਦੀ ਚੋਣ ਇੱਕ ਪ੍ਰਤੀਯੋਗੀ ਪ੍ਰਕਿਰਿਆ ਦੇ ਜ਼ਰੀਏ ਕੀਤੀ ਜਾਂਦੀ ਹੈ। ਸਰਕਾਰ ਦਾ ਉਦੇਸ਼ ਹੈ ਕਿ ਇਹ ਮਾਡਲ ਸਫਲਤਾਪੂਰਵਕ ਸੌਰ ਊਰਜਾ ਵੱਲ ਵਧਣ ਅਤੇ ਦੇਸ਼ ਭਰ ਦੇ ਹੋਰ ਪਿੰਡਾਂ ਦੇ ਲਈ ਇੱਕ ਮਿਸਾਲ ਬਣੇ।

ਪ੍ਰਧਾਨ ਮੰਤਰੀ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ
ਆਮਦਨ, ਰੁਜ਼ਗਾਰ ਵਾਤਾਵਰਣ ਸੁਰੱਖਿਆ ਦਾ ਸਾਧਨ

- **ਘਰੇਲੂ ਬੱਚਤ ਅਤੇ ਆਮਦਨ ਸਿਰਜਣ :** ਘਰਾਂ ਨੂੰ ਆਪਣੇ ਬਿਜਲੀ ਬਿਲਾਂ 'ਤੇ ਮਹੱਤਵਪੂਰਨ ਬੱਚਤ ਦਾ ਲਾਭ ਮਿਲੇਗਾ। ਆਪਣੇ ਰੂਫ ਟੌਪ ਸੋਲਰ ਸਿਸਟਮ ਦੀ ਬਚੀ ਹੋਈ ਬਿਜਲੀ ਨੂੰ ਡਿਸਕੌਮ ਨੂੰ ਵੇਚ ਕੇ ਵਾਧੂ ਆਮਦਨ ਕਰ ਸਕਦੇ ਹਾਂ। ਕਿਉਂਕਿ 3 ਕਿਲੋਵਾਟ ਸਿਸਟਮ ਔਸਤਨ ਹਰ ਮਹੀਨੇ 300 ਤੋਂ ਵੱਧ ਯੂਨਿਟ ਪੈਦਾ ਕਰ ਸਕਦਾ ਹੈ।
- **ਸੌਰ ਸਮਰੱਥਾ ਦਾ ਵਿਸਤਾਰ :** ਰਿਹਾਇਸ਼ੀ ਖੇਤਰ ਵਿੱਚ ਛੱਤਾਂ ਉੱਪਰ ਸੌਰ ਊਰਜਾ ਪਲਾਂਟ ਲਗਾਏ ਜਾਣ ਨਾਲ 30 ਗੀਗਾਵਾਟ ਸੌਲ ਸਮਰੱਥਾ ਜੁੜਨ ਦਾ ਅਨੁਮਾਨ ਹੈ, ਜੋ ਭਾਰਤ ਦੇ ਅਖੁੱਟ ਊਰਜਾ ਟੀਚਿਆਂ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗਾ।
- **ਵਾਤਾਵਰਣ ਲਾਭ :** ਇਨ੍ਹਾਂ ਸੌਰ ਛੱਤ ਪ੍ਰਣਾਲੀਆਂ ਦੇ 25 ਵਰ੍ਹਿਆਂ ਦੇ ਜੀਵਨਕਾਲ ਵਿੱਚ, ਅਨੁਮਾਨਿਤ 1,000 ਬਿਲੀਅਨ ਯੂਨਿਟ ਬਿਜਲੀ ਪੈਦਾ ਕਰੇਗੀ, ਸੀਓ2 ਨਿਕਾਸੀ ਵਿੱਚ 720 ਮਿਲੀਅਨ ਟਨ ਦੀ ਕਮੀ ਆਵੇਗੀ।
- **ਰੁਜ਼ਗਾਰ ਸਿਰਜਣਾ :** ਯੋਜਨਾ ਨਾਲ ਨਿਰਮਾਣ, ਲੌਜਿਸਟਿਕਸ, ਸਪਲਾਈ ਚੇਨ, ਵਿਕਰੀ, ਸਥਾਪਨਾ, ਸੰਚਾਲਨ ਅਤੇ ਰੱਖ-ਰਖਾਅ ਦੇ ਨਾਲ ਹੋਰ ਸੇਵਾਵਾਂ ਦੇ ਵੱਖ ਵੱਖ ਖੇਤਰਾਂ ਵਿੱਚ ਲਗਭਗ 17 ਲੱਖ ਪ੍ਰਤੱਖ ਰੁਜ਼ਗਾਰ ਪੈਦਾ ਹੋਣ ਦੀ ਉਮੀਦ ਹੈ।

ਸਬਸਿਡੀ ਕਿੰਨੀ ਅਤੇ ਕਿਵੇਂ ਮਿਲੇਗੀ

ਤੁਸੀਂ ਰਾਸ਼ਟਰੀ ਪੋਰਟਲ https://pmsuryaghar.gov.in ਰਾਹੀਂ ਰੂਫ ਟੌਪ ਸੋਲਰ ਸਿਸਟਮ ਦੀ ਸਬਸਿਡੀ ਦੇ ਲਈ ਅਪਲਾਈ ਕਰ ਸਕਦੇ ਹੋ। ਰਾਸ਼ਟਰੀ ਪੋਰਟਲ 'ਤੇ ਜਾ ਕੇ ਇਹ ਪਤਾ ਲਗਾ ਸਕਦੇ ਹੋ ਕਿ ਤੁਹਾਡੇ ਲਈ ਉਚਿਤ ਸਿਸਟਮ ਆਕਾਰ ਕੀ ਰਹੇਗਾ ਅਤੇ ਉਸ ਨੂੰ ਲਗਾਉਣ ਨਾਲ ਕਿੰਨਾ ਲਾਭ ਮਿਲੇਗਾ। ਵੈੱਬਸਾਈਟ 'ਤੇ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਖਪਤਕਾਰ ਨੰਬਰ ਅਤੇ ਮੋਬਾਈਲ ਨੰਬਰ ਨਾਲ ਲੌਗ ਇਨ ਕਰ ਸਕਦੇ ਹਨ। ਇਸ ਤੋਂ ਬਾਅਦ ਫਾਰਮ ਭਰ ਕੇ ਬਿਜਲੀ ਵੰਡ ਕੰਪਨੀ ਦੀ ਮਨਜ਼ੂਰੀ ਮਿਲਣ 'ਤੇ ਰਜਿਸਟਰਡ ਡੀਲਰ ਤੋਂ ਸੋਲਰ ਸਿਸਟਮ ਲਗਵਾ ਕੇ ਇਸ ਦੀ ਜਾਣਕਾਰੀ ਦੇ ਨਾਲ ਨੈੱਟ ਮੀਟਰ ਦੇ ਲਈ ਅਪਲਾਈ ਕਰਨਾ ਹੋਵੇਗਾ। ਬਿਜਲੀ ਕੰਪਨੀ ਨਿਰੀਖਣ ਕਰਕੇ ਪ੍ਰਮਾਣਿਤ ਕਰੇਗਾ। ਅੰਤਿਮ ਸਟੈੱਪ ਵਿੱਚ ਬੈਂਕ ਡਿਟੇਲ ਔਨਲਾਈਨ ਜਮ੍ਹਾਂ ਕਰਨੀ ਹੋਵੇਗੀ ਜਿਸ ਦੇ 30 ਦਿਨਾਂ ਦੇ ਅੰਦਰ ਸਬਸਿਡੀ ਆ ਜਾਵੇਗੀ।

- ਘਰਾਂ ਦੇ ਲਈ ਪਹਿਲੇ 2 ਕਿਲੋਵਾਟ ਤੱਕ 30 ਹਜ਼ਾਰ ਰੁਪਏ ਪ੍ਰਤੀ ਕਿਲੋਵਾਟ ਪੀਕ ਅਤੇ ਵਾਧੂ ਇੱਕ ਕਿਲੋਵਾਟ ਪੀਕ ਦੇ ਲਈ 18 ਹਜ਼ਾਰ ਰੁਪਏ ਮਿਲਣਗੇ। ਨਿਜੀ ਪਰਿਵਾਰ ਦੇ ਲਈ ਸਬਸਿਡੀ 3 ਕਿਲੋਵਾਟ ਤੱਕ ਸੀਮਤ ਹੈ।
- ਗਰੁੱਪ ਹਾਊਸਿੰਗ ਅਤੇ ਆਰਡਬਲਿਊਏ ਦੇ ਲਈ 500 ਕਿਲੋਵਾਟ ਪੀਕ ਦੀ ਰੂਫ ਟੌਪ ਸੌਲਰ ਪਲਾਂਟ ਸਮਰੱਥਾ ਦੇ ਨਾਲ ਕੇਂਦਰੀ ਵਿੱਤੀ ਸਹਾਇਤਾ 18 ਹਜ਼ਾਰ ਰੁਪਏ ਪ੍ਰਤੀ ਕਿਲੋਵਾਟ ਪੀਕ ਹੈ।
- ਉੱਤਰਾਖੰਡ, ਹਿਮਾਚਲ ਪ੍ਰਦੇਸ਼, ਜੰਮੂ- ਕਸ਼ਮੀਰ, ਲੱਦਾਖ, ਉੱਤਰ ਪੂਰਬ ਖੇਤਰ ਦੇ ਰਾਜ, ਅੰਡੇਮਾਨ ਨਿਕੋਬਾਰ ਅਤੇ ਲਕਸ਼ਦ੍ਵੀਪ ਸੰਘ ਰਾਜ ਖੇਤਰਾਂ ਸਮੇਤ ਸ਼੍ਰੇਣੀ ਦੇ ਰਾਜਾਂ ਦੇ ਲਈ ਕੇਂਦਰੀ ਵਿੱਤੀ ਸਹਾਇਤਾ 10 ਫੀਸਦੀ ਵੱਧ ਹੈ।
- ਕੇਂਦਰੀ ਸਹਾਇਤਾ ਦੇ ਵਾਧੂ ਰੂਫ ਟੌਪ ਸੋਲਰ ਸਿਸਟਮ ਦੇ ਲਈ 5.75 ਫੀਸਦੀ ਦੀ ਦਰ ਨਾਲ ਬਿਨਾ ਗਰੰਟੀ ਦੇ ਲੋਨ ਦੀ ਸੁਵਿਧਾ ਉਪਲਬਧ ਹੈ।



ਵਿੱਚ ਸੌਰ ਊਰਜਾ ਪਹੁੰਚਯੋਗ ਅਤੇ ਕਿਫਾਇਤੀ ਬਣਾਈ ਹੈ ਸਗੋਂ 1 ਕਰੋੜ ਸੌਰ ਊਰਜਾ ਸੰਚਾਲਿਤ ਘਰਾਂ ਦੇ ਆਪਣੇ ਖਾਹਿਸ਼ੀ ਟੀਚੇ ਨੂੰ ਪ੍ਰਾਪਤ ਕਰਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਬਿਜਲੀ ਦੀ ਲਾਗਤ ਘੱਟ ਕਰਨ ਦੇ ਇਲਾਵਾ, ਇਹ ਯੋਜਨਾ ਊਰਜਾ ਆਤਮ-ਨਿਰਭਰਤਾ, ਵਾਤਾਵਰਣ ਸਬੰਧੀ ਸਥਿਰਤਾ ਅਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇ ਰਹੀ ਹੈ, ਜਿਸ ਨਾਲ ਇਹ ਭਾਰਤ ਦੇ ਸਵੱਛ ਊਰਜਾ ਪਰਿਵਰਤਨ ਦਾ ਇੱਕ ਮੁੱਖ ਥੰਮ੍ਹ ਬਣ ਗਈ ਹੈ।

‘ਆਤਮਨਿਰਭਰ ਭਾਰਤ’ ਦੀ ਪਟੜੀ ‘ਤੇ ਦੌੜਦੀ

‘ਵੰਦੇ ਭਾਰਤ ਐਕਸਪ੍ਰੈੱਸ’

ਵੰਦੇ ਭਾਰਤ ਟ੍ਰੇਨ ਨੇ ਨਾ ਸਿਰਫ਼ ਸਫ਼ਰ ਨੂੰ ਤੇਜ਼ ਅਤੇ ਆਰਾਮਦਾਇਕ ਬਣਾਇਆ ਹੈ ਸਗੋਂ ਸੁਰੱਖਿਅਤ ਵੀ ਕੀਤਾ ਹੈ। ਵਰਤਮਾਨ ਵਿੱਚ ਦੋ ਨਵੀਆਂ ਵੰਦੇ ਭਾਰਤ ਸਲੀਪਰ ਟ੍ਰੇਨਾਂ ਸਮੇਤ 166 ਵੰਦੇ ਭਾਰਤ ਟ੍ਰੇਨਾਂ ਦੇਸ਼ ਦੇ ਮੁੱਖ ਸ਼ਹਿਰਾਂ ਨੂੰ ਜੋੜਦੀਆਂ ਹਨ। ਇਹ ਇਸ ਦੀ ਪ੍ਰਸਿੱਧੀ ਦਾ ਹੀ ਨਤੀਜਾ ਹੈ ਕਿ 15 ਫਰਵਰੀ 2019 ਤੋਂ ਆਪਣੀ ਸ਼ੁਰੂਆਤ ਦੇ ਬਾਅਦ ਤੋਂ ਹੁਣ ਤੱਕ 7.5 ਕਰੋੜ ਤੋਂ ਵੱਧ ਯਾਤਰੀ ਅਤਿ-ਆਧੁਨਿਕ ਟ੍ਰੇਨ ਰਾਹੀਂ ਯਾਤਰਾ ਦਾ ਲੈ ਚੁੱਕੇ ਹਨ ਲਾਭ...



ਪਟਨਾ ਦੇ ਭਾਰਤ ਟ੍ਰੇਨ ਨਾਲ ਯਾਤਰਾ ਕਰਨ ਵਾਲੇ ਸ਼੍ਰੀਧਰ ਕੁਮਾਰ ਦੱਸਦੇ ਹਨ ਕਿ ਹੁਣ ਪਟਨਾ ਦੀ ਯਾਤਰਾ ਲਈ ਵੰਦੇ ਭਾਰਤ ਨੂੰ ਹੀ ਤਰਜੀਹ ਦਿੰਦਾ ਹਾਂ। ਇਹ ਟ੍ਰੇਨ ਥਕਾਵਟ-ਮੁਕਤ ਅਤੇ ਬੇਹੱਦ ਆਰਾਮਦਾਇਕ ਹੈ। ਤੇਜ਼, ਸੁਰੱਖਿਅਤ ਅਤੇ ਆਰਾਮਦਾਇਕ ਯਾਤਰਾ-ਇਹੀ ਵੰਦੇ ਭਾਰਤ ਐਕਸਪ੍ਰੈੱਸ ਦੀ ਪਛਾਣ ਹੈ। ਉੱਥੇ ਹੀ ਇਸ ਟ੍ਰੇਨ ਦੇ ਇੱਕ ਹੋਰ ਯਾਤਰੀ ਸੰਤੋਸ਼ ਗੁਪਤਾ ਦਾ ਕਹਿਣਾ ਹੈ ਕਿ ਯਾਤਰਾ ਬੇਹੱਦ ਆਰਾਮਦਾਇਕ ਰਹੀ। ਸੀਟਾਂ ਦੀ ਸੁਵਿਧਾ, ਟ੍ਰੇਨ ਦੀ ਰਫ਼ਤਾਰ ਅਤੇ ਆਧੁਨਿਕ ਸੁਵਿਧਾਵਾਂ ਨੇ ਸਫ਼ਰ ਨੂੰ ਸ਼ਾਨਦਾਰ ਬਣਾ ਦਿੱਤਾ ਹੈ। ਅੱਜ ਸ਼੍ਰੀਧਰ ਕੁਮਾਰ, ਸੰਤੋਸ਼ ਗੁਪਤਾ ਜਿਹੇ 7.5 ਕਰੋੜ ਤੋਂ ਵੱਧ ਯਾਤਰੀ ਹਨ ਜਿਨ੍ਹਾਂ ਨੇ ਵੰਦੇ ਭਾਰਤ ਟ੍ਰੇਨ ਨਾਲ ਆਰਾਮਦਾਇਕ ਯਾਤਰਾ ਪੂਰੀ ਕੀਤੀ ਹੈ। ਮੇਕ ਇਨ ਇੰਡੀਆ ਪਹਿਲ ਦੇ ਤਹਿਤ ਤਿਆਰ, ਹਰੇਕ ਟ੍ਰੇਨ ਅਤਿ-ਆਧੁਨਿਕ ਸੁਵਿਧਾਵਾਂ ਨਾਲ ਲੈਸ ਹੈ। ਇਨ੍ਹਾਂ ਵਿੱਚ ਆਟੋਮੈਟਿਕ ਪਲੱਗ ਵਾਲੇ ਦਰਵਾਜ਼ੇ, ਘੁੰਮਣ ਵਾਲੀਆਂ ਸੀਟਾਂ ਅਤੇ ਬਾਇਓ-ਵੈਕਿਊਮ ਟੌਇਲਟਸ ਸ਼ਾਮਲ ਹਨ। ਇਨ੍ਹਾਂ ਵਿੱਚ ਜੀਪੀਐੱਸ ਅਧਾਰਿਤ ਯਾਤਰੀ ਸੂਚਨਾ ਪ੍ਰਣਾਲੀ ਅਤੇ ਪੂਰਨ ਸੀਸੀਟੀਵੀ ਕਵਰੇਜ ਵੀ ਹੈ।



“ਮੈਂ ਦੇਖ ਰਿਹਾ ਹਾਂ ਪਿਛਲੇ ਦਿਨਾਂ ਵਿਦੇਸ਼ੀ ਲੋਕ ਭਾਰਤ ਦੀ ਮੈਟਰੋ ਦੀ, ਭਾਰਤ ਦੀਆਂ ਟ੍ਰੇਨਾਂ ਦੀ ਵੀਡੀਓ ਬਣਾ ਕੇ ਦੁਨੀਆ ਨੂੰ ਦੱਸਦੇ ਹਨ ਕਿ ਭਾਰਤ ਵਿੱਚ ਰੇਲਵੇ ਵਿੱਚ ਕਿਸ ਤਰ੍ਹਾਂ ਨਾਲ ਕ੍ਰਾਂਤੀ ਆ ਰਹੀ ਹੈ। ਇਹ ਵੰਦੇ ਭਾਰਤ ਟ੍ਰੇਨ ਮੇਡ ਇਨ ਇੰਡੀਆ ਹੈ, ਇਸ ਨੂੰ ਬਣਾਉਣ ਵਿੱਚ ਸਾਡੇ ਭਾਰਤੀਆਂ ਦਾ ਪਸੀਨਾ ਲਗਿਆ ਹੈ। ਦੇਸ਼ ਦੀ ਇਹ ਪਹਿਲੀ ਵੰਦੇ ਭਾਰਤ ਸਲੀਪਰ ਟ੍ਰੇਨ, ਮਾਂ ਕਾਲੀ ਦੀ ਧਰਤੀ ਨੂੰ, ਮਾਂ ਕਾਮਾਖਿਆ ਦੀ ਭੂਮੀ ਨੂੰ ਜੋੜ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਪੂਰੇ ਦੇਸ਼ ਵਿੱਚ ਇਸ ਆਧੁਨਿਕ ਟ੍ਰੇਨ ਦਾ ਵਿਸਤਾਰ ਹੋਵੇਗਾ।

- ਨਰੇਂਦਰ ਮੋਦੀ, ਪ੍ਰਧਾਨ ਮੰਤਰੀ



ਹਾਵੜਾ–ਗੁਵਾਹਾਟੀ ਦਰਮਿਆਨ ਦੌੜੀ ਪਹਿਲੀ ਵੰਦੇ ਭਾਰਤ ਸਲੀਪਰ ਟ੍ਰੇਨ

ਰਾਸ਼ਟਰ ਨੂੰ ਨਵੇਂ ਸਾਲ ਦੇ ਤੋਹਫ਼ੇ ਦੇ ਰੂਪ ਵਿੱਚ, ਭਾਰਤੀ ਰੇਲਵੇ ਦੀ ਪਹਿਲੀ ਵੰਦੇ ਭਾਰਤ ਸਲੀਪਰ ਟ੍ਰੇਨ ਹਾਵੜਾ ਅਤੇ ਗੁਵਾਹਾਟੀ ਦੇ ਵਿਚਕਾਰ 17 ਜਨਵਰੀ 2026 ਨੂੰ ਚਲਾਈ ਗਈ।ਇਸ ਟ੍ਰੇਨ ਨਾਲ ਅਸਾਮ ਰਾਜ ਦੇ ਕਾਮਰੂਪ ਮਹਾਨਗਰਪਾਲਿਕਾ ਅਤੇ ਬੋਂਗਾਈ ਪਿੰਡ ਅਤੇ ਪੱਛਮ ਬੰਗਾਲ ਦੇ ਕੂਚ ਬਿਹਾਰ, ਜਲਪਾਈਗੁੜੀ, ਮਾਲਦਾ, ਮੁਰਸ਼ਿਦਾਬਾਦ, ਪੂਰਬੀ ਬਰਧਮਾਨ, ਹੁਗਲੀ ਅਤੇ ਹਾਵੜਾ ਵਰਗੇ ਜ਼ਿਲ੍ਹਿਆਂ ਨੂੰ ਲਾਭ ਮਿਲੇਗਾ। ਇਹ ਟ੍ਰੇਨ ਯਾਤਰੀਆਂ ਨੂੰ ਕਿਫ਼ਾਇਤੀ ਕਿਰਾਏ 'ਤੇ ਹਵਾਈ ਯਾਤਰਾ ਜਿਹਾ ਅਨੁਭਵ ਪ੍ਰਦਾਨ ਕਰੇਗੀ।

- ਹਾਵੜਾ–ਗੁਵਾਹਾਟੀ (ਕਾਮਾਖਿਆ) ਮਾਰਗ 'ਤੇ ਯਾਤਰਾ ਦੇ ਸਮੇਂ ਨੂੰ ਲਗਭਗ 2.5 ਘੰਟੇ ਘਟਾ ਕੇ, ਇਹ ਟ੍ਰੇਨ ਧਾਰਮਿਕ ਯਾਤਰਾ ਅਤੇ ਟੂਰਿਜ਼ਮ ਨੂੰ ਵੀ ਕਾਫ਼ੀ ਪ੍ਰੋਤਸਾਹਨ ਦੇਵੇਗੀ।
- ਟ੍ਰੇਨ ਵਿੱਚ ਕੁੱਲ 16 ਕੋਚ ਹਨ। ਇਨ੍ਹਾਂ ਵਿੱਚ 11 ਥ੍ਰੀ-ਟੀਅਰ ਏਸੀ ਕੋਚ,4 ਟੂ-ਟੀਅਰ ਏਸੀ ਕੋਚ ਅਤੇ 1 ਫਸਟ ਕਲਾਸ ਏਸੀ ਕੋਚ ਸ਼ਾਮਲ ਹਨ। ਇਸ ਦੀ ਕੁੱਲ ਸਮਰੱਥਾ ਲਗਭਗ 823 ਯਾਤਰੀਆਂ ਦੀ ਹੈ।
- ਗੁਵਾਹਾਟੀ ਤੋਂ ਸ਼ੁਰੂ ਹੋਣ ਵਾਲੀ ਟ੍ਰੇਨ ਵਿੱਚ ਅਸਮੀਆ ਪਕਵਾਨ, ਜਦਕਿ ਕੋਲਕਾਤਾ ਤੋਂ ਸ਼ੁਰੂ ਹੋਣ ਵਾਲੀ ਟ੍ਰੇਨ ਵਿੱਚ ਬੰਗਾਲੀ ਪਕਵਾਨ ਪਰੋਸੇ ਜਾਣਗੇ।

ਕਿਫ਼ਾਇਤੀ ਕੀਮਤਾਂ 'ਤੇ ਤੇਜ਼, ਸੁਰੱਖਿਅਤ ਅਤੇ ਆਰਾਮਦਾਇਕ ਯਾਤਰਾ

164 ਵੰਦੇ ਭਾਰਤ ਟ੍ਰੇਨਾਂ ਚੱਲ ਰਹੀਆਂ ਹਨ ਦਸੰਬਰ 2025 ਤੱਕ, ਭਾਰਤੀ ਰੇਲਵੇ ਨੈੱਟਵਰਕ 'ਤੇ।

15 ਵੰਦੇ ਭਾਰਤ ਐਕਸਪ੍ਰੈੱਸ ਟ੍ਰੇਨਾਂ ਸ਼ੁਰੂ ਕੀਤੀਆਂ ਵਰ੍ਹੇ 2025 ਦੇ ਦੌਰਾਨ ਭਾਰਤੀ ਰੇਲਵੇ ਨੇ।

ਵੰਦੇ ਭਾਰਤ ਸਲੀਪਰ ਟ੍ਰੇਨ ਰਾਤ ਭਰ ਦੀ ਯਾਤਰਾ ਦੇ ਅਨੁਭਵ ਨੂੰ ਪੂਰੀ ਤਰ੍ਹਾਂ ਬਦਲ ਦੇਵੇਗਾ। ਇਹ ਲੰਬੀ ਦੂਰੀ ਦੇ ਯਾਤਰੀਆਂ ਲਈ ਗਤੀ, ਆਰਾਮ ਅਤੇ ਆਧੁਨਿਕ ਸੁਵਿਧਾਵਾਂ ਦਾ ਬਿਹਤਰੀਨ ਸੁਮੇਲ ਹੋਣਗੀਆਂ।

164 ਟ੍ਰੇਨਾਂ ਦੇ ਨੈੱਟਵਰਕ ਵਿੱਚ ਤਬਦੀਲ ਵੰਦੇ ਭਾਰਤ

ਦੁਨੀਆ ਭਰ ਦੇ ਵਿਕਸਿਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਦਾ ਬਹੁਤ ਵੱਡਾ ਕਾਰਨ ਉਥੋਂ ਦਾ ਇਨਫ੍ਰਾਸਟ੍ਰਕਚਰ ਰਿਹਾ ਹੈ। ਜਿਨ੍ਹਾਂ ਵੀ ਦੇਸ਼ਾਂ ਵਿੱਚ ਵੱਡੀ ਤਰੱਕੀ ਅਤੇ ਵੱਡਾ ਵਿਕਾਸ ਹੋਇਆ। ਉਨ੍ਹਾਂ ਦੇ ਅੱਗੇ ਵਧਣ ਦੇ ਪਿੱਛੇ ਬਹੁਤ ਵੱਡੀ ਸ਼ਕਤੀ ਉਥੋਂ ਦੇ ਇਨਫ੍ਰਾਸਟ੍ਰਕਚਰ ਦੇ ਵਿਕਾਸ ਦੀ ਰਹੀ ਹੈ। ਭਾਰਤ ਵੀ ਉਸੇ ਦਿਸ਼ਾ ਵਿੱਚ ਤੇਜ਼ੀ ਨਾਲ ਕਦਮ ਵਧਾ ਰਿਹਾ ਹੈ। ਇਸੇ ਕੜੀ ਵਿੱਚ, ਭਾਰਤ ਦੇ ਆਧੁਨਿਕ ਰੇਲ ਇਨਫ੍ਰਾਸਟ੍ਰਕਚਰ ਦੇ ਵਿਸਤਾਰ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਦੇ ਰੂਪ ਵਿੱਚ ਵੰਦੇ ਭਾਰਤ ਦੀ ਸ਼ੁਰੂਆਤ 2019 ਵਿੱਚ ਸਿਰਫ਼ ਇੱਕ ਟ੍ਰੇਨ ਨਾਲ ਹੋਈ ਸੀ। ਅੱਜ ਇਹ 164 ਟ੍ਰੇਨਾਂ ਦੇ ਨੈੱਟਵਰਕ ਵਿੱਚ ਤਬਦੀਲ ਹੋ ਚੁੱਕੀ ਹੈ। ਇਹ ਟ੍ਰੇਨਾਂ ਹਰ ਮਹੀਨੇ ਲੱਖਾਂ ਯਾਤਰੀਆਂ ਨੂੰ ਲਿਜਾ ਰਹੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰੇਲਵੇ ਦੀ ਗਤੀ ਨੂੰ ਹੋਰ ਰਫ਼ਤਾਰ ਦੇਣ ਲਈ 15 ਅਗਸਤ 2021 ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਉਣ ਲਈ 75 ਵੰਦੇ ਭਾਰਤ ਐਕਸਪ੍ਰੈੱਸ ਟ੍ਰੇਨਾਂ ਚਲਾਉਣ ਦਾ ਐਲਾਨ ਕੀਤਾ ਸੀ।

- ਵੰਦੇ ਭਾਰਤ ਟ੍ਰੇਨਾਂ ਵਪਾਰਕ ਯਾਤਰੀਆਂ ਦੀ ਉਤਪਾਦਕਤਾ ਵਧਾਉਂਦੀਆਂ ਹਨ।
- ਇਹ ਯਾਤਰੀਆਂ ਨੂੰ ਅਰਾਮਦਾਇਕ ਯਾਤਰਾ ਪ੍ਰਦਾਨ ਕਰਦੀਆਂ ਹਨ।
- ਸੜਕ ਅਤੇ ਹਵਾਈ ਯਾਤਰਾ ਦੀ ਤੁਲਨਾ ਵਿੱਚ ਇਹ ਕਾਰਬਨ ਨਿਕਾਸੀ ਨੂੰ ਵੀ ਘੱਟ ਕਰਦੀਆਂ ਹਨ।

'ਮੇਕ ਇਨ ਇੰਡੀਆ' ਅਤੇ 'ਆਤਮਨਿਰਭਰ ਭਾਰਤ' ਦਾ ਪ੍ਰਤੀਕ

ਵੰਦੇ ਭਾਰਤ ਐਕਸਪ੍ਰੈੱਸ ਨਾ ਸਿਰਫ਼ ਭਾਰਤੀ ਰੇਲਵੇ ਦੀ ਤਕਨੀਕੀ ਸਮਰੱਥਾ ਦਾ ਪ੍ਰਤੀਕ ਹੈ, ਸਗੋਂ ਇਹ'ਮੇਕ ਇਨ ਇੰਡੀਆ' ਅਤੇ 'ਆਤਮਨਿਰਭਰ ਭਾਰਤ' ਦੀ ਸੋਚ ਨੂੰ ਸਾਕਾਰ ਕਰਦੀ ਹੋਈ ਦੇਸ਼ ਦੀ ਆਧੁਨਿਕ ਆਵਾਜਾਈ ਵਿਵਸਥਾ ਦਾ ਮਜ਼ਬੂਤ ਅਧਾਰ ਬਣ ਰਹੀ ਹੈ। ਬਿਹਾਰ ਸਮੇਤ ਪੂਰੇ ਦੇਸ਼ ਵਿੱਚ ਇਹ ਟ੍ਰੇਨ ਵਿਕਾਸ, ਕਨੈਕਟੀਵਿਟੀ ਅਤੇ ਯਾਤਰੀ ਸੁਵਿਧਾ ਦਾ ਨਵਾਂ ਅਧਿਆਏ ਲਿਖ ਰਹੀ ਹੈ।



15 ਫ਼ਰਵਰੀ 2019 ਨੂੰ ਨਵੀਂ ਦਿੱਲੀ–ਕਾਨਪੁਰ–ਇਲਾਹਾਬਾਦ–ਵਾਰਾਣਸੀ ਮਾਰਗ 'ਤੇ 160 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਦੌੜਣ ਵਾਲੀ ਪਹਿਲੀ ਵੰਦੇ ਭਾਰਤ ਐਕਸਪ੍ਰੈੱਸ ਟ੍ਰੇਨ ਨੂੰ ਹਰੀ ਝੰਡੀ ਦਿਖਾਈ ਗਈ ਸੀ। ਵੰਦੇ ਭਾਰਤ ਐਕਸਪ੍ਰੈੱਸ, ਰੇਲ ਯਾਤਰੀਆਂ ਅਤੇ ਟੂਰਿਸਟਾਂ ਲਈ ਇੱਕ

ਅਤਿ-ਆਧੁਨਿਕ ਸੁਵਿਧਾਵਾਂ ਅਤੇ ਸੁਰੱਖਿਆ

ਵੰਦੇ ਭਾਰਤ ਸਲੀਪਰ ਟ੍ਰੇਨ ਦੀਆਂ ਵਿਸ਼ੇਸ਼ਤਾਵਾਂ

180 ਕਿਲੋਮੀਟਰ ਪ੍ਰਤੀ ਘੰਟਾ ਤੱਕ ਦੀ ਰਫ਼ਤਾਰ ਵਾਲੀ ਸੈਮੀ-ਹਾਈ-ਸਪੀਡ ਟ੍ਰੇਨ ।

- ਬਿਹਤਰ ਸਿਰਹਾਣਿਆਂ ਨਾਲ ਆਰਗੋਨੋਮਿਕ (ਅਜਿਹੇ ਉਤਪਾਦ, ਜੋ ਆਰਾਮਦਾਇਕ, ਸੁਰੱਖਿਅਤ ਅਤੇ ਕੁਸ਼ਲ ਹੋਣ) ਢੰਗ ਨਾਲ ਡਿਜ਼ਾਈਨ ਕੀਤੇ ਗਏ ਬਰਥ।
- ਪਹੁੰਚਯੋਗ ਆਵਾਜਾਈ ਲਈ ਪ੍ਰਵੇਸ਼ ਦੁਆਰਾ ਸਮੇਤ ਆਟੋਮੈਟਿਕ ਦਰਵਾਜ਼ੇ।
- ਬਿਹਤਰ ਸਸਪੈਂਸ਼ਨ ਅਤੇ ਸ਼ੋਰ ਘੱਟ ਕਰਨ ਦੀ ਸਮਰੱਥਾ ਨਾਲ ਬਿਹਤਰ ਯਾਤਰਾ।
- ਸੁਰੱਖਿਆ ਦੀ 'ਕਵਚ' ਤਕਨੀਕ ਨਾਲ ਲੈਸ।
- ਉੱਚ ਸਵੱਛਤਾ ਬਣਾਈ ਰੱਖਣ ਲਈ ਕੀਟਾਣੂਨਾਸ਼ਕ ਤਕਨੀਕ।
- ਉੱਨਤ ਨਿਯੰਤਰਣ ਅਤੇ ਸੁਰੱਖਿਆ ਪ੍ਰਣਾਲੀਆਂ ਨਾਲ ਲੈਸ ਡਰਾਈਵਰ ਕੈਬਿਨ।
- ਐਰੋਡਾਇਨਾਮਿਕ ਬਾਹਰੀ ਬਣਾਵਟ।
- ਦਿਵਿਯਾਂਗਜਨਾਂ ਲਈ ਵਿਸ਼ੇਸ਼ ਵਿਵਸਥਾ।
- ਐਮਰਜੈਂਸੀ ਸਥਿਤੀ ਵਿੱਚ ਯਾਤਰੀਆਂ ਅਤੇ ਟ੍ਰੇਨ ਮੈਨੇਜਰ/ਲੋਕੋ ਪਾਇਲਟ ਦੇ ਵਿਚਕਾਰ ਸੰਚਾਰ ਲਈ ਐਮਰਜੈਂਸੀ ਟੌਕ-ਬੈਕ ਯੂਨਿਟ।
- ਸਾਰੇ ਕੋਚਾਂ ਵਿੱਚ ਸੀਸੀਟੀਵੀ ਕੈਮਰੇ ਲਗੇ ਹੋਏ ਹਨ।
- ਇਲੈਕਟ੍ਰੀਕਲ ਕੈਬਿਨੇਟ ਅਤੇ ਪਖਾਨਿਆਂ ਵਿੱਚ ਐਰੋਸੋਲ ਅਧਾਰਿਤ ਅੱਗ ਪਛਾਣ ਅਤੇ ਅੱਗ ਬੁਝਾਓ ਪ੍ਰਣਾਲੀ ਨਾਲ ਅੱਗ ਸੁਰੱਖਿਆ ਵਿੱਚ ਸੁਧਾਰ ਹੋਇਆ ਹੈ।





ਅੰਮ੍ਰਿਤ ਭਾਰਤ ਟ੍ਰੇਨ

- ਅੰਮ੍ਰਿਤ ਭਾਰਤ ਟ੍ਰੇਨ ਪੂਰੀ ਤਰ੍ਹਾਂ ਨਾਲ ਨੌਨ-ਏਸੀ ਟ੍ਰੇਨਾਂ ਹਨ। ਵਰਤਮਾਨ ਵਿੱਚ 12 ਸਲੀਪਰ ਅਤੇ 8 ਜਨਰਲ ਕੋਚਾਂ ਦੇ ਨਾਲ ਯਾਤਰੀਆਂ ਨੂੰ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ।
- ਵਰ੍ਹੇ 2026 ਦੀ ਸ਼ੁਰੂਆਤ ਵਿੱਚ ਹੀ 7 ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ ਸ਼ੁਰੂ ਕੀਤੀਆਂ ਗਈਆਂ। ਵਰ੍ਹੇ 2025 ਵਿੱਚ 13 ਟ੍ਰੇਨਾਂ ਚਲਾਈਆਂ ਗਈਆਂ ਸਨ। ਭਾਰਤੀ ਰੇਲਵੇ ਨੈੱਟਵਰਕ 'ਤੇ ਕੁੱਲ 37 ਅੰਮ੍ਰਿਤ ਭਾਰਤ ਟ੍ਰੇਨਾਂ ਚੱਲ ਰਹੀਆਂ ਹਨ।



ਨਮੋ ਭਾਰਤ ਰੈਪਿਡ ਰੇਲ

- ਨਮੋ ਭਾਰਤ ਰੈਪਿਡ ਰੇਲ ਸੇਵਾਵਾਂ ਉੱਚ ਫ੍ਰੀਕੁਐਂਸੀ ਅਤੇ ਖੇਤਰੀ ਸੰਪਰਕ ਲਈ ਡਿਜ਼ਾਈਨ ਕੀਤੀਆਂ ਗਈਆਂ ਹਨ, ਜਿਸ ਨਾਲ ਉੱਚ ਮੰਗ ਵਾਲੇ ਕੌਰੀਡੋਰਾਂ ਵਿੱਚ ਘੱਟ ਅਤੇ ਦਰਮਿਆਨੀ ਦੂਰੀ ਦੀ ਆਵਾਜਾਈ ਸੁਵਿਧਾ ਬਿਹਤਰ ਹੁੰਦੀ ਹੈ।
- ਦੇਸ਼ ਵਿੱਚ ਭੁਜ-ਅਹਿਮਦਾਬਾਦ ਅਤੇ ਜੈ ਨਗਰ-ਪਟਨਾ ਦੇ ਵਿਚਕਾਰ ਵੱਡਾ ਵਰਦਾਨ ਸਾਬਤ ਹੋਈ ਹੈ। 2 ਨਮੋ ਭਾਰਤ ਰੈਪਿਡ ਰੇਲ ਸੇਵਾਵਾਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ।

ਇਹ ਭਾਰਤ ਦੇ ਸੱਭਿਆਚਾਰਕ, ਅਧਿਆਤਮਿਕ ਅਤੇ ਆਰਥਿਕ ਕੇਂਦਰਾਂ ਨੂੰ ਜੋੜਦੀ ਹੈ। ਇਹ ਟ੍ਰੇਨਾਂ ਦੇਸ਼ ਭਰ ਦੇ 274 ਤੋਂ ਵੱਧ ਜ਼ਿਲ੍ਹਿਆਂ ਨੂੰ ਸੇਵਾ ਦੇ ਰਹੀਆਂ ਹਨ। ਇਸ ਵਿਆਪਕ ਨੈੱਟਵਰਕ ਨਾਲ ਪੂਰੇ ਦੇਸ਼ ਵਿੱਚ ਯਾਤਰਾ, ਟੂਰਿਜ਼ਮ ਅਤੇ ਖੇਤਰੀ ਸੰਪਰਕ ਵਿੱਚ ਸੁਧਾਰ ਹੋ ਰਿਹਾ ਹੈ। ■



ਸੰਤੁਲਨ ਦਾ ਖੇਡ ਹੈ ‘ਵੌਲੀਬਾਲ’

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਾਰਾਣਸੀ ਵਿੱਚ 72ਵੇਂ ਰਾਸ਼ਟਰੀ ਵੌਲੀਬਾਲ ਟੂਰਨਾਮੈਂਟ ਦਾ ਕੀਤਾ ਉਦਘਾਟਨ

ਭਾਰਤ ਦੀ ਵਧਦੀ ਅਰਥਵਿਵਸਥਾ ਦੀ ਵਿਸ਼ਵ ਪੱਧਰ ‘ਤੇ ਚਰਚਾ ਹੋ ਰਹੀ ਹੈ। ਜਦੋਂ ਦੇਸ਼ ਵਿਕਾਸ ਕਰਦਾ ਹੈ ਤਾਂ ਇਹ ਸਿਰਫ਼ ਆਰਥਿਕ ਮੋਰਚੇ ਤੱਕ ਸੀਮਤ ਨਹੀਂ ਰਹਿੰਦਾ, ਇਹ ਆਤਮਵਿਸ਼ਵਾਸ ਖੇਡ ਦੇ ਮੈਦਾਨ ਵਿੱਚ ਵੀ ਦਿਸਦਾ ਹੈ। ਖੇਡਾਂ ਵਿੱਚ ਭਾਰਤ ਦਾ ਪ੍ਰਦਰਸ਼ਨ ਲਗਾਤਾਰ ਬਿਹਤਰ ਹੋਇਆ ਹੈ ਕਿਉਂਕਿ ਬੀਤੇ ਇੱਕ ਦਹਾਕੇ ਤੋਂ ਕੇਂਦਰ ਸਰਕਾਰ ਹਰ ਪੱਧਰ ‘ਤੇ ਖੇਡਾਂ ਦੇ ਈਕੋਸਿਸਟਮ ਨੂੰ ਮਜ਼ਬੂਤੀ ਦੇ ਰਹੀ ਹੈ। ਇਸੇ ਵਚਨਬੱਧਤਾ ਦੇ ਤਹਿਤ ਆਯੋਜਿਤ 72ਵੇਂ ਰਾਸ਼ਟਰੀ ਵੌਲੀਬਾਲ ਟੂਰਨਾਮੈਂਟ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਾਰਾਣਸੀ ਵਿੱਚ 4 ਜਨਵਰੀ ਨੂੰ ਕੀਤਾ ਉਦਘਾਟਨ ...

ਵਾਰਾਣਸੀ ਵਿੱਚ 4 ਤੋਂ 11 ਜਨਵਰੀ ਤੱਕ 72ਵੇਂ ਰਾਸ਼ਟਰੀ ਵੌਲੀਬਾਲ ਟੂਰਨਾਮੈਂਟ ਆਯੋਜਿਤ ਕੀਤਾ ਗਿਆ, ਜਿਸ ਵਿੱਚ 28 ਰਾਜਾਂ ਅਤੇ ਸੰਸਥਾਨਾਂ ਤੋਂ 58 ਟੀਮਾਂ ਦੇ ਇੱਕ ਹਜ਼ਾਰ ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ। ਉਦਘਾਟਨ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਵੌਲੀਬਾਲ ਕੋਈ ਸਧਾਰਣ ਖੇਡ ਨਹੀਂ ਹੈ, ਸਗੋਂ ਇਹ ਸੰਤੁਲਨ ਅਤੇ ਸਹਿਯੋਗ ਦੀ ਖੇਡ ਹੈ। ਇਸ ਖੇਡ ਵਿੱਚ ਗੇਂਦ ਨੂੰ ਹਮੇਸ਼ਾ ਹਵਾ ਵਿੱਚ ਰੱਖਣ ਦਾ ਯਤਨ ਕਰਨਾ ਪੈਂਦਾ ਹੈ ਇਸ ਨਾਲ ਦ੍ਰਿੜ੍ਹ ਸੰਕਲਪ ਝਲਕਦਾ ਹੈ। ਇਸ ਖੇਡ ਵਿੱਚ ਹਰ ਖਿਡਾਰੀ ‘ਟੀਮ ਪਹਿਲੇ’ ਦੇ ਮੰਤਰ ਤੋਂ ਪ੍ਰੇਰਿਤ ਹੁੰਦਾ ਹੈ। ਹਰੇਕ ਖਿਡਾਰੀ ਦੇ ਕੋਲ ਵੱਖ-ਵੱਖ ਕੌਸ਼ਲ ਹੁੰਦੇ ਹਨ ਲੇਕਿਨ ਸਾਰੇ ਆਪਣੀ ਟੀਮ ਦੀ ਜਿੱਤ ਲਈ ਖੇਡਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੇ ਵਿਕਾਸ ਦੀ ਕਹਾਣੀ ਅਤੇ ਵੌਲੀਬਾਲ ਦੇ ਵਿੱਚ ਸਮਾਨਤਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਕੋਈ ਵੀ ਜਿੱਤ ਇਕੱਲੇ ਪ੍ਰਾਪਤ ਨਹੀਂ ਹੁੰਦੀ ਸਗੋਂ ਜਿੱਤ ਤਾਲਮੇਲ, ਵਿਸ਼ਵਾਸ ਅਤੇ ਟੀਮ ਦੀ ਤਿਆਰੀ ‘ਤੇ ਨਿਰਭਰ ਕਰਦੀ ਹੈ। ਹਰ ਕਿਸੇ ਦੀ ਆਪਣੀ ਭੂਮਿਕਾ ਅਤੇ ਜ਼ਿੰਮੇਵਾਰੀ ਹੁੰਦੀ ਹੈ। ਸਫ਼ਲਤਾ ਤਦ ਹੀ ਮਿਲਦੀ ਹੈ ਜਦੋਂ ਹਰ ਕੋਈ ਗੰਭੀਰਤਾ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ।

2030 ਦੇ ਰਾਸ਼ਟਰਮੰਡਲ ਖੇਡ ਭਾਰਤ ਵਿੱਚ ਆਯੋਜਿਤ ਕੀਤੇ ਜਾਣਗੇ ਅਤੇ ਦੇਸ਼ 2036 ਦੀਆਂ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਦੇ ਲਈ ਵੀ ਯਤਨਸ਼ੀਲ ਹੈ। ਇਸ ਦਾ ਉਦੇਸ਼ ਵੱਧ ਤੋਂ ਵੱਧ ਖਿਡਾਰੀਆਂ ਨੂੰ ਮੁਕਾਬਲੇਬਾਜ਼ੀ ਕਰਨ ਦੇ ਬਿਹਤਰ ਮੌਕੇ ਪ੍ਰਦਾਨ ਕਰਨਾ ਹੈ।

ਸਰਕਾਰ ਨੇ ਖੇਡਾਂ ਦੇ ਬਜਟ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। ਅੱਜ ਭਾਰਤ ਦਾ ਖੇਡ ਮਾਡਲ ‘ਖਿਡਾਰੀ-ਕੇਂਦ੍ਰਿਤ’ ਹੋ ਗਿਆ ਹੈ, ਜਿਸ ਵਿੱਚ ਪ੍ਰਤਿਭਾ ਦੀ ਪਛਾਣ, ਵਿਗਿਆਨ ਕ ਸਿਖਲਾਈ, ਪੋਸ਼ਣ ਅਤੇ ਪਾਰਦਰਸ਼ੀ ਚੋਣ ‘ਤੇ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ। ਸਰਕਾਰ ਨੇ ਖੇਡ ਖੇਤਰ ਵਿੱਚ ਕਈ ਵੱਡੇ ਸੁਧਾਰ ਕੀਤੇ ਹਨ, ਜਿਨ੍ਹਾਂ ਵਿੱਚ ਰਾਸ਼ਟਰੀ ਖੇਡ ਪ੍ਰਸ਼ਾਸਨ ਐਕਟ ਅਤੇ ਖੇਲੋ ਭਾਰਤ ਨੀਤੀ–2025 ਵੀ ਸ਼ਾਮਲ ਹਨ। ਟੌਪਸ ਅਤੇ ਖੇਲੋ ਇੰਡੀਆ ਜਿਹੀਆਂ ਪਹਿਲਕਦਮੀਆਂ ਨਾਲ ਬਹੁਤ ਬਦਲਾਅ ਆ ਰਿਹਾ ਹੈ। ■



> ਮੈਂ ਤਾਂ ਭਾਰਤ ਦੇ ਵਿਕਾਸ ਦੀ ਕਹਾਣੀ ਅਤੇ ਵੌਲੀਬਾਲ ਵਿੱਚ ਵੀ ਬਹੁਤ ਸਾਰੀਆਂ ਗੱਲਾਂ ਵਿੱਚ ਸਮਾਨਤਾ ਦੇਖਦਾ ਹਾਂ। ਵੌਲੀਬਾਲ ਸਾਨੂੰ ਸਿਖਾਉਂਦੀ ਹੈ ਕਿ ਕੋਈ ਵੀ ਜਿੱਤ, ਇਕੱਲੇ ਨਹੀਂ ਹੁੰਦੀ। ਸਾਡੀ ਜਿੱਤ ਸਾਡੇ ਤਾਲਮੇਲ, ਸਾਡੇ ਵਿਸ਼ਵਾਸ ਅਤੇ ਸਾਡੀ ਟੀਮ ਦੀ ਤੀਬਰਤਾ ‘ਤੇ ਨਿਰਭਰ ਹੁੰਦੀ ਹੈ। **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪੂਰਵੋਦਯ ਦੇ ਮੰਤਰ ਦਾ ਸਾਰਥੀ ਬਣ ਰਿਹਾ ਪੱਛਮ ਬੰਗਾਲ

ਪੂਰਵੋਦਯ, ਕੇਂਦਰ ਸਰਕਾਰ ਦਾ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਇੱਕ ਮੰਤਰ ਬਣ ਗਿਆ ਹੈ ਜੋ ਪੱਛਮ ਬੰਗਾਲ ਦੀ ਵਿਕਾਸ ਯਾਤਰਾ ਵਿੱਚ ਨਿਰੰਤਰ ਨਵੇਂ ਆਯਾਮ ਜੋੜ ਰਿਹਾ ਹੈ। ਵੰਦੇ ਭਾਰਤ ਸਲੀਪਰ ਟ੍ਰੇਨ ਦੀ ਸ਼ੁਰੂਆਤ ਨਾਲ ਭਾਰਤੀ ਰੇਲਵੇ ਦੇ ਆਧੁਨਿਕੀਕਰਣ ਦੀ ਪਹਿਲ ਹੋਵੇ ਜਾਂ ਵਿਕਾਸ ਨਾਲ ਜੁੜੇ ਹੋਰ ਪ੍ਰੋਜੈਕਟਸ, ਪੱਛਮ ਬੰਗਾਲ ਦੀ ਵਿਕਾਸ ਯਾਤਰਾ ਨੂੰ ਨਵੀਂ ਗਤੀ ਮਿਲੀ ਹੈ। ਬੀਤੇ 17-18 ਜਨਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪੱਛਮ ਬੰਗਾਲ ਦੇ ਮਾਲਦਾ ਵਿੱਚ 3 ਹਜ਼ਾਰ ਕਰੋੜ ਰੁਪਏ ਤੋਂ ਵੱਧ ਅਤੇ ਹੁਗਲੀ ਦੇ ਸਿੰਗੂਰ ਵਿੱਚ 830 ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ...



ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਲਈ, ਪੂਰਬੀ ਭਾਰਤ ਦਾ ਵੀ ਬਰਾਬਰ ਵਿਕਾਸ ਹੋਵੇ, ਇਸ ਟੀਚੇ ਦੇ ਨਾਲ ਕੇਂਦਰ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਇਸੇ ਸੰਕਲਪ ਨੂੰ ਹੋਰ ਮਜ਼ਬੂਤ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੱਧ ਜਨਵਰੀ ਦੇ ਆਪਣੇ ਵਿਸ਼ੇਸ਼ ਦੌਰੇ ਦੌਰਾਨ ਲਗਭਗ 4 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟਾਂ ਦੇ ਤੋਹਫੇ ਪੱਛਮ ਬੰਗਾਲ ਨੂੰ ਦਿੱਤੇ। ਪੱਛਮ ਬੰਗਾਲ ਨਾਲ ਜੁੜੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਅਤੇ ਉਦਘਾਟਨ ਇਸ ਗੱਲ ਦਾ ਪ੍ਰਤੀਕ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ' ਪੂਰਵੋਦਯ' ਦਾ ਮੰਤਰ ਇਸ ਰਾਜ ਦੇ ਵਿਕਾਸ ਵਿੱਚ ਨਵੇਂ ਅਧਿਆਏ ਜੋੜ ਰਿਹਾ ਹੈ। ਪੱਛਮ ਬੰਗਾਲ ਦੀ ਇਸ ਪਵਿੱਤਰ ਧਰਤੀ ਤੋਂ ਭਾਰਤੀ ਰੇਲਵੇ ਦੇ ਆਧੁਨਿਕੀਕਰਣ ਵੱਲ ਇੱਕ ਹੋਰ ਵੱਡਾ ਕਦਮ ਚੁੱਕਿਆ ਗਿਆ ਹੈ। ਇੱਥੋਂ ਹੀ ਭਾਰਤ ਵਿੱਚ ਵੰਦੇ ਭਾਰਤ ਸਲੀਪਰ ਟ੍ਰੇਨਾਂ ਦੀ ਸ਼ੁਰੂਆਤ ਹੋਈ ਹੈ ਜੋ ਪੂਰੀ ਤਰ੍ਹਾਂ ਸਵਦੇਸ਼ੀ ਹਨ। ਦੇਸ਼ ਦੀ ਇਹ ਪਹਿਲੀ ਵੰਦੇ ਭਾਰਤ ਸਲੀਪਰ ਟ੍ਰੇਨ, ਮਾਂ ਕਾਲੀ ਦੀ ਧਰਤੀ ਨੂੰ ਮਾਂ ਕਾਮਾਖਿਆ ਦੀ ਭੂਮੀ ਨਾਲ ਜੋੜ ਰਹੀ ਹੈ।

ਪੱਛਮ ਬੰਗਾਲ ਨੂੰ, ਲਗਭਗ ਅੱਧਾ ਦਰਜਨ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ ਵੀ ਮਿਲੀਆਂ ਹਨ। ਇਨ੍ਹਾਂ ਟ੍ਰੇਨਾਂ ਨਾਲ ਬਨਾਰਸ, ਦਿੱਲੀ, ਤਮਿਲ ਨਾਡੂ ਦੀ ਯਾਤਰਾ ਸੁਖਾਲੀ ਹੋਵੇਗੀ। ਪ੍ਰਧਾਨ ਮੰਤਰੀ ਦਾ ਦੋ ਦਿਨਾਂ ਦੌਰਾ ਪੱਛਮ ਬੰਗਾਲ ਦੀ ਰੇਲ ਕਨੈਕਟੀਵਿਟੀ ਦੇ ਲਈ ਬੇਮਿਸਾਲ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ, "ਸ਼ਾਇਦ ਪਿਛਲੇ 100 ਵਰ੍ਹਿਆਂ ਵਿੱਚ 24 ਘੰਟਿਆਂ ਵਿੱਚ ਇੰਨਾ ਕੰਮ ਨਹੀਂ ਹੋਇਆ ਹੋਵੇਗਾ।" ਪੱਛਮ ਬੰਗਾਲ ਦੀ ਤਰੱਕੀ ਨੂੰ ਗਤੀ ਦੇਣ ਦੀ ਮੁਹਿੰਮ ਹੋਰ ਤੇਜ਼ ਹੋ ਗਈ ਹੈ। ਇਨ੍ਹਾਂ ਪ੍ਰੋਜੈਕਟਾਂ ਨਾਲ ਇੱਥੋਂ ਦੇ ਲੋਕਾਂ ਦੇ ਲਈ ਯਾਤਰਾ ਅਤੇ ਕਾਰੋਬਾਰ ਵੀ ਅਸਾਨ ਹੋ ਜਾਵੇਗਾ। ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲਣਗੇ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

> ਭਾਰਤ ਨੂੰ ਜੋੜਨਾ ਸਾਡੀ ਤਰਜੀਹ ਹੈ, ਦੂਰੀਆਂ ਨੂੰ ਘੱਟ ਕਰਨਾ ਇਹ ਸਾਡਾ ਮਿਸ਼ਨ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**





ਵਿਕਾਸ ਦੀ ਪਟੜੀ 'ਤੇ ਦੌੜਦਾ ਪੱਛਮ ਬੰਗਾਲ

4,080 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਰੇਲ ਅਤੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਸ਼ੁਭਆਰੰਭ ਕੀਤਾ ਮਾਲਦਾ ਅਤੇ ਹੁਗਲੀ ਵਿੱਚ ।

- ਹਾਵੜਾ ਅਤੇ ਗੁਵਾਹਾਟੀ (ਕਾਮਾਖਿਆ) ਦੇ ਵਿਚਕਾਰ ਭਾਰਤ ਦੀ ਪਹਿਲੀ ਵੰਦੇ ਭਾਰਤ ਸਲੀਪਰ ਟ੍ਰੇਨ ਨੂੰ ਹਰੀ ਝੰਡੀ।
- ਬਾਲਾਗੜ੍ਹ ਵਿੱਚ ਵਿਸਤ੍ਰਿਤ ਪੋਰਟ ਗੇਟ ਸਿਸਟਮ ਦਾ ਨੀਂਹ ਪੱਥਰ ਰੱਖਿਆ, ਇਸ ਨਾਲ ਇਨਲੈਂਡ ਵਾਟਰ ਟ੍ਰਾਂਸਪੋਰਟ ਅਤੇ ਖੇਤਰੀ ਸੰਪਰਕ ਨੂੰ ਉਤਸ਼ਾਹ ਮਿਲੇਗਾ।
- ਕੋਲਕਾਤਾ ਵਿੱਚ ਅਤਿ-ਆਧੁਨਿਕ ਇਲੈਕਟ੍ਰਿਕ ਕੈਟਾਮਰਾਨ (Electric Catamaran) ਦਾ ਵੀ ਸ਼ੁਰੂਆਤ। ਇਹ ਕੋਚੀਨ ਸ਼ਿਪਯਾਰਡ ਲਿਮਿਟੇਡ ਦੁਆਰਾ ਇਨਲੈਂਡ ਵਾਟਰ ਟ੍ਰਾਂਸਪੋਰਟ ਲਈ ਸਵਦੇਸ਼ੀ ਰੂਪ ਵਿੱਚ ਨਿਰਮਿਤ 6 ਇਲੈਕਟ੍ਰਿਕ ਕੈਟਾਮਰਾਨਾਂ ਵਿੱਚੋਂ ਇੱਕ ਹੈ।
- 7 ਅੰਮ੍ਰਿਤ ਭਾਰਤ ਟ੍ਰੇਨਾਂ ਨੂੰ ਹਰੀ ਝੰਡੀ, ਜਿਸ ਨਾਲ ਪੱਛਮ ਬੰਗਾਲ ਦਾ ਹੋਰ ਰਾਜਾਂ ਦੇ ਨਾਲ ਰੇਲ ਸੰਪਰਕ ਮਜ਼ਬੂਤ ਹੋਵੇਗਾ।
- ਇਹ ਟ੍ਰੇਨਾਂ ਹਨ—ਨਿਊ ਜਲਪਾਈਗੁੜੀ-ਨਾਗਰਕੋਇਲ ਅੰਮ੍ਰਿਤ ਭਾਰਤ ਐਕਸਪ੍ਰੈੱਸ; ਨਿਊ ਜਲਪਾਈਗੁੜੀ-ਤਿਰੂਚਿਰਾਪੱਲੀ ਅੰਮ੍ਰਿਤ ਭਾਰਤ ਐਕਸਪ੍ਰੈੱਸ; ਅਲੀਪੁਰਦੁਆਰ-ਐੱਸਐੱਮਵੀਟੀ ਬੰਗਲੁਰੂ ਅੰਮ੍ਰਿਤ ਭਾਰਤ ਐਕਸਪ੍ਰੈੱਸ; ਅਲੀਪੁਰਦੁਆਰ-ਮੁੰਬਈ (ਪਨਵੇਲ) ਅੰਮ੍ਰਿਤ ਭਾਰਤ ਐਕਸਪ੍ਰੈੱਸ; ਕੋਲਕਾਤਾ (ਹਾਵੜਾ)-ਆਨੰਦ ਵਿਹਾਰ ਟਰਮੀਨਲ ਅੰਮ੍ਰਿਤ ਭਾਰਤ ਐਕਸਪ੍ਰੈੱਸ; ਕੋਲਕਾਤਾ (ਸਿਆਲਦਹ)-ਬਨਾਰਸ ਅੰਮ੍ਰਿਤ ਭਾਰਤ ਐਕਸਪ੍ਰੈੱਸ; ਕੋਲਕਾਤਾ (ਸੰਤਰਾਗਾਛੀ)-ਤਾਮਬਰਮ ਅੰਮ੍ਰਿਤ ਭਾਰਤ ਐਕਸਪ੍ਰੈੱਸ।
- ਪੱਛਮ ਬੰਗਾਲ ਵਿੱਚ ਚਾਰ ਪ੍ਰਮੁੱਖ ਰੇਲਵੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ, ਜਿਨ੍ਹਾਂ ਵਿੱਚ ਬਲੂਰਘਾਟ ਅਤੇ ਹਿੱਲੀ ਦੇ ਵਿਚਕਾਰ ਨਵੀਂ ਰੇਲ ਲਾਈਨ, ਨਿਊ ਜਲਪਾਈਗੁੜੀ ਵਿੱਚ ਅਗਲੀ ਪੀੜ੍ਹੀ ਦੀਆਂ ਮਾਲ ਢੋਆ-ਢੁਆਈ ਰੱਖ-ਰਖਾਅ ਸਹੂਲਤਾਂ, ਸਿਲੀਗੁੜੀ ਲੋਕੋ ਸ਼ੈੱਡ ਦਾ ਆਧੁਨਿਕੀਕਰਣ ਅਤੇ ਜਲਪਾਈਗੁੜੀ ਜ਼ਿਲ੍ਹੇ ਵਿੱਚ ਵੰਦੇ ਭਾਰਤ ਟ੍ਰੇਨ ਰੱਖ-ਰਖਾਅ ਸਹੂਲਤਾਂ ਦਾ ਆਧੁਨਿਕੀਕਰਣ ਸ਼ਾਮਲ ਹੈ।
- ਨਿਊ ਕੂਚਬਿਹਾਰ-ਬਮਨਹਾਟ ਅਤੇ ਨਿਊ ਕੂਚਬਿਹਾਰ-ਬਾਕਸਿਰਹਾਟ ਦੇ ਵਿਚਕਾਰ ਰੇਲ ਲਾਈਨਾਂ ਦਾ ਬਿਜਲੀਕਰਣ ਰਾਸ਼ਟਰ ਨੂੰ ਸਮਰਪਿਤ। ਐੱਲਐੱਚਬੀ (LHB) ਕੋਚਾਂ ਨਾਲ ਲੈਸ ਦੋ ਨਵੀਂਆਂ ਟ੍ਰੇਨ ਸੇਵਾਵਾਂ ਨੂੰ ਵੀ ਹਰੀ ਝੰਡੀ ਦਿਖਾਈ।
- ਜੈਰਾਮਬਾਤੀ-ਬਰੋਗੋਪੀਨਾਥਪੁਰ-ਮਯਨਾਪੁਰ ਨਵੀਂ ਰੇਲ ਲਾਈਨ ਦਾ ਵੀ ਉਦਘਾਟਨ।
- ਰਾਸ਼ਟਰੀ ਰਾਜਮਾਰਗ-31ਡੀ ਦੇ ਧੂਪਗੁੜੀ-ਫਲਾਕਾਟਾ ਸੈਕਸ਼ਨ ਦੇ ਮੁੜ ਨਿਰਮਾਣ ਅਤੇ ਚਾਰ ਲੇਨ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਇਸ ਰਾਜ ਵਿੱਚ ਜਲ ਮਾਰਗਾਂ ਲਈ ਬਿਹਤਰ ਸੰਭਾਵਨਾਵਾਂ ਹਨ, ਜਿਸ ਦਿਸ਼ਾ ਵਿੱਚ ਕੇਂਦਰ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਇਹ ਸਿਰਫ਼ ਪੱਛਮ ਬੰਗਾਲ ਦੇ ਵਿਕਾਸ ਲਈ ਹੀ ਨਹੀਂ, ਸਗੋਂ ਭਾਰਤ ਦੇ ਵਿਕਾਸ ਲਈ ਵੀ ਬਹੁਤ ਮਹੱਤਵਪੂਰਨ ਹੈ। ਇਹ ਉਹ ਥੰਮ੍ਹ ਹਨ ਜਿਨ੍ਹਾਂ ਦੇ ਉੱਪਰ ਪੱਛਮ ਬੰਗਾਲ ਨੂੰ ਮੈਨੂਫੈਕਚਰਿੰਗ, ਟ੍ਰੇਡ ਅਤੇ ਲੌਜਿਸਟਿਕਸ ਦਾ ਇੱਕ ਵੱਡਾ ਹੱਬ ਬਣਾਇਆ ਜਾ ਸਕਦਾ ਹੈ। ਅੱਜ ਭਾਰਤ ਵਿੱਚ ਮਲਟੀ-ਮਾਡਲ ਕਨੈਕਟੀਵਿਟੀ ਅਤੇ ਗ੍ਰੀਨ ਮੋਬਿਲਿਟੀ 'ਤੇ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ। ਆਵਾਜਾਈ ਸੁਖਾਲੀ ਹੋਵੇ, ਇਸ ਲਈ ਬੰਦਰਗਾਹਾਂ, ਨਦੀ ਜਲ ਮਾਰਗਾਂ, ਹਾਈਵੇਅ ਅਤੇ ਹਵਾਈ ਅੱਡਿਆਂ, ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਜੋੜਿਆ ਜਾ ਰਿਹਾ ਹੈ। ਇਸ ਨਾਲ ਲੌਜਿਸਟਿਕਸ ਲਾਗਤ ਅਤੇ ਆਵਾਜਾਈ ਵਿੱਚ ਲੱਗਣ ਵਾਲੇ ਸਮੇਂ, ਦੋਵਾਂ ਵਿੱਚ ਕਮੀ ਆ ਰਹੀ ਹੈ। ਭਾਰਤ ਅੱਜ ਫਿਸ਼ਰੀਜ਼ ਅਤੇ ਸੀ-ਫੂਡ ਦੇ ਉਤਪਾਦਨ ਅਤੇ ਨਿਰਯਾਤ ਵਿੱਚ ਪ੍ਰੋਡਕਸ਼ਨ ਅਤੇ ਐਕਸਪੋਰਟ ਵਿੱਚ ਬਹੁਤ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਦਾ ਸੁਪਨਾ ਹੈ ਕਿ ਪੱਛਮ ਬੰਗਾਲ ਇਸ ਵਿੱਚ ਦੇਸ਼ ਦੀ ਅਗਵਾਈ ਕਰੇ।

ਆਧੁਨਿਕਤਾ ਵੀ, ਆਤਮ-ਨਿਰਭਰਤਾ ਵੀ

ਭਾਰਤੀ ਰੇਲਵੇ ਆਧੁਨਿਕ ਹੋਣ ਦੇ ਨਾਲ-ਨਾਲ ਆਤਮ-ਨਿਰਭਰ ਵੀ ਹੋ ਰਹੀ ਹੈ। ਰੇਲਵੇ ਦਾ ਬਿਜਲੀਕਰਣ ਹੋ ਰਿਹਾ ਹੈ, ਰੇਲਵੇ ਸਟੇਸ਼ਨ ਆਧੁਨਿਕ ਬਣ ਰਹੇ ਹਨ। ਭਾਰਤ ਦੇ ਰੇਲ ਇੰਜਣ, ਰੇਲ ਦੇ ਡੱਬੇ, ਭਾਰਤ ਦੇ ਮੈਟਰੋ ਕੋਚ - ਇਹ ਸਭ ਭਾਰਤ ਦੀ ਟੈਕਨੋਲੋਜੀ ਦੀ ਪਛਾਣ ਬਣ ਰਹੇ ਹਨ। ਅੱਜ ਅਮਰੀਕਾ ਅਤੇ ਯੂਰੋਪ ਨਾਲੋਂ ਵੱਧ ਲੋਕੋਮੋਟਿਵ ਭਾਰਤ ਵਿੱਚ ਬਣ ਰਹੇ ਹਨ। ਦੁਨੀਆ ਦੇ ਕਈ ਦੇਸ਼ਾਂ ਨੂੰ ਪੈਸੇਂਜਰ ਟ੍ਰੇਨ ਅਤੇ ਮੈਟਰੋ ਟ੍ਰੇਨ ਦੇ ਕੋਚਾਂ ਦਾ ਨਿਰਯਾਤ ਭਾਰਤ ਕਰਨ ਲੱਗਾ ਹੈ, ਜਿਸ ਨਾਲ ਅਰਥਵਿਵਸਥਾ ਨੂੰ ਲਾਭ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲ ਰਹੇ ਹਨ। ਅੱਜ ਪੱਛਮ ਬੰਗਾਲ ਸਮੇਤ ਦੇਸ਼ ਵਿੱਚ 150 ਤੋਂ ਵੱਧ ਵੰਦੇ ਭਾਰਤ ਟ੍ਰੇਨਾਂ ਚੱਲ ਰਹੀਆਂ ਹਨ। ਇਸ ਦੇ ਨਾਲ-ਨਾਲ ਆਧੁਨਿਕ ਅਤੇ ਤੇਜ਼ ਗਤੀ ਦੀਆਂ ਟ੍ਰੇਨਾਂ ਦਾ ਪੂਰਾ ਨੈੱਟਵਰਕ ਬਣ ਰਿਹਾ ਹੈ। ਇਸ ਦਾ ਬਹੁਤ ਵੱਡਾ ਲਾਭ ਪੱਛਮ ਬੰਗਾਲ ਦੇ ਗ਼ਰੀਬ ਅਤੇ ਮੱਧਵਰਗੀ ਪਰਿਵਾਰਾਂ ਨੂੰ ਹੋ ਰਿਹਾ ਹੈ। ■



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡਸਕੈਨ ਕਰੋ।

ਇਕੋਨੌਮੀ ਅਤੇ ਇਕੋਲੌਜੀ ਦਾ ਨਵਾਂ ਅਧਿਆਏ ਲਿਖ ਰਿਹਾ ਅਸਾਮ

ਭਾਰਤ ਅੱਜ ਕੁਦਰਤ ਅਤੇ ਪ੍ਰਗਤੀ ਨੂੰ ਨਾਲ ਲੈ ਕੇ ਅੱਗੇ ਵਧਣ ਦੀ ਮਿਸਾਲ ਬਣ ਰਿਹਾ ਹੈ। ਜਨਵਰੀ ਦੇ ਮੱਧ ਵਿੱਚ ਅਸਾਮ ਦੇ ਕਾਲੀਆਬੋਰ ਵਿੱਚ ਲਗਭਗ 7 ਹਜ਼ਾਰ ਕਰੋੜ ਰੁਪਏ ਦੀ ਲਾਗਤ ਵਾਲੇ ਕਾਜ਼ੀਰੰਗਾ ਐਲੀਵੇਟਿਡ ਕੌਰੀਡੋਰ ਪ੍ਰੋਜੈਕਟ ਦਾ ਭੂਮੀ ਪੂਜਨ ਇਸਦੀ ਉੱਤਮ ਉਦਾਹਰਣ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਭਾਰਤ ਦੀ ਜੈਵ-ਵਿਭਿੰਨਤਾ ਦੇ ਅਨਮੋਲ ਰਤਨ- ਕਾਜ਼ੀਰੰਗਾ ਲਈ ਇਸ ਵਿਸ਼ੇਸ਼ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਅਤੇ ਵਿਕਾਸ ਦੇ ਹੋਰ ਪ੍ਰੋਜੈਕਟਾਂ ਦੇ ਨਾਲ ਅਸਾਮ ਦੇ ਸੱਭਿਆਚਾਰਕ ਮਾਣ ਦੇ ਵੀ ਬਣੇ ਗਵਾਹ...

ਭਾਰਤ ਦੇ ਵਿਕਾਸ ਦਾ ਇੰਜਣ –ਉੱਤਰ-ਪੂਰਬ, ਜਿਸ ਦੀ ਇੱਕ ਪੀੜ੍ਹਾ ਸੀ - ਦੂਰੀ ਦੀ। ਦੂਰੀ ਦਿਲਾਂ ਦੀ, ਦੂਰੀ ਸਥਾਨਾਂ ਦੀ। ਦਹਾਕਿਆਂ ਤੱਕ, ਇੱਥੋਂ ਦੇ ਲੋਕਾਂ ਨੂੰ ਇਹੀ ਮਹਿਸੂਸ ਹੁੰਦਾ ਰਿਹਾ ਕਿ ਦੇਸ਼ ਦਾ ਵਿਕਾਸ ਕਿਤੇ ਹੋਰ ਹੋ ਰਿਹਾ ਹੈ ਅਤੇ ਉਹ ਪਿੱਛੇ ਛੂਟ ਰਹੇ ਹਨ। ਇਸਦਾ ਅਸਰ ਸਿਰਫ਼ ਅਰਥਵਿਵਸਥਾ 'ਤੇ ਨਹੀਂ ਪਿਆ, ਸਗੋਂ ਭਰੋਸੇ 'ਤੇ ਵੀ ਪਿਆ।

ਇਸ ਭਾਵਨਾ ਨੂੰ ਬਦਲਣ ਦਾ ਕੰਮ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ, ਜੋ ਖ਼ੁਦ ਉੱਤਰ-ਪੂਰਬ ਦਾ 70 ਤੋਂ ਵੱਧ ਵਾਰ ਦੌਰਾ ਕਰ ਚੁੱਕੇ ਹਨ। ਉਨ੍ਹਾਂ ਨੇ ਉੱਤਰ-ਪੂਰਬ ਦੇ ਵਿਕਾਸ ਨੂੰ ਪਹਿਲ ਬਣਾਇਆ। ਰੋਡਵੇਜ਼, ਰੇਲਵੇਜ਼, ਏਅਰਵੇਜ਼ ਅਤੇ ਵਾਟਰਵੇਅਜ਼ ਦੇ ਮਾਧਿਅਮ ਨਾਲ, ਅਸਾਮ ਨੂੰ ਜੋੜਨ 'ਤੇ ਇੱਕੋ ਸਮੇਂ ਕੰਮ ਸ਼ੁਰੂ ਕੀਤਾ ਅਤੇ ਅੱਜ ਨਤੀਜਾ ਸਾਹਮਣੇ ਹੈ ਕਿ ਉੱਤਰ-ਪੂਰਬ ਅਤੇ ਉਸਦਾ ਗੇਟ-ਵੇਅ 'ਅਸਾਮ' ਵਿਕਾਸ ਦੀ ਨਵੀਂ ਗਾਥਾ ਲਿਖ ਰਿਹਾ ਹੈ। ਇਸੇ ਲੜੀ ਨੂੰ ਅੱਗੇ ਵਧਾ ਰਿਹਾ ਹੈ - ਕਾਜ਼ੀਰੰਗਾ ਐਲੀਵੇਟਿਡ ਕੌਰੀਡੋਰ ਪ੍ਰੋਜੈਕਟ। ਕਾਜ਼ੀਰੰਗਾ ਅਤੇ ਇੱਥੋਂ ਦੇ ਜੰਗਲੀ ਜੀਵਾਂ ਨੂੰ ਬਚਾਉਣਾ ਸਿਰਫ਼ ਵਾਤਾਵਰਣ ਦੀ ਰੱਖਿਆ ਨਹੀਂ ਹੈ, ਇਹ ਅਸਾਮ ਦੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਜ਼ਿੰਮੇਵਾਰੀ ਹੈ।

> “ਕਨੈਕਟੀਵਿਟੀ ਦਾ ਇਹ ਵਿਸਥਾਰ ਭਰੋਸਾ ਪੈਦਾ ਕਰਦਾ ਹੈ ਕਿ ਨੌਰਥ ਈਸਟ ਹੁਣ ਵਿਕਾਸ ਦੇ ਹਾਸ਼ੀਏ 'ਤੇ ਨਹੀਂ ਹੈ। ਨੌਰਥ ਈਸਟ ਹੁਣ ਦੂਰ ਨਹੀਂ ਰਿਹਾ, ਨੌਰਥ ਈਸਟ ਹੁਣ ਦਿਲ ਦੇ ਵੀ ਕੋਲ ਹੈ ਅਤੇ ਦਿੱਲੀ ਦੇ ਵੀ ਕੋਲ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਅਸਾਮ ਨੂੰ ਵਿਕਾਸ ਦੇ ਤੋਹਫ਼ੇ

- ਕਾਲੀਆਬੋਰ ਵਿੱਚ 6 ਹਜ਼ਾਰ 950 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ 86 ਕਿਲੋਮੀਟਰ ਲੰਬੇ ਕਾਜ਼ੀਰੰਗਾ ਐਲੀਵੇਟਿਡ ਕੌਰੀਡੋਰ ਪ੍ਰੋਜੈਕਟ ਦਾ ਭੂਮੀ ਪੂਜਨ।
- ਇਸ ਵਿੱਚ 35 ਕਿਲੋਮੀਟਰ ਦਾ ਐਲੀਵੇਟਿਡ ਜੰਗਲੀ ਜੀਵ ਕੌਰੀਡੋਰ ਸ਼ਾਮਲ ਹੋਵੇਗਾ ਜੋ ਕਾਜ਼ੀਰੰਗਾ ਨੈਸ਼ਨਲ ਪਾਰਕ ਤੋਂ ਹੋ ਕੇ ਗੁਜ਼ਰੇਗਾ। ਨਾਲ ਹੀ 21 ਕਿਲੋਮੀਟਰ ਦਾ ਬਾਈਪਾਸ ਸੈਕਸ਼ਨ ਅਤੇ ਰਾਸ਼ਟਰੀ ਰਾਜਮਾਰਗ-715 ਦੇ ਮੌਜੂਦਾ ਹਾਈਵੇਅ ਸੈਕਸ਼ਨ ਦਾ 30 ਕਿਲੋਮੀਟਰ ਤੱਕ ਵਿਸਥਾਰ ਕਰਕੇ ਇਸਨੂੰ ਦੋ ਲੇਨ ਤੋਂ ਅਪਗ੍ਰੇਡ ਕਰਕੇ ਚਾਰ ਲੇਨ ਦਾ ਬਣਾਇਆ ਜਾਵੇਗਾ।
- ਗੁਵਾਹਾਟੀ (ਕਾਮਾਖਿਆ)-ਰੋਹਤਕ ਅਤੇ ਡਿਬਰੂਗੜ੍ਹ-ਲਖਨਊ (ਗੋਮਤੀ ਨਗਰ) ਦੇ ਵਿਚਕਾਰ ਚਲਾਈਆਂ ਜਾਣ ਵਾਲੀਆਂ ਦੋ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ ਨੂੰ ਹਰੀ ਝੰਡੀ ਦਿਖਾਈ ਗਈ।
- ਬੋਡੋ ਭਾਈਚਾਰੇ ਦੀ ਸਮ੍ਰਿੱਧ ਵਿਰਾਸਤ ਦੇ ਇਤਿਹਾਸਕ ਸੱਭਿਆਚਾਰਕ ਉਤਸਵ 'ਬਾਗੁਰੁਮਬਾ ਦੋਹੋ 2026' ਦਾ ਆਯੋਜਨ ਹੋਇਆ। ਪ੍ਰੋਗਰਾਮ ਵਿੱਚ ਬੋਡੋ ਭਾਈਚਾਰੇ ਦੇ 10 ਹਜ਼ਾਰ ਤੋਂ ਵੱਧ ਕਲਾਕਾਰਾਂ ਨੇ ਬਾਗੁਰੁਮਬਾ ਨ੍ਰਿਤ ਪੇਸ਼ ਕੀਤਾ।
- ਬਾਗੁਰੁਮਬਾ ਨ੍ਰਿਤ ਸ਼ਾਂਤੀ, ਉਪਜਾਊ ਸ਼ਕਤੀ, ਖੁਸ਼ੀ ਅਤੇ ਸਮੂਹਿਕ ਸਦਭਾਵਨਾ ਦਾ ਪ੍ਰਤੀਕ ਹੈ ਅਤੇ ਇਹ ਬੋਡੋ ਨਵੇਂ ਸਾਲ 'ਬਵਿਸਾਗੂ' ਅਤੇ 'ਡੋਮਾਸੀ' ਵਰਗੇ ਤਿਉਹਾਰਾਂ ਨਾਲ ਨੇੜਿਓਂ ਜੁੜਿਆ ਹੋਇਆ ਹੈ।



ਬਾਗੁਰੁਮਬਾ ਦਹੋਊ ਨੇ ਬਣਾਇਆ ਰਿਕਾਰਡ

ਉੱਤਰ-ਪੂਰਬ, ਹੁਣ ਦਿੱਲੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਿਲ ਵਿੱਚ ਹੈ। ਜਨਵਰੀ ਦੇ ਮੱਧ ਵਿੱਚ ਜਦੋਂ ਪ੍ਰਧਾਨ ਮੰਤਰੀ ਮੋਦੀ ਅਸਾਮ ਵਿੱਚ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕਰ ਰਹੇ ਸਨ, ਤਾਂ ਉਨ੍ਹਾਂ ਦਾ ਇਹ ਪਿਆਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਪਸ਼ਟ ਰੂਪ ਵਿੱਚ ਦਿਖਾਈ ਦਿੱਤਾ। ਇਸ ਪ੍ਰੋਗਰਾਮ ਵਿੱਚ ਬੋਡੋ ਭਾਈਚਾਰੇ ਦੀਆਂ ਬੇਟੀਆਂ ਨੇ ਬਾਗੁਰੁਮਬਾ ਦੀ ਪੇਸ਼ਕਾਰੀ ਦੇ ਕੇ ਨਵਾਂ ਰਿਕਾਰਡ ਬਣਾਇਆ। ਬਾਗੁਰੁਮਬਾ ਦੀ ਅਜਿਹੀ ਅਦਭੁਤ ਪੇਸ਼ਕਾਰੀ, ਦਸ ਹਜ਼ਾਰ ਤੋਂ ਵੱਧ ਕਲਾਕਾਰਾਂ ਦੀ ਊਰਜਾ, ਖਾਮ ਦੀ ਥਾਪ, ਸਿਫੁੰਗ ਦੀ ਧੁਨ, ਉਨ੍ਹਾਂ ਮਨੋਰਮ ਪਲਾਂ ਨੇ ਹਰ ਕਿਸੇ ਨੂੰ ਮੰਤਰ-ਮੁਗਧ ਕਰ ਦਿੱਤਾ। ਬਾਗੁਰੁਮਬਾ ਦਾ ਅਹਿਸਾਸ ਅੱਖਾਂ ਤੋਂ ਹੋ ਕੇ ਦਿਲ ਵਿੱਚ ਉਤਰਦਾ ਰਿਹਾ ਜੋ 'ਵਿਕਾਸ ਭੀ, ਵਿਰਾਸਤ ਭੀ' ਦੇ ਮੰਤਰ ਨੂੰ ਹੋਰ ਮਜ਼ਬੂਤ ਕਰਦਾ ਹੈ। 'ਬਾਗੁਰੁਮਬਾ ਦਹੋਊ' ਇਹ ਸਿਰਫ਼ ਇੱਕ ਉਤਸਵ ਨਹੀਂ ਹੈ, ਇਹ ਇੱਕ ਮਾਧਿਅਮ ਹੈ - ਮਹਾਨ ਬੋਡੋ ਪਰੰਪਰਾ ਨੂੰ ਸਨਮਾਨ ਦੇਣ ਦਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਵੀ ਹੈ। ਕਾਜ਼ੀਰੰਗਾ ਕੇਵਲ ਇੱਕ ਨੈਸ਼ਨਲ ਪਾਰਕ ਨਹੀਂ ਹੈ, ਇਹ ਅਸਾਮ ਦੀ ਆਤਮਾ ਹੈ। ਭਾਰਤ ਦੀ ਜੈਵ-ਵਿਭਿੰਨਤਾ ਦਾ ਇੱਕ ਅਨਮੋਲ ਰਤਨ ਵੀ ਹੈ। ਯੂਨੈਸਕੋ ਨੇ ਇਸਨੂੰ ਵਰਲਡ ਹੈਰੀਟੇਜ਼ ਸਾਈਟ ਦਾ ਦਰਜਾ ਦਿੱਤਾ ਹੈ।

ਇਸ ਲਈ ਜ਼ਰੂਰੀ ਸੀ ਇਹ ਪ੍ਰੋਜੈਕਟ

ਕਾਜ਼ੀਰੰਗਾ ਇੱਕ-ਸਿੰਗ ਵਾਲੇ ਰਾਈਨੋ (ਗੈਂਡੇ) ਦਾ ਘਰ ਹੈ। ਹਰ ਸਾਲ ਹੜ੍ਹ ਦੇ ਸਮੇਂ ਜਦੋਂ ਬ੍ਰਹਮਪੁੱਤਰ ਦਾ ਜਲ ਪੱਧਰ ਵਧਦਾ ਹੈ, ਤਾਂ ਇੱਥੇ ਸਭ ਤੋਂ ਵੱਡੀ ਚੁਣੌਤੀ ਸਾਹਮਣੇ ਆਉਂਦੀ ਹੈ। ਉਦੋਂ ਜੰਗਲੀ ਜੀਵ ਉੱਚੇ ਇਲਾਕਿਆਂ ਦੀ ਭਾਲ ਵਿੱਚ ਨਿਕਲਦੇ ਹਨ। ਇਸੇ ਰਸਤੇ ਵਿੱਚ ਉਨ੍ਹਾਂ ਨੂੰ ਨੈਸ਼ਨਲ ਹਾਈਵੇਅ ਪਾਰ ਕਰਨਾ ਪੈਂਦਾ ਹੈ। ਅਜਿਹੇ ਸਮੇਂ ਵਿੱਚ ਰਾਈਨੋ, ਹਾਥੀ ਅਤੇ ਹਿਰਨ ਸੜਕ ਦੇ ਕਿਨਾਰੇ ਫਸ ਜਾਂਦੇ ਹਨ। ਕੇਂਦਰ ਸਰਕਾਰ ਦਾਯਤਨ ਹੈ ਕਿ ਸੜਕ ਵੀ ਚੱਲਦੀ ਰਹੇ ਅਤੇ ਜੰਗਲ ਵੀ ਸੁਰੱਖਿਅਤ ਰਹਿਣ। ਇਸੇ ਵਿਜ਼ਨ ਦੇ ਤਹਿਤ, ਕਾਲੀਆਬੋਰ ਤੋਂ ਨੁਮਾਲੀਗੜ੍ਹ ਤੱਕ ਲਗਭਗ 90 ਕਿਲੋਮੀਟਰ ਲੰਬਾ ਕੌਰੀਡੋਰ ਤਿਆਰ ਕੀਤਾ ਗਿਆ ਹੈ। ਇਸ 'ਤੇ ਲਗਭਗ 7 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ। ਇਸ ਵਿੱਚ ਲਗਭਗ 35 ਕਿਲੋਮੀਟਰ ਲੰਬਾ ਐਲੀਵੇਟਿਡ ਜੰਗਲੀ ਜੀਵ ਕੌਰੀਡੋਰ ਵੀ ਬਣੇਗਾ। ਕੌਰੀਡੋਰ ਨੂੰ ਇੱਕ-ਸਿੰਗ ਵਾਲੇ ਰਾਈਨੋ, ਹਾਥੀ, ਬਾਘ ਵਰਗੇ ਜਾਨਵਰਾਂ ਦੇ ਰਵਾਇਤੀ ਮੂਵਮੈਂਟ ਰੂਟਸ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਈਨ ਕੀਤਾ ਗਿਆ ਹੈ। ਇਹ ਕੌਰੀਡੋਰ ਉੱਪਰੀ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦੀ ਕਨੈਕਟੀਵਿਟੀ ਨੂੰ ਵੀ ਬਿਹਤਰ ਬਣਾਏਗਾ।

ਅਸਾਮ: ਉੱਤਰ-ਪੂਰਬ ਦੇ ਵਿਕਾਸ ਦਾ ਪ੍ਰਵੇਸ਼ ਦੁਆਰ

ਅਸਾਮ ਦਾ ਵਿਕਾਸ ਪੂਰੇ ਨੌਰਥ ਈਸਟ ਦੇ ਵਿਕਾਸ ਲਈ ਨਵੇਂ ਦਰਵਾਜ਼ੇ ਖੋਲ੍ਹ ਰਿਹਾ ਹੈ। ਜਦੋਂ ਰੇਲ ਕਨੈਕਟੀਵਿਟੀ ਵਧਦੀ ਹੈ ਤਾਂ ਇਸਦਾ ਲਾਭ ਸਮਾਜਿਕ ਅਤੇ ਆਰਥਿਕ ਦੋਵਾਂ ਪੱਧਰਾਂ 'ਤੇ ਹੁੰਦਾ ਹੈ। ਇਸ ਲਈ ਉੱਤਰ-ਪੂਰਬ ਲਈ ਕਨੈਕਟੀਵਿਟੀ ਦਾ ਵਿਸਥਾਰ ਬਹੁਤ ਮਹੱਤਵਪੂਰਨ ਹੈ। ਪਹਿਲਾਂ ਅਸਾਮ ਨੂੰ ਸਿਰਫ਼ 2 ਹਜ਼ਾਰ ਕਰੋੜ ਰੁਪਏ ਦਾ ਰੇਲ ਬਜਟ ਮਿਲਦਾ ਸੀ, ਹੁਣ ਉਹ ਵਧ ਕੇ 10 ਹਜ਼ਾਰ ਕਰੋੜ ਰੁਪਏ ਹੋ ਚੁੱਕਿਆ ਹੈ। ਇਸ ਵਧੇ ਹੋਏ ਨਿਵੇਸ਼ ਨਾਲ ਵੱਡੇ ਪੈਮਾਨੇ 'ਤੇ ਇਨਫ੍ਰਾਸਟ੍ਰਕਚਰ ਨਿਰਮਾਣ ਹੋਇਆ ਹੈ। ਕਾਲੀਆਬੋਰ ਤੋਂ ਜਿਨ੍ਹਾਂ ਤਿੰਨ ਨਵੀਆਂ ਟ੍ਰੇਨ ਸੇਵਾਵਾਂ ਦੀ ਸ਼ੁਰੂਆਤ ਜਨਵਰੀ 2026 ਵਿੱਚ ਹੋਈ ਹੈ, ਉਹ ਅਸਾਮ ਦੀ ਰੇਲ ਕਨੈਕਟੀਵਿਟੀ ਵਿੱਚ ਇੱਕ ਮਹੱਤਵਪੂਰਨ ਵਿਸਥਾਰ ਹੈ। ■



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡਸਕੈਨ ਕਰੋ।

ਪੂਰੀ ਮਨੁੱਖਤਾ ਲਈ ਭਗਵਾਨ ਬੁੱਧ ਦਾ ਗਿਆਨ

ਭਾਰਤ, 'ਸਰਵਜਨ ਹਿਤਾਏ, ਸਰਵਜਨ ਸੁਖਾਏ' ਲਈ ਵਚਨਬੱਧ ਹੈ। ਭਗਵਾਨ ਬੁੱਧ ਨੇ ਸਾਨੂੰ ਇਹੀ ਸਿਖਾਇਆ ਹੈ। ਭਗਵਾਨ ਬੁੱਧ ਦਾ ਗਿਆਨ, ਉਨ੍ਹਾਂ ਦਾ ਦਿਖਾਇਆ ਮਾਰਗ, ਪੂਰੀ ਮਨੁੱਖਤਾ ਦਾ ਹੈ ਅਤੇ ਸਦੀਵੀ ਹੈ ਜੋ ਸਮੇਂ ਦੇ ਨਾਲ ਬਦਲਿਆ ਨਹੀਂ। ਭਗਵਾਨ ਬੁੱਧ ਨਾਲ ਸਬੰਧਿਤ ਪਿਪਰਹਵਾ ਦੇ ਪਵਿੱਤਰ ਅਵਸ਼ੇਸ਼ਾਂ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 3 ਜਨਵਰੀ ਨੂੰ ਨਵੀਂ ਦਿੱਲੀ ਦੇ ਰਾਏ ਪਿਥੌਰਾ ਸੱਭਿਆਚਾਰਕ ਕੰਪਲੈਕਸ ਵਿੱਚ ਸ਼ਾਨਦਾਰ ਅੰਤਰਰਾਸ਼ਟਰੀ ਪ੍ਰਦਰਸ਼ਨੀ ਦਾ ਕੀਤਾ ਉਦਘਾਟਨ ...

ਭਾਰਤ ਸਿਰਫ਼ ਭਗਵਾਨ ਬੁੱਧ ਦੇ ਪਾਵਨ ਅਵਸ਼ੇਸ਼ਾਂ ਦਾ ਰੱਖਿਅਕ ਨਹੀਂ ਹੈ, ਸਗੋਂ ਉਨ੍ਹਾਂ ਦੀ ਪਰੰਪਰਾ ਦਾ ਜੀਵੰਤ ਵਾਹਕ ਵੀ ਹੈ। ਪਿਪਰਹਵਾ, ਵੈਸ਼ਾਲੀ, ਦੇਵਨੀ ਮੋਰੀ ਅਤੇ ਨਾਗਾਰਜੁਨਕੋਂਡਾ ਤੋਂ ਪ੍ਰਾਪਤ ਭਗਵਾਨ ਬੁੱਧ ਨਾਲ ਜੁੜੇ ਅਵਸ਼ੇਸ਼, ਬੁੱਧ ਦੇ ਸੰਦੇਸ਼ ਦੀ ਜੀਵੰਤ ਮੌਜੂਦਗੀ ਹਨ। ਭਾਰਤ ਨੇ ਇਨ੍ਹਾਂ ਅਵਸ਼ੇਸ਼ਾਂ ਨੂੰ ਵਿਗਿਆਨ ਅਤੇ ਅਧਿਆਤਮ ਦੇ ਹਰ ਰੂਪ ਵਿੱਚ ਸੰਭਾਲਿਆ ਅਤੇ ਸਹੇਜਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੈਂ ਖ਼ੁਦ ਨੂੰ ਬਹੁਤ ਕਿਸਮਤ ਵਾਲਾ ਸਮਝਦਾ ਹਾਂ ਕਿਉਂਕਿ ਭਗਵਾਨ ਬੁੱਧ ਦਾ ਮੇਰੇ ਜੀਵਨ ਵਿੱਚ ਬਹੁਤ ਹੀ ਡੂੰਘਾ ਸਥਾਨ ਰਿਹਾ ਹੈ। ਮੇਰਾ ਜਨਮ ਜਿਸ ਵਡਨਗਰ ਵਿੱਚ ਹੋਇਆ ਉਹ ਬੁੱਧ ਸਿੱਖਿਆ ਦਾ ਬਹੁਤ ਵੱਡਾ ਕੇਂਦਰ ਸੀ। ਜਿਸ ਧਰਤੀ 'ਤੇ ਭਗਵਾਨ ਬੁੱਧ ਨੇ ਆਪਣੇ ਪਹਿਲੇ ਉਪਦੇਸ਼ ਦਿੱਤੇ, ਉਹ ਸਾਰਨਾਥ ਅੱਜ ਮੇਰੀ ਕਰਮ-ਭੂਮੀ ਹੈ।ਜਦੋਂ ਮੈਂ ਸਰਕਾਰ ਦੀਆਂ ਜ਼ਿੰਮੇਵਾਰੀਆਂ ਤੋਂ ਦੂਰ ਸੀ ਤਦ

> “ ਭਗਵਾਨ ਬੁੱਧ ਨੇ ਦੁਨੀਆ ਨੂੰ ਟਕਰਾਅ ਅਤੇ ਦਬਦਬੇ ਦੀ ਬਜਾਏ, ਨਾਲ ਚੱਲਣ ਦਾ ਰਸਤਾ ਦਿਖਾਇਆ। ਇਹੀ ਭਾਰਤ ਦੀ ਮੂਲ ਸੋਚ ਰਹੀ ਹੈ। ਅਸੀਂ ਵਿਚਾਰਾਂ ਦੇ ਬਲ 'ਤੇ, ਸੰਵੇਦਨਾਵਾਂ ਦੇ ਧਰਾਤਲ 'ਤੇ, ਮਨੁੱਖਤਾ ਦੇ ਹਿੱਤ ਵਿੱਚ ਹੀ ਵਿਸ਼ਵ ਕਲਿਆਣ ਦਾ ਮਾਰਗ ਅਪਣਾਇਆ ਹੈ। ਇਸੇ ਸੋਚ ਦੇ ਨਾਲ ਭਾਰਤ, 21ਵੀਂ ਸਦੀ ਦੀ ਦੁਨੀਆ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਇੱਕ ਸਦੀ ਦੇ ਬਾਅਦ ਦੇਸ਼ ਵਾਪਸ ਲਿਆਂਦੇ ਗਏ ਪਿਪਰਹਵਾ ਅਵਸ਼ੇਸ਼

- ਪ੍ਰਦਰਸ਼ਨੀ ਨੂੰ ਪਹਿਲੀ ਵਾਰ ਪਿਪਰਹਵਾ ਨਾਲ ਸਬੰਧਿਤ ਪ੍ਰਮਾਣਿਕ ਅਵਸ਼ੇਸ਼ਾਂ ਅਤੇ ਪੁਰਾਤਤਵ ਸਮੱਗਰੀ ਦੇ ਨਾਲ ਪੇਸ਼ ਕੀਤਾ ਗਿਆ।
- 1898 ਵਿੱਚ ਖੋਜੇ ਗਏ ਪਿਪਰਹਵਾ ਅਵਸ਼ੇਸ਼ਾਂ ਦਾ ਮੁੱਢਲੇ ਬੁੱਧ ਧਰਮ ਦੇ ਪੁਰਾਤਤਵ ਅਧਿਐਨ ਵਿੱਚ ਮਹੱਤਵਪੂਰਨ ਸਥਾਨ ਹੈ। ਇਹ ਸਭ ਤੋਂ ਸ਼ੁਰੂਆਤੀ ਅਤੇ ਇਤਿਹਾਸਕ ਰੂਪ ਵਿੱਚ ਮਹੱਤਵਪੂਰਨ ਅਵਸ਼ੇਸ਼ਾਂ ਵਿੱਚੋਂ ਇੱਕ ਹਨ ਜੋ ਸਿੱਧੇ ਭਗਵਾਨ ਬੁੱਧ ਨਾਲ ਜੁੜੇ ਹੋਏ ਹਨ।
- ਪੁਰਾਤਤਵ ਸਬੂਤ ਪਿਪਰਹਵਾ ਸਥਾਨ ਨੂੰ ਪ੍ਰਾਚੀਨ ਕਪਿਲ ਵਸਤੂ ਨਾਲ ਜੋੜਦੇ ਹਨ। ਪ੍ਰਦਰਸ਼ਨੀ ਭਾਰਤ ਦੇ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਦੇ ਨਾਲ ਡੂੰਘੇ ਅਤੇ ਨਿਰੰਤਰ ਸੱਭਿਅਤਾਗਤ ਸਬੰਧਾਂ ਨੂੰ ਉਜਾਗਰ ਕਰਦੀ ਹੈ।
- ਲਗਾਤਾਰ ਸਰਕਾਰੀ ਯਤਨਾਂ, ਸੰਸਥਾਗਤ ਸਹਿਯੋਗ ਅਤੇ ਜਨਤਕ-ਨਿੱਜੀ ਭਾਗੀਦਾਰੀ ਦੇ ਮਾਧਿਅਮ ਨਾਲ ਇਨ੍ਹਾਂ ਪਵਿੱਤਰ ਅਵਸ਼ੇਸ਼ਾਂ ਦੀ ਹਾਲ ਹੀ ਵਿੱਚ ਵਾਪਸੀ ਸੰਭਵ ਹੋ ਸਕੀ।
- ਹੋਰ ਭਾਗਾਂ ਵਿੱਚ 'ਪਿਪਰਹਵਾ ਨੂੰ ਮੁੜ ਜਾਣਨਾ', 'ਬੁੱਧ ਦੇ ਜੀਵਨ ਦੀਆਂ ਝਲਕੀਆਂ' ਸਮੇਤ ਹੋਰ ਚੀਜ਼ਾਂ ਸ਼ਾਮਲ ਰਹੀਆਂ।
- ਇਸ ਪ੍ਰਦਰਸ਼ਨੀ ਵਿੱਚ ਆਡੀਓ-ਵਿਜ਼ੂਅਲ ਨੂੰ ਵਿਆਪਕ ਤੌਰ 'ਤੇ ਸ਼ਾਮਲ ਕੀਤਾ ਗਿਆ। ਪ੍ਰਦਰਸ਼ਨੀ ਵਿੱਚ ਭਗਵਾਨ ਬੁੱਧ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ।

ਦੁਨੀਆ ਵਿੱਚ ਬੌਧ ਵਿਰਾਸਤ ਨਾਲ ਜੁੜੇ ਸਥਾਨਾਂ ਦੇ ਨਿਰੰਤਰ ਵਿਕਾਸ ਲਈ ਭਾਰਤ ਯਤਨਸ਼ੀਲ:

- ਨੇਪਾਲ ਵਿੱਚ ਆਏ ਭਿਆਨਕ ਭੂਚਾਲ ਨੇ ਪ੍ਰਾਚੀਨ ਸਤੂਪਾਂ ਨੂੰ ਨੁਕਸਾਨ ਪਹੁੰਚਾਇਆ ਤਾਂ ਭਾਰਤ ਨੇ ਇਸ ਦੇ ਮੁੜ-ਨਿਰਮਾਣ ਵਿੱਚ ਸਹਿਯੋਗ ਦਿੱਤਾ।
- ਮਿਆਂਮਾਰ ਦੇ ਬਾਗਾਂ ਵਿੱਚ ਆਏ ਭੂਚਾਲ ਤੋਂ ਬਾਅਦ, ਭਾਰਤ ਨੇ 11 ਤੋਂ ਵੱਧ ਪਗੋਡਿਆਂ ਦੀ ਸੰਭਾਲ ਕੀਤੀ।
- ਗੁਜਰਾਤ ਦੇ ਵਡਨਗਰ ਵਿੱਚ ਇੱਕ ਸ਼ਾਨਦਾਰ ਮਿਊਜ਼ੀਅਮ ਬਣਾਇਆ ਗਿਆ ਹੈ ਜੋ ਲਗਭਗ 2,500 ਵਰ੍ਹਿਆਂ ਦੇ ਇਤਿਹਾਸ ਦਾ ਅਨੁਭਵ ਦਿੰਦਾ ਹੈ।
- ਜੰਮੂ-ਕਸ਼ਮੀਰ ਦੇ ਬਾਰਾਮੂਲਾ ਵਿੱਚ ਬੌਧ ਕਾਲ ਦੀ ਪ੍ਰਮੁੱਖ ਬੁੱਧੀਸਟ ਸਾਈਟ ਦਾ ਪਤਾ ਲੱਗਾ ਹੈ। ਹੁਣ ਇਸਦੀ ਸੰਭਾਲ ਦਾ ਕੰਮ ਤੇਜ਼ ਕੀਤਾ ਜਾ ਰਿਹਾ ਹੈ।
- ਬੋਧਗਯਾ ਵਿੱਚ ਕਨਵੈਨਸ਼ਨ ਸੈਂਟਰ ਅਤੇ ਮੈਡੀਟੇਸ਼ਨ ਅਤੇ ਐਕਸਪੀਰੀਅੰਸ ਸੈਂਟਰ।
- ਸਰਾਵਸਤੀ, ਕਪਿਲਵਸਤੂ ਅਤੇ ਕੁਸ਼ੀਨਗਰ ਵਿੱਚ ਆਧੁਨਿਕ ਸਹੂਲਤਾਂ ਦਾ ਨਿਰਮਾਣ ਕੀਤਾ ਗਿਆ।
- ਸਾਂਚੀ, ਨਾਗਾਰਜੁਨ ਸਾਗਰ, ਅਮਰਾਵਤੀ ਵਰਗੀਆਂ ਥਾਵਾਂ 'ਤੇ ਤੀਰਥ ਯਾਤਰੀਆਂ ਲਈ ਨਵੀਆਂ ਸਹੂਲਤਾਂ ਵਿਕਸਿਤ ਕੀਤੀਆਂ ਗਈਆਂ ਹਨ।
- ਦੇਸ਼ ਵਿੱਚ ਇੱਕ ਬੌਧ ਸਰਕਟ ਬਣਾਇਆ ਜਾ ਰਿਹਾ ਹੈ ਤਾਂ ਜੋ ਭਾਰਤ ਦੇ ਸਾਰੇ ਬੌਧ ਤੀਰਥ ਸਥਾਨਾਂ ਦੀ ਬਿਹਤਰ ਕਨੈਕਟੀਵਿਟੀ ਹੋਵੇ।
- ਭਗਵਾਨ ਬੁੱਧ ਦੇ ਅਭਿਧੰਮ, ਬਾਣੀ ਅਤੇ ਸਿੱਖਿਆਵਾਂ ਮੂਲ ਰੂਪ ਵਿੱਚ ਪਾਲੀ ਭਾਸ਼ਾ ਵਿੱਚ ਹਨ। ਆਮ ਲੋਕਾਂ ਤੱਕ ਪਾਲੀ ਭਾਸ਼ਾ ਪਹੁੰਚਾਉਣ ਦੇ ਯਤਨ ਦੇ ਤਹਿਤ ਕੇਂਦਰ ਸਰਕਾਰ ਨੇ ਇਸ ਨੂੰ ਕਲਾਸੀਕਲ ਲੈਂਗੁਏਜ (ਸ਼ਾਸਤਰੀ ਭਾਸ਼ਾ) ਦਾ ਦਰਜਾ ਦਿੱਤਾ ਹੈ।

ਵੀ ਮੈਂ ਇੱਕ ਤੀਰਥ ਯਾਤਰੀ ਦੇ ਰੂਪ ਵਿੱਚ ਬੌਧ ਤੀਰਥ ਸਥਾਨਾਂ ਦੀ ਯਾਤਰਾ ਕਰਦਾ ਰਹਿੰਦਾ ਸੀ। ਪ੍ਰਧਾਨ ਮੰਤਰੀ ਦੇ ਰੂਪ ਵਿੱਚ ਤਾਂ ਮੈਨੂੰ ਦੁਨੀਆ ਭਰ ਵਿੱਚ ਬੌਧ ਤੀਰਥਾਂ 'ਤੇ ਜਾਣ ਦਾ ਸੁਭਾਗ ਮਿਲਿਆ ਹੈ।

ਸਵਾ ਸੌ ਸਾਲ ਦੇ ਇੰਤਜ਼ਾਰ ਤੋਂ ਬਾਅਦ ਭਾਰਤ ਦੀ ਵਿਰਾਸਤ ਅਤੇ ਧਰੋਹਰ ਵਾਪਸ ਆਈ ਹੈ। ਹੁਣ ਭਾਰਤੀ ਜਨ-ਮਾਨਸ ਭਗਵਾਨ ਬੁੱਧ ਦੇ ਇਨ੍ਹਾਂ ਪਵਿੱਤਰ ਅਵਸ਼ੇਸ਼ਾਂ ਦੇ ਦਰਸ਼ਨ ਕਰ ਸਕੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਜਿੱਥੇ-ਜਿੱਥੇ ਗਿਆ, ਮੇਰਾ ਯਤਨ ਰਿਹਾ ਕਿ ਭਗਵਾਨ ਬੁੱਧ ਦੀ ਵਿਰਾਸਤ ਦਾ ਇੱਕ ਪ੍ਰਤੀਕ ਉੱਥੋਂ ਦੇ ਲੋਕਾਂ ਵਿੱਚ ਜੋੜ ਕੇ ਵਾਪਸ ਆਵਾਂ। ਇਸ ਲਈ ਚੀਨ, ਜਾਪਾਨ, ਕੋਰੀਆ, ਮੰਗੋਲੀਆ ਵਿੱਚ ਮੈਂ ਬੋਧੀ ਬਿਰਖ ਦੇ ਪੌਦੇ ਲੈ ਕੇ ਗਿਆ ਸੀ।

ਭਾਰਤ ਦੇ ਗੌਰਵਸ਼ਾਲੀ ਇਤਿਹਾਸ ਦੀ ਯਸ਼ਭੂਮੀ - ਕਿਲ੍ਹਾ ਰਾਏ ਪਿਥੌਰਾ

ਭਗਵਾਨ ਬੁੱਧ ਨਾਲ ਸਬੰਧਿਤ ਪਵਿੱਤਰ ਪਿਪਰਹਵਾ ਅਵਸ਼ੇਸ਼ਾਂ ਦੀ ਸ਼ਾਨਦਾਰ ਅੰਤਰਰਾਸ਼ਟਰੀ ਪ੍ਰਦਰਸ਼ਨੀ ਜਿਸ ਸਥਾਨ 'ਤੇ ਲੱਗੀ, ਉਹ ਆਪਣੇ ਆਪ ਵਿੱਚ ਵਿਸ਼ੇਸ਼ ਹੈ। ਕਿਲ੍ਹਾ ਰਾਏ ਪਿਥੌਰਾ ਦਾ ਸਥਾਨ ਭਾਰਤ ਦੇ ਗੌਰਵਸ਼ਾਲੀ ਇਤਿਹਾਸ ਦੀ ਯਸ਼ਭੂਮੀ ਵਿੱਚ ਸ਼ਾਮਲ ਹੈ। ਇਸ ਇਤਿਹਾਸਕ ਕਿਲ੍ਹੇ ਦੇ ਆਲੇ-ਦੁਆਲੇ, ਲਗਭਗ ਇੱਕ ਹਜ਼ਾਰ ਵਰ੍ਹੇ ਪਹਿਲਾਂ, ਉਸ ਸਮੇਂ ਦੇ ਸਾਬਕਾ ਸ਼ਾਸਕਾਂ ਨੇ ਇੱਕ ਮਜ਼ਬੂਤ ਅਤੇ ਸੁਰੱਖਿਅਤ ਕੰਧਾਂ ਨਾਲ ਘਿਰੇ ਨਗਰ ਦੀ ਸਥਾਪਨਾ ਕੀਤੀ ਸੀ। ਉਸੇ ਇਤਿਹਾਸਕ ਨਗਰ ਕੰਪਲੈਕਸ ਵਿੱਚ, ਇਤਿਹਾਸ ਦੀ ਇੱਕ ਅਧਿਆਤਮਿਕ ਅਤੇ ਪੁਨਯ ਗਾਥਾ ਨੂੰ ਜੋੜਿਆ ਗਿਆ। ■



ਭਾਰਤ ਨੇ ਵਿਭਿੰਨਤਾ ਨੂੰ ਬਣਾ ਦਿੱਤਾ

ਲੋਕਤੰਤਰ ਦੀ ਤਾਕਤ

ਭਾਰਤ ਵਿੱਚ ਲੋਕਤੰਤਰ ਦਾ ਅਰਥ ਲਾਸਟ ਮਾਈਲ ਡਿਲੀਵਰੀ ਹੈ। ਇਹੀ ਕਾਰਨ ਹੈ ਕਿ ਕੇਂਦਰ ਸਰਕਾਰ ਲੋਕ ਭਲਾਈ ਦੀ ਭਾਵਨਾ ਨਾਲ ਹਰ ਵਿਅਕਤੀ ਦੇ ਲਈ ਬਿਨਾਂ ਕਿਸੇ ਭੇਦਭਾਵ ਦੇ ਕੰਮ ਕਰ ਰਹੀ ਹੈ, ਜਿਸ ਦੇ ਕਾਰਨ ਪਿਛਲੇ ਕੁਝ ਵਰ੍ਹਿਆਂ ਵਿੱਚ 25 ਕਰੋੜ ਲੋਕ ਗ਼ਰੀਬੀ ਤੋਂ ਬਾਹਰ ਨਿਕਲੇ ਹਨ। ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤੀ ਦੇਣ ਦੀ ਕੜੀ ਵਿੱਚ ਸੰਸਦ ਭਵਨ ਕੰਪਲੈਕਸ ਵਿੱਚ ਸੰਵਿਧਾਨ ਸਦਨ ਦੇ ਕੇਂਦਰੀ ਹਾਲ ਵਿੱਚ ਆਯੋਜਿਤ ਰਾਸ਼ਟਰਮੰਡਲ ਦੇਸ਼ਾਂ ਦੇ ਲੋਕ ਸਭਾ ਸਪੀਕਰਾਂ ਅਤੇ ਪੀਠਾਸੀਨ ਅਧਿਕਾਰੀਆਂ ਦੇ 28ਵੇਂ ਸੰਮੇਲਨ ਸੀਐੱਸਪੀਓਸੀ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 15 ਜਨਵਰੀ ਨੂੰ ਕੀਤਾ ਉਦਘਾਟਨ ...

ਜਦੋਂ ਭਾਰਤ ਆਜ਼ਾਦ ਹੋਇਆ ਤਾਂ ਉਸ ਦੌਰ ਵਿੱਚ ਇਹ ਸ਼ੰਕਾ ਪ੍ਰਗਟ ਕੀਤੀ ਗਈ ਸੀ ਕਿ ਇੰਨੀ ਵਿਭਿੰਨਤਾ ਵਿੱਚ, ਇੱਥੇ ਲੋਕਤੰਤਰ ਟਿਕ ਨਹੀਂ ਸਕੇਗਾ। ਪਰ ਭਾਰਤ ਨੇ ਇਸੇ ਵਿਭਿੰਨਤਾ ਨੂੰ ਲੋਕਤੰਤਰ ਦੀ ਤਾਕਤ ਬਣਾ ਦਿੱਤਾ। ਭਾਰਤ ਵਿੱਚ ਡੈਮੋਕ੍ਰੇਸੀ ਇਸ ਲਈ ਡਿਲੀਵਰ ਕਰਦੀ ਹੈ ਕਿਉਂਕਿ ਇੱਥੇ ਦੇਸ਼ ਦੀ ਜਨਤਾ ਹੀ ਸਰਬਉੱਚ ਹੈ। ਰਾਸ਼ਟਰਮੰਡਲ ਦੇਸ਼ਾਂ ਦੇ ਲੋਕ ਸਭਾ ਸਪੀਕਰਾਂ ਅਤੇ ਪੀਠਾਸੀਨ ਅਧਿਕਾਰੀਆਂ ਦੇ 28ਵੇਂ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਰਕਾਰ ਨੇ ਜਨਤਾ-ਜਨਾਰਦਨ ਦੇ ਸੁਪਨਿਆਂ ਨੂੰ ਪਹਿਲ ਬਣਾਇਆ ਹੈ। ਉਸ ਦੇ ਰਸਤੇ ਵਿੱਚ ਕੋਈ ਰੁਕਾਵਟ ਨਾ ਆਵੇ, ਇਸ ਲਈ ਪ੍ਰਕਿਰਿਆ ਤੋਂ ਲੈ ਕੇ ਟੈਕਨੋਲੋਜੀ ਤੱਕ, ਹਰ ਚੀਜ਼ ਦਾ ਲੋਕਤੰਤਰੀਕਰਣ ਕੀਤਾ ਹੈ। ਇਹ ਲੋਕਤੰਤਰੀ ਭਾਵਨਾ ਸਾਡੀਆਂ ਰਗਾਂ, ਮਨ ਅਤੇ ਸੰਸਕਾਰਾਂ ਵਿੱਚ ਸ਼ਾਮਲ ਹੈ। ਲੋਕਾਂ ਦਾ ਹਿਤ, ਭਲਾਈ ਅਤੇ ਉਨ੍ਹਾਂ ਦਾ ਕਲਿਆਣ, ਇਹ ਸਾਡਾ ਸੰਸਕਾਰ ਹੈ ਅਤੇ ਇਹ ਸੰਸਕਾਰ ਲੋਕਤੰਤਰ ਨੇ ਦਿੱਤੇ ਹਨ।

> ਭਾਰਤ ਨੇ ਇਹ ਸਾਬਤ ਕੀਤਾ ਹੈ ਕਿ ਲੋਕਤੰਤਰੀ ਸੰਸਥਾਵਾਂ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਲੋਕਤੰਤਰ ਨੂੰ ਸਥਿਰਤਾ, ਗਤੀ ਅਤੇ ਵਿਆਪਕਤਾ ਪ੍ਰਦਾਨ ਕਰਦੀਆਂ ਹਨ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**





ਕਸੌਟੀ 'ਤੇ ਪਰਖੀਆਂ ਗਈਆਂ ਹਨ ਭਾਰਤ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ

ਤਮਿਲ ਨਾਡੂ ਤੋਂ 10ਵੀਂ ਸਦੀ ਦਾ ਇੱਕ ਸ਼ਿਲਾਲੇਖ ਮਿਲਿਆ ਹੈ। ਇਸ ਵਿੱਚ ਇੱਕ ਗ੍ਰਾਮ ਸਭਾ ਦਾ ਵਰਣਨ ਹੈ ਜੋ ਲੋਕਤੰਤਰੀ ਕਦਰਾਂ-ਕੀਮਤਾਂ ਦੇ ਨਾਲ ਕੰਮ ਕਰਦੀ ਸੀ। ਜਵਾਬਦੇਹੀ ਅਤੇ ਫੈਸਲੇ ਲੈਣ ਲਈ ਸਪਸ਼ਟ ਨਿਯਮ ਸਨ। ਸਮੇਂ-ਸਮੇਂ 'ਤੇ ਭਾਰਤ ਦੇ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਕਸੌਟੀ 'ਤੇ ਪਰਖਿਆ ਗਿਆ ਹੈ। ਵਿਭਿੰਨਤਾ ਨੇ ਇਨ੍ਹਾਂ ਨੂੰ ਸਹਾਰਾ ਦਿੱਤਾ ਹੈ ਅਤੇ ਪੀੜ੍ਹੀ ਦਰ ਪੀੜ੍ਹੀ ਇਹ ਮਜ਼ਬੂਤ ਹੁੰਦੇ ਗਏ ਹਨ। ਦੁਨੀਆ ਭਰ ਵਿੱਚ ਲੋਕ ਭਾਰਤ ਨੂੰ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਦੇ ਹਨ। ਇਸਨੂੰ 'ਲੋਕਤੰਤਰ ਦੀ ਜਨਨੀ' ਵੀ ਕਿਹਾ ਜਾਂਦਾ ਹੈ। ਦੇਸ਼ ਵਿੱਚ ਵਾਦ-ਵਿਵਾਦ, ਸੰਵਾਦ ਅਤੇ ਸਮੂਹਿਕ ਫੈਸਲੇ ਲੈਣ ਦੀ ਲੰਬੀ ਪਰੰਪਰਾ ਰਹੀ ਹੈ। ਭਾਰਤ ਦੇ 5,000 ਸਾਲ ਤੋਂ ਵੱਧ ਪੁਰਾਣੇ ਪਵਿੱਤਰ ਗ੍ਰੰਥਾਂ ਅਤੇ ਵੇਦਾਂ ਵਿੱਚ ਉਨ੍ਹਾਂ ਸਭਾਵਾਂ ਦਾ ਜ਼ਿਕਰ ਹੈ ਜਿੱਥੇ ਲੋਕ ਮੁੱਦਿਆਂ 'ਤੇ ਚਰਚਾ ਕਰਨ ਅਤੇ ਵਿਚਾਰ-ਵਟਾਂਦਰੇ ਅਤੇ ਸਹਿਮਤੀ ਤੋਂ ਬਾਅਦ ਫੈਸਲੇ ਲੈਣ ਲਈ ਇਕੱਠੇ ਹੁੰਦੇ ਸਨ।

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਈ ਪ੍ਰਤਿਸ਼ਠਿਤ ਸੰਸਦੀ ਨੇਤਾਵਾਂ ਦੇ ਨਾਲ ਦੁਵੱਲੀ ਗੱਲਬਾਤ ਕੀਤੀ

ਇਨ੍ਹਾਂ ਵਿੱਚ ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਦੇ ਸਪੀਕਰ, ਸ਼੍ਰੀਲੰਕਾ ਦੀ ਸੰਸਦ ਦੇ ਸਪੀਕਰ, ਸੇਸ਼ੇਲਸ ਦੀ ਨੈਸ਼ਨਲ ਅਸੈਂਬਲੀ ਦੇ ਸਪੀਕਰ, ਮਾਲਦੀਵ ਦੀ ਪੀਪਲਜ਼ ਮਜਲਿਸ ਦੇ ਸਪੀਕਰ, ਕੀਨੀਆ ਦੀ ਨੈਸ਼ਨਲ ਅਸੈਂਬਲੀ ਦੇ ਸਪੀਕਰ, ਗ੍ਰੇਨਾਡਾ ਦੀ ਸੈਨੇਟ ਦੀ ਸਪੀਕਰ, ਦੱਖਣੀ ਅਫਰੀਕਾ ਦੀ ਨੈਸ਼ਨਲ ਕੌਂਸਲ ਆਫ਼ ਪ੍ਰੋਵਿੰਸਿਜ਼ ਦੇ ਡਿਪਟੀ ਚੇਅਰਮੈਨ ਅਤੇ ਦੱਖਣੀ ਅਫਰੀਕਾ ਦੀ ਨੈਸ਼ਨਲ ਅਸੈਂਬਲੀ ਦੇ ਡਿਪਟੀ ਸਪੀਕਰ ਸ਼ਾਮਲ ਹਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਭਾਰਤ ਦੀ ਸੰਸਦ ਨੇ ਪਹਿਲਾਂ 1971, 1986 ਅਤੇ 2010 ਵਿੱਚ ਰਾਸ਼ਟਰਮੰਡਲ ਦੇਸ਼ਾਂ ਦੇ ਸਪੀਕਰਾਂ ਅਤੇ ਪੀਠਾਸੀਨ ਅਧਿਕਾਰੀਆਂ ਦੇ ਸੰਮੇਲਨ ਦੀ ਮੇਜ਼ਬਾਨੀ ਕੀਤੀ ਹੈ।

ਦੁਨੀਆ ਵਿੱਚ ਭਾਰਤ ਦਾ ਪਰਚਮ

- ਭਾਰਤ ਵਿੱਚ **UPI** ਦੁਨੀਆ ਦਾ ਸਭ ਤੋਂ ਵੱਡਾ ਡਿਜੀਟਲ ਪੇਮੈਂਟ ਸਿਸਟਮ ਹੈ।
- ਭਾਰਤ ਦੁਨੀਆ ਦਾ ਸਭ ਤੋਂ ਵੱਡਾ ਵੈਕਸੀਨ ਉਤਪਾਦਕ ਦੇਸ਼ ਹੈ।
- ਭਾਰਤ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਹੈ।
- ਭਾਰਤ ਦੁਨੀਆ ਦਾ ਨੰਬਰ-2 ਸਟੀਲ ਉਤਪਾਦਕ ਹੈ।
- ਭਾਰਤ ਵਿੱਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਈਕੋਸਿਸਟਮ ਹੈ।
- ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਐਵੀਏਸ਼ਨ ਮਾਰਕਿਟ ਹੈ।
- ਭਾਰਤ ਵਿੱਚ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਰੇਲ ਨੈੱਟਵਰਕ ਹੈ।
- ਭਾਰਤ ਵਿੱਚ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਮੈਟਰੋ ਰੇਲ ਨੈੱਟਵਰਕ ਹੈ।

ਰਾਸ਼ਟਰਮੰਡਲ ਦੇਸ਼ਾਂ ਦੀ ਕੁੱਲ ਆਬਾਦੀ ਦਾ ਲਗਭਗ 50 ਪ੍ਰਤੀਸ਼ਤ ਹਿੱਸਾ ਭਾਰਤ ਵਿੱਚ ਰਹਿੰਦਾ ਹੈ। ਰਾਸ਼ਟਰਮੰਡਲ ਦੇਸ਼ਾਂ ਦੇ ਟਿਕਾਊ ਵਿਕਾਸ ਟੀਚਿਆਂ (SDGs) ਵਿੱਚ ਭਾਰਤ ਪੂਰੀ ਜ਼ਿੰਮੇਵਾਰੀ ਨਾਲ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰ ਰਿਹਾ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਜਦੋਂ ਦੁਨੀਆ ਬੇਮਿਸਾਲ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ, ਉਦੋਂ ਗਲੋਬਲ ਸਾਊਥ (Global South)ਦੇ ਲਈ ਵੀ ਇਹ ਨਵਾਂ ਰਾਹ ਬਣਾਉਣ ਦਾ ਸਮਾਂ ਹੈ। ਭਾਰਤ ਹਰ ਗਲੋਬਲ ਪਲੈਟਫਾਰਮ 'ਤੇ ਗਲੋਬਲ ਸਾਊਥ ਦੇ ਹਿਤਾਂ ਨੂੰ ਪੂਰੀ ਮਜ਼ਬੂਤੀ ਨਾਲ ਉਠਾ ਰਿਹਾ ਹੈ। ਭਾਰਤ ਦਾ ਇਹ ਲਗਾਤਾਰ ਯਤਨ ਹੈ ਕਿ ਇੱਥੇ ਜੋ ਵੀ ਇਨੋਵੇਸ਼ਨ ਕਰੀਏ, ਉਸ ਨਾਲ ਪੂਰੇ ਗਲੋਬਲ ਸਾਊਥ ਅਤੇ ਕੌਮਨਵੈਲਥ ਦੇਸ਼ਾਂ ਨੂੰ ਫਾਇਦਾ ਹੋਵੇ। ■



ਰਾਸ਼ਟਰੀ ਸਟਾਰਟਅੱਪ ਦਿਵਸ - 16 ਜਨਵਰੀ

ਸਟਾਰਟਅੱਪ ਇੰਡੀਆ... ਸਿਰਫ਼ ਸਕੀਮ ਨਹੀਂ, ਰੇਨਬੋ ਵਿਜ਼ਨ

ਭਾਰਤ ਅੱਜ ਦੁਨੀਆ ਵਿੱਚ ਸਟਾਰਟਅੱਪ ਦਾ ਤੀਜਾ ਸਭ ਤੋਂ ਵੱਡਾ ਈਕੋਸਿਸਟਮ ਹੈ ਅਤੇ ਇਹ ਸਟਾਰਟਅੱਪ ਇੰਡੀਆ ਦੀ ਸ਼ੁਰੂਆਤ ਦੇ ਬਾਅਦ ਤੋਂ ਪਿਛਲੇ ਇੱਕ ਦਹਾਕੇ ਵਿੱਚ ਕੇਂਦਰ ਸਰਕਾਰ ਦੁਆਰਾ ਕੀਤੇ ਗਏ ਕਈ ਸੁਧਾਰਾਂ ਦਾ ਨਤੀਜਾ ਹੈ। ਸਰਕਾਰ ਦੀਆਂ ਨੀਤੀਆਂ ਦੀ ਵਜ੍ਹਾ ਨਾਲ ਸਟਾਰਟਅੱਪਸ ਲਈ ਪੁਲਾੜ ਅਤੇ ਰੱਖਿਆ ਵਰਗੇ ਖੇਤਰਾਂ ਵਿੱਚ ਵੀ ਕਦਮ ਰੱਖਣ ਦਾ ਅਨੁਕੂਲ ਵਾਤਾਵਰਣ ਬਣਿਆ। ਸਟਾਰਟਅੱਪ ਇੰਡੀਆ ਪਹਿਲ ਦੇ ਇੱਕ ਦਹਾਕੇ ਪੂਰੇ ਹੋਣ ਦੇ ਮੌਕੇ 'ਤੇ ਆਯੋਜਿਤ ਰਾਸ਼ਟਰੀ ਸਟਾਰਟਅੱਪ ਦਿਵਸ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ ਦੇ ਜੀਵੰਤ ਸਟਾਰਟਅੱਪ ਈਕੋਸਿਸਟਮ ਨਾਲ ਜੁੜੇ ਮੈਂਬਰਾਂ ਨਾਲ ਕੀਤਾ ਸੰਵਾਦ...

ਭਾਰਤ ਨੂੰ ਨੌਕਰੀ ਮੰਗਣ ਵਾਲਿਆਂ ਦੀ ਬਜਾਏ ਨੌਕਰੀ ਦੇਣ ਵਾਲਿਆਂ ਦਾ ਦੇਸ਼ ਬਣਾਉਣ ਦੇ ਨਾਲ-ਨਾਲ, ਇਨੋਵੇਸ਼ਨ ਨੂੰ ਹੁਲਾਰਾ ਦੇਣਾ, ਉੱਦਮਤਾ ਨੂੰ ਵਧਾਉਣ ਅਤੇ ਨਿਵੇਸ਼ ਨਾਲ ਹੋਣ ਵਾਲੇ ਵਿਕਾਸ ਨੂੰ ਸਮਰੱਥ ਬਣਾਉਣ ਦੇ ਉਦੇਸ਼ ਨਾਲ 16 ਜਨਵਰੀ 2016 ਨੂੰ ਪ੍ਰਧਾਨ ਮੰਤਰੀ ਨੇ 'ਸਟਾਰਟਅੱਪ ਇੰਡੀਆ' ਦੀ ਸ਼ੁਰੂਆਤ ਕੀਤੀ। ਪਿਛਲੇ ਇੱਕ ਦਹਾਕੇ ਵਿੱਚ, ਸਟਾਰਟਅੱਪ ਇੰਡੀਆ ਭਾਰਤ ਦੇ ਆਰਥਿਕ ਅਤੇ ਨਵੀਨਤਾਕਾਰੀ ਢਾਂਚੇ ਦਾ ਇੱਕ ਅਹਿਮ ਹਿੱਸਾ ਬਣ ਗਿਆ ਹੈ। ਇਸ ਨੇ ਸੰਸਥਾਗਤ ਵਿਵਸਥਾ ਨੂੰ ਮਜ਼ਬੂਤ ਕੀਤਾ ਹੈ, ਪੂੰਜੀ ਅਤੇ ਮੈਂਟਰਸ਼ਿਪ ਤੱਕ ਪਹੁੰਚ ਵਧਾਈ ਹੈ। ਪਿਛਲੇ ਇੱਕ ਦਹਾਕੇ ਵਿੱਚ ਭਾਰਤ ਦੇ ਸਟਾਰਟਅੱਪ ਈਕੋਸਿਸਟਮ ਵਿੱਚ ਜ਼ਬਰਦਸਤ ਵਾਧਾ ਦੇਖਿਆ ਗਿਆ ਹੈ।

ਰਾਸ਼ਟਰੀ ਸਟਾਰਟਅੱਪ ਦਿਵਸ 'ਤੇ ਸਟਾਰਟਅੱਪ ਇੰਡੀਆ ਦੇ ਇੱਕ ਦਹਾਕੇ ਦਾ ਜਸ਼ਨ ਮਨਾਉਣ ਲਈ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ, "ਮੈਂ ਨਵੇਂ ਅਤੇ ਵਿਕਸਿਤ ਹੁੰਦੇ ਭਾਰਤ ਦਾ ਭਵਿੱਖ ਦੇਖ ਰਿਹਾ ਹਾਂ।"ਇਹ ਸ਼ਬਦ ਸਟਾਰਟਅੱਪ ਇੰਡੀਆ ਦੀ 10 ਵਰ੍ਹਿਆਂ ਦੀ ਸਫ਼ਲਤਾ ਦੀ ਕਹਾਣੀ ਹਨ। 10 ਵਰ੍ਹੇ ਪਹਿਲਾਂ, ਵਿਗਿਆਨ ਭਵਨ ਵਿੱਚ 500-700 ਨੌਜਵਾਨਾਂ ਦੇ ਵਿਚਕਾਰ ਸਟਾਰਟਅੱਪ ਇੰਡੀਆ ਦੀ ਸ਼ੁਰੂਆਤ ਕੀਤੀ ਗਈ ਸੀ, ਜਦਕਿ ਇੱਕ ਦਹਾਕੇ ਦੀ ਯਾਤਰਾ ਦਾ ਉਤਸਵ ਮਨਾਉਣ ਦੇ ਲਈ 16 ਜਨਵਰੀ, 2026 ਨੂੰ ਇੰਨੇ ਉਤਸ਼ਾਹੀ ਲੋਕ ਇਕੱਠੇ ਹੋਏ ਕਿ 'ਭਾਰਤ ਮੰਡਪਮ' ਵਿੱਚ ਜਗ੍ਹਾ ਨਹੀਂ ਬਚੀ।

> “ਅਸੀਂ ਸਕੂਲਾਂ ਵਿੱਚ ਅਟਲ ਟਿੰਕਰਿੰਗ ਲੈਬਾਂ ਬਣਾਈਆਂ, ਤਾਂ ਜੋ ਉੱਥੇ ਬੱਚਿਆਂ ਵਿੱਚ ਇਨੋਵੇਸ਼ਨ ਦੀ ਪ੍ਰਵਿਰਤੀ ਬਣੇ। ਅਸੀਂ ਹੈਕਾਥੌਨ ਸ਼ੁਰੂ ਕੀਤੇ, ਤਾਂ ਜੋ ਸਾਡੇ ਨੌਜਵਾਨ ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਦੇ ਸਕਣ। ਅਸੀਂ ਇਨਕਿਊਬੇਸ਼ਨ ਸੈਂਟਰ ਬਣਾਏ, ਤਾਂ ਜੋ ਸੰਸਾਧਨਾਂ ਦੀ ਕਮੀ ਨਾਲ ਕਿਸੇ 'ਆਇਡੀਆ' ਦੀ ਮੌਤ ਨਾ ਹੋਵੇ।
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਮੋਦੀ ਦਾ ਮੰਤਰ... ਮਿਹਨਤ ਦੀ ਪਰਾਕਾਸ਼ਠਾ ਨਾਲ ਮਿਲਦੀਆਂ ਹਨ ਨਵੀਆਂ ਮੰਜ਼ਿਲਾਂ

ਨਵੀਂ ਮੰਜ਼ਿਲ ਦੇ ਲਈ ਸਾਨੂੰ ਮਿਹਨਤ ਦੀ ਪਰਾਕਾਸ਼ਠਾ ਕਰਕੇ ਦਿਖਾਉਣੀ ਹੁੰਦੀ ਹੈ। ਸਾਡੇ ਇੱਥੇ ਕਿਹਾ ਜਾਂਦਾ ਹੈ- ਤਪਸਯੇਨਹਿਸਿਦ੍ਧ੍ਯਨ੍ਤਿ, ਕਾਰ੍ਯਾਣਿਨਮਨੋਰਥੈਃ। ਅਰਥਾਤ, ਕੰਮ ਮਿਹਨਤ ਨਾਲ ਸਿੱਧ ਹੁੰਦੇ ਹਨ, ਸਿਰਫ਼ ਇੱਛਾ ਕਰਨ ਨਾਲ ਨਹੀਂ ਹੁੰਦਾ। ਉੱਦਮ ਲਈ ਪਹਿਲੀ ਸ਼ਰਤ ਹੈ-ਸਾਹਸ।ਪਹਿਲੇ ਦੇਸ਼ ਵਿੱਚ ਜੋਖਮ ਲੈਣ ਨੂੰ ਨਿਰਉਤਸ਼ਾਹਿਤ ਕੀਤਾ ਜਾਂਦਾ ਸੀ, ਅੱਜ ਇਹ ਮੇਨ ਸਟ੍ਰੀਮ ਬਣ ਗਿਆ ਹੈ। ਮਹੀਨਾਵਾਰ ਸੈਲਰੀ ਤੋਂ ਅੱਗੇ ਸੋਚਣ ਵਾਲੇ ਨੂੰ ਹੁਣ ਸਵੀਕਾਰ ਹੀ ਨਹੀਂ ਕੀਤਾ ਜਾਂਦਾ, ਸਗੋਂ ਉਸ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਜਿਨ੍ਹਾਂ ਰਿਸਕ ਟੇਕਿੰਗ ਆਇਡੀਆਜ਼ ਨੂੰ ਪਹਿਲਾਂ ਲੋਕ 'ਫ੍ਰਿੰਜ' ਯਾਨੀ ਮੁੱਖਧਾਰਾ ਤੋਂ ਵੱਖਰਾ ਮੰਨਦੇ ਸਨ, ਉਹ ਹੁਣ ਫੈਸ਼ਨ ਬਣ ਰਿਹਾ ਹੈ।ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨੌਜਵਾਨਾਂ ਦੀ ਤਰ੍ਹਾ ਜੋਖਮ ਲੈਣਾ ਪਸੰਦ ਹੈ। ਜਿਨ੍ਹਾਂ ਕੰਮਾਂ ਦੇ ਲਈ ਲੋਕ ਆ ਕੇ ਕਹਿੰਦੇ ਸਨ, ਇਸ ਵਿੱਚ ਬਹੁਤ ਰਾਜਨੀਤਕ ਜੋਖਮ ਹੈ, ਮੈਂ ਉਨ੍ਹਾਂ ਕੰਮਾਂ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਜ਼ਰੂਰ ਕਰਦਾ ਹਾਂ। ਮੇਰਾ ਵੀ ਮੰਨਣਾ ਹੈ ਕਿ ਜਿਹੜਾ ਕੰਮ ਦੇਸ਼ ਲਈ ਜ਼ਰੂਰੀ ਹੈ, ਉਹ ਕਿਸੇ ਨਾ ਕਿਸੇ ਨੂੰ ਤਾਂ ਕਰਨਾ ਹੀ ਪਵੇਗਾ। ਨੁਕਸਾਨ ਹੋਵੇਗਾ ਤਾਂ ਮੇਰਾ ਹੋਵੇਗਾ, ਲੇਕਿਨ ਜੇਕਰ ਫਾਇਦਾ ਹੋਵੇਗਾ, ਤਾਂ ਮੇਰੇ ਦੇਸ਼ ਦੇ ਕਰੋੜਾਂ ਪਰਿਵਾਰਾਂ ਨੂੰ ਫਾਇਦਾ ਹੋਵੇਗਾ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਟਾਰਟਅੱਪ ਇੰਡੀਆ ਦੀ ਇਹ ਯਾਤਰਾ, ਸਿਰਫ਼ ਇੱਕ ਸਰਕਾਰੀ ਸਕੀਮ ਦੀ ਸਫਲਤਾ ਦੀ ਕਹਾਣੀ ਨਹੀਂ ਹੈ। ਇਹ ਹਜ਼ਾਰਾਂ-ਲੱਖਾਂ ਸੁਪਨਿਆਂ ਦੀ ਯਾਤਰਾ ਹੈ। 10 ਸਾਲ ਪਹਿਲਾਂ ਨਿਜੀ ਯਤਨਾਂ ਅਤੇ ਨਵੀਨਤਾ ਲਈ ਬਹੁਤ ਗੁੰਜਾਇਸ਼ ਹੀ ਨਹੀਂ ਸੀ। ਅਸੀਂ ਉਨ੍ਹਾਂ ਸਥਿਤੀਆਂ ਨੂੰ ਚੁਣੌਤੀ ਦਿੱਤੀ, ਸਟਾਰਟਅੱਪ ਇੰਡੀਆ ਪ੍ਰੋਗਰਾਮ ਲਾਂਚ ਕੀਤਾ। ਨੌਜਵਾਨਾਂ ਨੂੰ ਇੱਕ ਖੁੱਲ੍ਹਾ ਅਸਮਾਨ ਦਿੱਤਾ, ਅੱਜ ਨਤੀਜਾ ਸਾਹਮਣੇ ਹੈ। ਸਿਰਫ਼ 10 ਵਰ੍ਹਿਆਂ ਵਿੱਚ ਸਟਾਰਟਅੱਪ ਇੰਡੀਆ ਮਿਸ਼ਨ ਇੱਕ ਕ੍ਰਾਂਤੀ ਬਣ ਚੁੱਕਾ ਹੈ।ਭਾਰਤ ਅੱਜ ਦੁਨੀਆ ਦਾ ਤੀਜਾ ਵੱਡਾ ਸਟਾਰਟਅੱਪ ਈਕੋਸਿਸਟਮ ਹੈ। ਦਸ ਵਰ੍ਹਿਆਂ ਪਹਿਲਾਂ ਦੇਸ਼ ਵਿੱਚ 500 ਤੋਂ ਵੀ ਘੱਟ ਸਟਾਰਟਅੱਪ ਸਨ, ਅੱਜ ਇਹ ਸੰਖਿਆ ਵਧ ਕੇ 2 ਲੱਖ ਤੋਂ ਜ਼ਿਆਦਾ ਹੈ। 2014 ਵਿੱਚ ਭਾਰਤ ਵਿੱਚ ਸਿਰਫ਼ ਚਾਰ ਯੂਨੀਕੌਰਨ ਸਨ, ਅੱਜ ਲਗਭਗ ਸਵਾ ਸੌ ਐਕਟਿਵ ਯੂਨੀਕੌਰਨ ਹਨ।

ਭਾਰਤ ਵਿੱਚ 2025 ਵਿੱਚ ਲਗਭਗ44 ਹਜ਼ਾਰ ਹੋਰ ਨਵੇਂ ਸਟਾਰਟਅੱਪ ਰਜਿਸਟਰਡ ਹੋਏ ਹਨ। ਇਹ ਸਟਾਰਟਅੱਪ ਇੰਡੀਆ ਦੀ ਸ਼ੁਰੂਆਤ ਤੋਂ ਬਾਅਦ ਕਿਸੇ ਇੱਕ ਸਾਲ ਵਿੱਚ ਸਭ ਤੋਂ ਵੱਡਾ ਜੰਪ ਹੈ। ਇਹ ਅੰਕੜੇ ਇਸ ਗੱਲ ਦੇ ਗਵਾਹ ਹਨ ਕਿ ਭਾਰਤ ਦੇ ਸਟਾਰਟਅੱਪ ਈਕੋਸਿਸਟਮ, ਇਨੋਵੇਸ਼ਨ ਅਤੇ ਗ੍ਰੋਥ ਨੂੰ ਕਿਸ ਤਰ੍ਹਾਂ ਡ੍ਰਾਈਵ ਕਰ ਰਹੇ ਹਨ। ਪਹਿਲਾਂ ਬਿਜ਼ਨਸ ਜਾਂ ਨਵਾਂ ਬੈਂਚਰ ਵੱਡੇ ਘਰਾਣਿਆਂ ਦੇ ਬੱਚੇ ਲੈ ਕੇ ਆਉਂਦੇ ਸਨ, ਹੁਣ ਅਜਿਹਾ ਨਹੀਂ ਹੈ। ਟੀਅਰ-2 ਅਤੇ ਟੀਅਰ-3 ਸ਼ਹਿਰਾਂ ਅਤੇ ਪਿੰਡਾਂ ਦੇ ਨੌਜਵਾਨ ਆਪਣੇ ਸਟਾਰਟਅੱਪ ਖੋਲ੍ਹ ਰਹੇ ਹਨ। ਅੱਜ 45 ਫੀਸਦੀ ਤੋਂ ਜ਼ਿਆਦਾ ਸਟਾਰਟਅੱਪਸ ਵਿੱਚ ਘੱਟ ਤੋਂ ਘੱਟ ਇੱਕ ਮਹਿਲਾ ਡਾਇਰੈਕਟਰ ਹੈ, ਤਾਂ ਉੱਥੇ ਹੀ ਮਹਿਲਾਵਾਂ ਦੀ ਅਗਵਾਈ ਵਾਲੇ ਸਟਾਰਟਅੱਪਸ ਦੀ ਫੰਡਿੰਗ ਦੇ ਮਾਮਲੇ ਵਿੱਚ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਈਕੋਸਿਸਟਮ ਵੀ ਹੈ।

ਸਟਾਰਟਅੱਪ ਈਕੋਸਿਸਟਮ ਦੇ ਮੈਂਬਰਾਂ ਨਾਲ ਗੱਲਬਾਤ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਟਾਰਟਅੱਪ ਇੰਡੀਆ ਸਿਰਫ਼ ਇੱਕ ਯੋਜਨਾ ਨਹੀਂ, ਸਗੋਂ ਇੱਕ 'ਰੇਨਬੋ ਵਿਜ਼ਨ' ਹੈ। ਇਹ ਵੱਖ-ਵੱਖ ਖੇਤਰਾਂ ਨੂੰ ਨਵੀਆਂ ਸੰਭਾਵਨਾਵਾਂ ਨਾਲ ਜੋੜਨ ਦਾ ਜ਼ਰੀਆ ਹੈ। ਅਜਿਹੇ ਵਿੱਚ ਜਿਵੇਂ-ਜਿਵੇਂ ਅਸੀਂ ਅੱਗੇ ਵਧ ਰਹੇ ਹਾਂ, ਸਾਡੀ ਇੱਛਾ ਸਿਰਫ਼ ਪਾਰਟਨਰਸ਼ਿਪ ਦੀ ਨਹੀਂ ਹੋਣੀ ਚਾਹੀਦੀ। ਸਾਨੂੰ ਵਿਸ਼ਵਵਿਆਪੀ ਅਗਵਾਈ ਦਾ ਟੀਚਾ ਰੱਖਣਾ ਹੋਵੇਗਾ। ਤੁਸੀਂ ਨਵੇਂ ਆਈਡੀਆਜ਼ 'ਤੇ ਕੰਮ ਕਰੋ, ਸਮੱਸਿਆਵਾਂ ਦਾ ਹੱਲ ਕਰੋ। ਹੁਣ ਸਮਾਂ ਹੈ ਕਿ ਸਾਡੇ ਸਟਾਰਟਅੱਪ ਮੈਨੂਫੈਕਚਰਿੰਗ 'ਤੇ ਜ਼ਿਆਦਾ ਧਿਆਨ ਦੇਣ। ਟੈਕਨੋਲੋਜੀ ਵਿੱਚ ਵੀ ਯੂਨੀਕ ਆਇਡੀਆਜ਼ 'ਤੇ ਕੰਮ ਕਰਕੇ ਲੀਡ ਲੈਣੀ ਹੋਵੇਗੀ। ਸਾਡਾ ਟੀਚਾ ਹੋਣਾ ਚਾਹੀਦਾ ਹੈ ਕਿ ਆਉਣ ਵਾਲੇ ਦਸ ਵਰ੍ਹਿਆਂ ਵਿੱਚ ਭਾਰਤ ਨਵੇਂ ਸਟਾਰਟਅੱਪ ਟ੍ਰੈਂਡਸ ਅਤੇ ਟੈਕਨੋਲੋਜੀ ਵਿੱਚ ਦੁਨੀਆ ਦੀ ਅਗਵਾਈ ਕਰੇ। ■



ਗਣਤੰਤਰ ਦਿਵਸ

ਸੁਤੰਤਰਤਾ, ਸੰਵਿਧਾਨ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਪ੍ਰਤੀਕ

ਗਣਤੰਤਰ ਦਿਵਸ ਲੋਕਤੰਤਰ ਨੂੰ ਮਜ਼ਬੂਤ ਬਣਾਉਣ, ਸੰਵਿਧਾਨਿਕ ਕਦਰਾਂ-ਕੀਮਤਾਂ ਦੀ ਰੱਖਿਆ ਕਰਨ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਦੇ ਲਈ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦਾ ਹੈ। ਨਾਲ ਹੀ ਇਹ ਪਰਵ ਇਕਜੁੱਟ ਹੋ ਕੇ ਰਾਸ਼ਟਰ ਨਿਰਮਾਣ ਦੇ ਸੰਕਲਪ ਨਾਲ ਅੱਗੇ ਵਧਣ ਦੀ ਨਵੀਂ ਊਰਜਾ ਦਿੰਦਾ ਹੈ। 77ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ ਹੈ। ਪੇਸ਼ ਹਨ ਸੰਬੋਧਨ ਦੇ ਕੁਝ ਸੰਪਾਦਿਤ ਅੰਸ਼ ...

ਸੰਵਿਧਾਨ : ਸਭ ਤੋਂ ਵੱਡੇ ਗਣਰਾਜ ਦਾ ਅਧਾਰ-ਗ੍ਰੰਥ

ਸਾਡਾ ਸੰਵਿਧਾਨ, ਵਿਸ਼ਵ ਇਤਿਹਾਸ ਵਿੱਚ ਅੱਜ ਤੱਕ ਦੇ ਸਭ ਤੋਂ ਵੱਡੇ ਗਣਰਾਜ ਦਾ ਅਧਾਰ-ਗ੍ਰੰਥ ਹੈ। ਸਾਡੇ ਸੰਵਿਧਾਨ ਵਿੱਚ ਸ਼ਾਮਲ ਨਿਆਂ, ਸੁਤੰਤਰਤਾ, ਸਮਤਾ ਅਤੇ ਬੰਧੁਤਵ ਦੇ ਆਦਰਸ਼ ਸਾਡੇ ਗਣਤੰਤਰ ਨੂੰ ਪਰਿਭਾਸ਼ਿਤ ਕਰਦੇ ਹਨ। ਸੰਵਿਧਾਨ ਨਿਰਮਾਤਾਵਾਂ ਨੇ ਰਾਸ਼ਟਰੀਅਤਾ ਦੀ ਭਾਵਨਾ ਅਤੇ ਦੇਸ਼ ਦੀ ਏਕਤਾ ਨੂੰ ਸੰਵਿਧਾਨਿਕ ਉਪਬੰਧਾਂ ਦਾ ਮਜ਼ਬੂਤ ਅਧਾਰ ਪ੍ਰਦਾਨ ਕੀਤਾ ਹੈ। ਲੌਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਨੇ ਸਾਡੇ ਰਾਸ਼ਟਰ ਦਾ ਏਕੀਕਰਣ ਕੀਤਾ। ਉੱਤਰ ਤੋਂ ਲੈ ਕੇ ਦੱਖਣ ਤੱਕ ਅਤੇ ਪੂਰਬ ਤੋਂ ਪੱਛਮ ਤੱਕ, ਸਾਡੀ ਪ੍ਰਾਚੀਨ ਸੱਭਿਆਚਾਰਕ ਏਕਤਾ ਦਾ ਤਾਣਾ-ਬਾਣਾ ਸਾਡੇ ਪੂਰਵਜਾਂ ਨੇ ਬੁਣਿਆ ਸੀ। ਰਾਸ਼ਟਰੀ ਏਕਤਾ ਦੇ ਸਰੂਪਾਂ ਨੂੰ ਜੀਵੰਤ ਬਣਾਏ ਰੱਖਣ ਦਾ ਹਰ ਯਤਨ ਬਹੁਤ ਸ਼ਲਾਘਾਯੋਗ ਹੈ।

ਵੰਦੇ ਮਾਤਰਮ ਦੀ ਰਚਨਾ ਦੇ 150 ਵਰ੍ਹੇ

ਪਿਛਲੇ ਸਾਲ, 7 ਨਵੰਬਰ ਤੋਂ, ਸਾਡੇ ਰਾਸ਼ਟਰੀ ਗੀਤ "ਵੰਦੇ ਮਾਤਰਮ" ਦੀ ਰਚਨਾ ਦੇ 150 ਵਰ੍ਹੇ ਪੂਰੇ ਹੋਣ 'ਤੇ ਉਤਸਵ ਵੀ ਮਨਾਏ ਜਾ ਰਹੇ ਹਨ। ਭਾਰਤ ਮਾਤਾ ਦੇ ਦੈਵੀ ਸਰੂਪ ਦੀ ਵੰਦਨਾ ਦਾ ਇਹ ਗੀਤ, ਜਨ-ਮਨ ਵਿੱਚ ਰਾਸ਼ਟਰ ਪ੍ਰੇਮ ਦਾ ਸੰਚਾਰ ਕਰਦਾ ਹੈ। ਰਾਸ਼ਟਰੀਅਤਾ ਦੇ ਮਹਾਕਵਿ ਸੁਬ੍ਰਾਮਨੀਅਮ ਭਾਰਤੀ ਨੇ ਤਮਿਲ ਭਾਸ਼ਾ ਵਿੱਚ 'ਵੰਦੇ ਮਾਤਰਮ', ਯੇਨਬੋਮ' ਭਾਵ 'ਅਸੀਂ ਵੰਦੇ ਮਾਤਰਮ ਬੋਲੀਏ' ਇਸ ਗੀਤ ਦੀ ਰਚਨਾ ਕਰਕੇ ਵੰਦੇ ਮਾਤਰਮ ਦੀ ਭਾਵਨਾ ਨੂੰ ਹੋਰ ਵੀ ਵਿਆਪਕ ਪੱਧਰ 'ਤੇ ਲੋਕ-ਮਾਨਸ ਦੇ ਨਾਲ ਜੋੜਿਆ। ਹੋਰ ਭਾਰਤੀ ਭਾਸ਼ਾਵਾਂ ਵਿੱਚ ਵੀ ਇਸ ਗੀਤ ਦੇ ਅਨੁਵਾਦ ਹਰਮਨ-ਪਿਆਰੇ ਹੋਏ। ਸ਼੍ਰੀ ਅਰਬਿੰਦੋ ਨੇ 'ਵੰਦੇ ਮਾਤਰਮ' ਦਾ ਅੰਗਰੇਜ਼ੀ ਅਨੁਵਾਦ ਕੀਤਾ। ਰਿਸ਼ੀਤੁਲਯ ਬੰਕਿਮ ਚੰਦ੍ਰ ਚਟੋਪਾਧਿਆਏ ਦੁਆਰਾ ਰਚਿਤ 'ਵੰਦੇ ਮਾਤਰਮ' ਸਾਡੀ ਰਾਸ਼ਟਰੀ ਵੰਦਨਾ ਦੀ

ਧੁੰਨ ਹੈ। ਸਾਲ 2021 ਤੋਂ ਨੇਤਾਜੀ ਦੀ ਜਯੰਤੀ ਨੂੰ 'ਪਰਾਕ੍ਰਮ ਦਿਵਸ' ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਦੇਸ਼ਵਾਸੀ, ਵਿਸ਼ੇਸ਼ ਕਰਕੇ ਨੌਜਵਾਨ, ਉਨ੍ਹਾਂ ਦੀ ਵਿਲੱਖਣ ਦੇਸ਼-ਭਗਤੀ ਤੋਂ ਪ੍ਰੇਰਣਾ ਪ੍ਰਾਪਤ ਕਰਨ। ਨੇਤਾਜੀ ਸੁਭਾਸ਼ ਚੰਦ੍ਰ ਬੋਸ ਦਾ ਨਾਅਰਾ 'ਜੈ ਹਿੰਦ' ਸਾਡੇ ਰਾਸ਼ਟਰ ਗੌਰਵ ਦਾ ਨਾਅਰਾ ਹੈ।

ਜੀਵੰਤ ਗਣਤੰਤਰ ਨੂੰ ਬਣਾ ਰਹੇ ਹਨ ਸ਼ਕਤੀਸ਼ਾਲੀ

ਸਾਡੀਆਂ ਤਿੰਨਾਂ ਸੈਨਾਵਾਂ ਦੇ ਬਹਾਦਰ ਜਵਾਨ, ਮਾਤ੍ਰ ਭੂਮੀ ਦੀ ਰੱਖਿਆ ਲਈ ਹਮੇਸ਼ਾ ਚੌਕਸ ਰਹਿੰਦੇ ਹਨ। ਸਾਡੇ ਸਮਰਪਿਤ ਪੁਲਿਸ-ਕਰਮਚਾਰੀ ਅਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੇ ਜਵਾਨ, ਦੇਸ਼ ਵਾਸੀਆਂ ਦੀ ਅੰਦਰੂਨੀ ਸੁਰੱਖਿਆ ਲਈ ਤਿਆਰ ਰਹਿੰਦੇ ਹਨ। ਸਾਡੇ ਅੰਨਦਾਤਾ ਕਿਸਾਨ, ਦੇਸ਼ ਵਾਸੀਆਂ ਲਈ ਅਨਾਜ ਪੈਦਾ ਕਰਦੇ ਹਨ। ਸਾਡੇ ਦੇਸ਼ ਦੀਆਂ ਮਿਹਨਤੀ ਅਤੇ ਪ੍ਰਤਿਭਾਸ਼ਾਲੀ ਮਹਿਲਾਵਾਂ ਅਨੇਕ ਖੇਤਰਾਂ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀਆਂ ਹਨ। ਸਾਡੇ ਸੇਵਾ ਧਰਮੀ ਡਾਕਟਰ, ਨਰਸਾਂ ਅਤੇ ਸਾਰੇ ਸਿਹਤ-ਕਰਮਚਾਰੀ ਦੇਸ਼-ਵਾਸੀਆਂ ਦੀ ਸਿਹਤ ਦੀ ਦੇਖਭਾਲ ਕਰਦੇ ਹਨ। ਸਾਡੇ ਸਮਰਪਿਤ ਸਫ਼ਾਈ ਮਿੱਤਰ, ਦੇਸ਼ ਨੂੰ ਸਾਫ਼ ਰੱਖਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਸਾਡੇ ਸੂਝਵਾਨ ਅਧਿਆਪਕ, ਭਵਿੱਖ ਦੀਆਂ ਪੀੜ੍ਹੀਆਂ ਦਾ ਨਿਰਮਾਣ ਕਰਦੇ ਹਨ। ਸਾਡੇ ਵਿਸ਼ਵ ਪੱਧਰੀ ਵਿਗਿਆਨੀ ਅਤੇ ਇੰਜੀਨੀਅਰ, ਦੇਸ਼ ਦੇ ਵਿਕਾਸ ਨੂੰ ਨਵੀਆਂ ਦਿਸ਼ਾਵਾਂ ਦਿੰਦੇ ਹਨ। ਸਾਡੇ ਮਿਹਨਤੀ ਕਾਮੇ ਭੈਣ-ਭਰਾ, ਰਾਸ਼ਟਰ ਦਾ ਨਵ-ਨਿਰਮਾਣ ਕਰਦੇ ਹਨ। ਸਾਡੇ ਹੋਣਹਾਰ ਯੁਵਾ ਅਤੇ ਬੱਚੇ, ਆਪਣੀ ਪ੍ਰਤਿਭਾ ਅਤੇ ਯੋਗਦਾਨ ਨਾਲ ਦੇਸ਼ ਦੇ ਸੁਨਹਿਰੀ ਭਵਿੱਖ ਪ੍ਰਤੀ ਆਪਣਾ ਵਿਸ਼ਵਾਸ ਮਜ਼ਬੂਤ ਕਰਦੇ ਹਨ। ਸਾਡੇ ਪ੍ਰਤਿਭਾਸ਼ਾਲੀ ਕਲਾਕਾਰ, ਕਾਰੀਗਰ ਅਤੇ ਸਾਹਿਤਕਾਰ, ਸਾਡੀਆਂ ਸਮ੍ਰਿੱਧ ਪਰੰਪਰਾਵਾਂ ਨੂੰ ਆਧੁਨਿਕ ਪਛਾਣ ਦੇ ਰਹੇ ਹਨ। ਅਨੇਕ ਖੇਤਰਾਂ ਦੇ ਮਾਹਿਰ, ਦੇਸ਼ ਦੇ ਬਹੁਪੱਖੀ ਵਿਕਾਸ ਨੂੰ ਦਿਸ਼ਾ ਦੇ ਰਹੇ ਹਨ। ਸਾਡੇ ਊਰਜਾਵਾਨ ਉੱਦਮੀ, ਦੇਸ਼ ਨੂੰ ਵਿਕਸਿਤ ਅਤੇ ਆਤਮ-ਨਿਰਭਰ ਬਣਾਉਣ ਵਿੱਚ ਆਪਣਾ ਯੋਗਦਾਨ ਦੇ ਰਹੇ ਹਨ।

ਬੇਟੀ ਬਚਾਓ, ਬੇਟੀ ਪੜ੍ਹਾਓ

ਮਹਿਲਾਵਾਂ ਦਾ ਸਰਗਰਮ ਅਤੇ ਸਮਰੱਥ ਹੋਣਾ ਦੇਸ਼ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੀ ਸਿਹਤ, ਸਿੱਖਿਆ, ਸੁਰੱਖਿਆ ਅਤੇ ਆਰਥਿਕ ਸਸ਼ਕਤੀਕਰਣ ਲਈ ਕੀਤੇ ਜਾ ਰਹੇ ਰਾਸ਼ਟਰੀ ਯਤਨਾਂ ਨਾਲ ਅਨੇਕ ਖੇਤਰਾਂ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਵਧੀ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਅਭਿਆਨ ਨਾਲ ਬੇਟੀਆਂ ਦੀ ਸਿੱਖਿਆ ਨੂੰ ਉਤਸ਼ਾਹ ਮਿਲਿਆ ਹੈ। 'ਪ੍ਰਧਾਨ ਮੰਤਰੀ-ਜਨ ਧਨ ਯੋਜਨਾ' ਦੇ ਤਹਿਤ ਹੁਣ ਤੱਕ 57 ਕਰੋੜ ਤੋਂ ਵੱਧ ਬੈਂਕ ਖ਼ਾਤੇ ਖੋਲ੍ਹੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਮਹਿਲਾਵਾਂ ਦੇ ਖ਼ਾਤੇ ਲਗਭਗ 56 ਫ਼ੀਸਦੀ ਹਨ। ਭੈਣਾਂ ਅਤੇ ਬੇਟੀਆਂ, ਰਵਾਇਤੀ ਰੂੜ੍ਹੀਆਂ ਨੂੰ ਤੋੜ੍ਹ ਕੇ ਅੱਗੇ ਵਧ ਰਹੀਆਂ ਹਨ। ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਜਨ-ਪ੍ਰਤੀਨਿਧੀਆਂ ਦੀ ਗਿਣਤੀ ਲਗਭਗ 46 ਫ਼ੀਸਦੀ ਹੈ। ਮਹਿਲਾਵਾਂ ਦੇ ਰਾਜਨੀਤਕ ਸਸ਼ਕਤੀਕਰਣ ਨੂੰ ਨਵੀਂ ਉਚਾਈ ਦੇਣ ਵਾਲੇ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਨਾਲ, ਮਹਿਲਾਵਾਂ ਦੀ ਅਗਵਾਈ ਰਾਹੀਂ ਵਿਕਾਸ ਦੀ ਸੋਚ ਨੂੰ ਬੇਮਿਸਾਲ ਸ਼ਕਤੀ ਮਿਲੇਗੀ।

'ਆਦਿ ਕਰਮਯੋਗੀ' ਅਭਿਆਨ

'ਆਦਿ ਕਰਮਯੋਗੀ ' ਅਭਿਆਨ ਦੇ ਜ਼ਰੀਏ, ਕਬਾਇਲੀ ਭਾਈਚਾਰੇ ਦੇ ਲੋਕਾਂ ਵਿੱਚ ਅਗਵਾਈ ਸਮਰੱਥਾ ਨੂੰ ਨਿਖਾਰਿਆ ਗਿਆ। ਬੀਤੇ ਵਰ੍ਹਿਆਂ ਵਿੱਚ ਸਰਕਾਰ ਨੇ ਕਬਾਇਲੀ ਸਮਾਜ ਦੇ ਗੌਰਵਸ਼ਾਲੀ ਇਤਿਹਾਸ ਨਾਲ ਦੇਸ਼ਵਾਸੀਆਂ ਦਾ ਪਰੀਚੈ ਕਰਵਾਉਣ ਲਈ ਸੰਗ੍ਰਹਾਲਿਆਂ ਦੇ ਨਿਰਮਾਣ ਸਮੇਤ ਕਈ ਕਦਮ ਚੁੱਕੇ ਹਨ। ਉਨ੍ਹਾਂ ਦੀ ਭਲਾਈ ਅਤੇ ਵਿਕਾਸ ਨੂੰ ਤਰਜੀਹ ਦਿੱਤੀ ਗਈ ਹੈ। ਸਿਹਤ ਅਤੇ ਸਿੱਖਿਆ ਦੇ ਕਈ ਅਭਿਆਨ ਕਬਾਇਲੀ ਭਾਈਚਾਰਿਆਂ ਦੀ ਵਿਰਾਸਤ ਅਤੇ ਵਿਕਾਸ ਨਾਲ ਤਾਲਮੇਲ ਕਰ ਰਹੇ ਹਨ।

ਡਿਜੀਟਲ ਪੇਮੈਂਟ

ਸਾਡੇ ਦੇਸ਼ਵਾਸੀਆਂ ਨੇ ਡਿਜੀਟਲ ਪੇਮੈਂਟ ਵਿਵਸਥਾ ਨੂੰ ਬਹੁਤ ਵੱਡੇ ਪੈਮਾਨੇ 'ਤੇ ਅਪਣਾਇਆ ਹੈ। ਅੱਜ ਵਿਸ਼ਵ ਦੇ ਅੱਧੇ ਤੋਂ ਵੱਧ ਡਿਜੀਟਲ ਲੈਣ-ਦੇਣ ਭਾਰਤ ਵਿੱਚ ਹੁੰਦੇ ਹਨ। ਛੋਟੀ ਤੋਂ ਛੋਟੀ ਦੁਕਾਨ ਤੋਂ ਸਮਾਨ ਖ਼ਰੀਦਣ ਤੋਂ ਲੈ ਕੇ ਆਟੋ-ਰਿਕਸ਼ਾ ਦਾ ਕਿਰਾਇਆ ਦੇਣ ਤੱਕ, ਡਿਜੀਟਲ ਭੁਗਤਾਨ ਦੀ ਵਰਤੋਂ ਵਿਸ਼ਵ ਭਾਈਚਾਰੇ ਲਈ ਪ੍ਰਭਾਵਸ਼ਾਲੀ ਉਦਾਹਰਣ ਬਣ ਗਈ ਹੈ।

ਆਪ੍ਰੇਸ਼ਨ ਸਿੰਦੂਰ

ਪਿਛਲੇ ਵਰ੍ਹੇ ਸਾਡੇ ਦੇਸ਼ ਨੇ, ਆਪ੍ਰੇਸ਼ਨ ਸਿੰਦੂਰ ਦੁਆਰਾ, ਅੱਤਵਾਦ ਦੇ ਠਿਕਾਣਿਆਂ 'ਤੇ ਸਟੀਕ ਹਮਲਾ ਕੀਤਾ। ਅੱਤਵਾਦ ਦੇ ਕਈ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ ਅਤੇ ਕਈ ਅੱਤਵਾਦੀਆਂ ਨੂੰ ਉਨ੍ਹਾਂ ਦੇ ਅੰਜ਼ਾਮ ਤੱਕ ਪਹੁੰਚਾਇਆ ਗਿਆ। ਸੁਰੱਖਿਆ ਦੇ ਖੇਤਰ ਵਿੱਚ ਸਾਡੀ ਆਤਮ-ਨਿਰਭਰਤਾ ਨਾਲ ਆਪ੍ਰੇਸ਼ਨ ਸਿੰਦੂਰ ਦੀ ਇਤਿਹਾਸਕ ਸਫ਼ਲਤਾ ਨੂੰ ਸ਼ਕਤੀ ਮਿਲੀ।

ਇਹ ਸਾਡਾ ਸੁਭਾਗ ਹੈ ਕਿ ਅਸੀਂ ਭਾਰਤ-ਭੂਮੀ ਦੇ ਨਿਵਾਸੀ ਹਾਂ। ਸਾਡੀ ਜਨਨੀ ਜਨਮਭੂਮੀ ਦੇ ਲਈ ਕਵੀ ਗੁਰੂ ਰਵਿੰਦਰ ਨਾਥ ਠਾਕੁਰ ਨੇ ਕਿਹਾ ਸੀ: ও আমার দেশের মাটী, তোমার পোরে ঠেকাই মাথা। (**ओ आमार देशेर माटी, तोमार पोरे ठेकाइ माथा।**)

ভাব, ਹੇ ਮੇਰੇ ਦੇਸ਼ ਦੀ ਮਿੱਟੀ! ਮੈਂ ਤੁਹਾਡੇ ਚਰਨਾਂ ਵਿੱਚ ਆਪਣਾ ਸੀਸ ਝੁਕਾਉਂਦਾ ਹਾਂ।

ਮੈਂ ਮੰਨਦੀ ਹਾਂ ਕਿ ਗਣਤੰਤਰ ਦਿਵਸ, ਦੇਸ਼-ਭਗਤੀ ਦੀ ਇਸ ਮਜ਼ਬੂਤ ਭਾਵਨਾ ਨੂੰ ਹੋਰ ਵੀ ਦ੍ਰਿੜ੍ਹ ਕਰਨ ਲਈ ਸੰਕਲਪ ਦਾ ਮੌਕਾ ਹੈ। ਆਓ ਸਾਰੇ ਮਿਲ ਕੇ 'ਰਾਸ਼ਟਰ ਪ੍ਰਥਮ' ਦੀ ਭਾਵਨਾ ਨਾਲ ਕੰਮ ਕਰਦੇ ਹੋਏ ਆਪਣੇ ਗਣਤੰਤਰ ਨੂੰ ਹੋਰ ਵੀ ਗੌਰਵਸ਼ਾਲੀ ਬਣਾਈਏ। ■



ਸ਼ੌਰਯ, ਸਮਰੱਥਾ ਅਤੇ ਸੱਭਿਆਚਾਰ ਦੇ ਨਾਲ ਗੂੰਜਿਆ

ਵੰਦੇ ਮਾਤਰਮ

77ਵਾਂ ਗਣਤੰਤਰ ਦਿਵਸ ਭਾਰਤੀ ਲੋਕਤੰਤਰ ਦੀ ਪਰਿਪੱਕਤਾ, ਸੰਵਿਧਾਨਿਕ ਕਦਰਾਂ-ਕੀਮਤਾਂ ਦਿੜ੍ਹਤਾ ਅਤੇ ਰਾਸ਼ਟਰ ਦੀ ਪ੍ਰਗਤੀਸ਼ੀਲ ਯਾਤਰਾ ਦਾ ਸ਼ਾਨਦਾਰ ਉਤਸਵ ਬਣ ਕੇ ਸਾਹਮਣੇ ਆਇਆ। ਕਰਤਵਯ ਪਥ 'ਤੇ ਆਯੋਜਿਤ ਸ਼ਾਨਦਾਰ ਪਰੇਡ ਨੇ ਭਾਰਤ ਦੀ ਸੈਨਿਕ ਸ਼ਕਤੀ, ਸੱਭਿਆਚਾਰਕ ਵਿਭਿੰਨਤਾ ਅਤੇ ਆਤਮ-ਨਿਰਭਰ ਭਾਰਤ ਦੀ ਝਲਕ ਨੂੰ ਇਕੱਠਿਆਂ ਪੇਸ਼ ਕੀਤਾ। ਰਾਸ਼ਟਰਪਤੀ ਦੇ ਸੁਆਗਤ ਤੋਂ ਲੈ ਕੇ ਤਿੰਨੋਂ ਸੈਨਾਵਾਂ ਦੀਆਂ ਅਨੁਸ਼ਾਸਿਤ ਟੁਕੜੀਆਂ, ਅਤਿ-ਆਧੁਨਿਕ ਰੱਖਿਆ ਪ੍ਰਣਾਲੀਆਂ ਅਤੇ ਰਾਜਾਂ ਦੀਆਂ ਜੀਵੰਤ ਝਾਕੀਆਂ ਤੱਕ, ਹਰ ਦ੍ਰਿਸ਼ ਰਾਸ਼ਟਰ ਗੌਰਵ ਨਾਲ ਓਤ-ਪ੍ਰੋਤ ਰਿਹਾ। ਇਸ ਫੋਟੋ ਫੀਚਰ ਵਿੱਚ ਗਣਤੰਤਰ ਦਿਵਸ ਦੇ ਉਹ ਯਾਦਗਾਰ ਪਲ ਸੰਜੋਏ ਗਏ ਹਨ, ਜੋ ਕਿ ਭਾਰਤ ਦੀ ਏਕਤਾ, ਅਖੰਡਤਾ ਅਤੇ ਨਿਰੰਤਰ ਪ੍ਰਗਤੀ ਦੀ ਕਹਾਣੀ ਨੂੰ ਕਰਦੇ ਹਨ ਜੀਵੰਤ...



77ਵੇਂ ਗਣਤੰਤਰ ਦਿਵਸ ਦੀ ਪੂਰੀ ਪਰੇਡ ਦੇਖਣ ਦੇ ਲਈ QR ਕੋਡ ਸਕੈਨ ਕਰੋ।





ਪ੍ਰਧਾਨ ਮੰਤਰੀ ਮੋਦੀ ਨੇ ਕਰਤਵਯ ਪਥ 'ਤੇ ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਦਾ ਸੁਆਗਤ ਕੀਤਾ।



ਗਣਤੰਤਰ ਦਿਵਸ 'ਤੇ ਰਾਸ਼ਟਰੀ ਸਮਾਰਕ ਵੱਲ ਰਕਸ਼ਾ ਮੰਤਰੀ ਅਤੇ ਤਿੰਨੋਂ ਸੇਵਾ ਮੁਖੀਆਂ ਦੇ ਨਾਲ ਜਾਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ।



77ਵੇਂ ਗਣਤੰਤਰ ਦਿਵਸ ਸਮਾਰੋਹ ਦੇ ਦੌਰਾਨ ਕਰਤਵਯ ਪਥ 'ਤੇ ਨਾਗਰਿਕਾਂ ਦਾ ਸੁਆਗਤ ਸਵੀਕਾਰ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ।



ਇਸ ਵਰ੍ਹੇ ਦੀ ਪਰੇਡ ਦਾ ਵਿਸ਼ਾ 'ਵੰਦੇ ਮਾਤਰਮ ਦੇ 150 ਸਾਲ' ਰਿਹਾ।





ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੇ ਨਾਲ ਗਣਤੰਤਰ ਦਿਵਸ ਪਰੇਡ 2026 ਦੇ ਮੁੱਖ ਮਹਿਮਾਨ ਯੂਰੋਪੀਅਨ ਕੌਂਸਲ ਦੇ ਪ੍ਰੈਜ਼ੀਡੈਂਟ ਐਂਟੀਨਿਓ ਕੋਸਟਾ ਅਤੇ ਯੂਰੋਪੀਅਨ ਕਮਿਸ਼ਨ ਦੇ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯਨ।



ਆਪ੍ਰੇਸ਼ਨ ਸਿੰਦੂਰ ਦੀ ਝਾਕੀ ਜਿਸ ਵਿੱਚ ਪਾਕਿਸਤਾਨ ਦੇ ਅੰਦਰ ਕੀਤੇ ਗਏ ਸਟੀਕ ਅੱਤਵਾਦ ਰੋਧੀ ਹਮਲਿਆਂ ਨੂੰ ਦਰਸਾਇਆ ਗਿਆ।





ਪਹਿਲੀ ਵਾਰ, ਜੰਮੂ ਅਤੇ ਕਸ਼ਮੀਰ ਦੀ ਬੇਟੀ ਸਿਮਰਨ ਬਾਲਾ ਨੇ ਸੀਆਰਪੀਐੱਫ ਦੀ ਪੁਰਸ਼ ਟੁਕੜੀ ਦੀ ਅਗਵਾਈ ਕੀਤੀ।



ਦੇਸ਼ ਦੇ ਕੋਨੇ-ਕੋਨੇ ਤੋਂ ਆਏ ਕਲਾਕਾਰਾਂ ਨੇ ਭਾਰਤ ਦੀ ਆਤਮਾ ਨੂੰ ਕਰਤਵਯ ਪਥ 'ਤੇ ਕੀਤਾ ਜੀਵੰਤ।



ਸਮ੍ਰਿੱਧੀ ਦਾ ਮੰਤਰ : ਆਤਮ-ਨਿਰਭਰ ਭਾਰਤ, ਪ੍ਰਦਰਸ਼ਿਤ ਕਰਦੀ ਤਮਿਲ ਨਾਡੂ ਦੀ ਝਾਕੀ।



ਵੋਟਰ ਮੈਟਰੋ ਅਤੇ 100% ਡਿਜੀਟਲ ਸਾਖ਼ਰਤਾ : ਆਤਮ-ਨਿਰਭਰ ਭਾਰਤ ਦੇ ਲਈ ਆਤਮ- ਨਿਰਭਰ ਕੇਰਲ।



ਕਰਤਬ ਦਿਖਾਉਂਦੇ ਹੋਏ ਸੈਨਾ ਦੇ ਜਵਾਨ।





ਸੁਤੰਤਰਤਾ ਅੰਦੋਲਨ ਵਿੱਚ ਬੰਗਾਲ ਦੀ ਭੂਮਿਕਾ ਨੂੰ ਪੇਸ਼ ਕਰਦੀ ਝਾਕੀ।



ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੀ ਝਾਕੀ।

ਏਕ ਭਾਰਤ, ਸ੍ਰੇਸ਼ਠ ਭਾਰਤ ਦਾ ਜੀਵੰਤ ਪ੍ਰਤੀਕ ਹੈ ਕਾਸ਼ੀ-ਤਮਿਲ ਸੰਗਮਮ



ਨਰੇਂਦਰ ਮੋਦੀ
ਪ੍ਰਧਾਨ ਮੰਤਰੀ

ਦੁਨੀਆ ਦੀ ਸਭ ਤੋਂ ਪੁਰਾਣੀ ਭਾਸ਼ਾ ਅਤੇ ਦੁਨੀਆ ਦੇ ਸਭ ਤੋਂ ਪ੍ਰਾਚੀਨ ਸ਼ਹਿਰਾਂ ਵਿੱਚੋਂ ਇੱਕ,ਇਨ੍ਹਾਂ ਦੋਵਾਂ ਦਾ ਸੰਗਮ ਹਮੇਸ਼ਾ ਅਦਭੁੱਤ ਰਿਹਾ ਹੈ। ਕਾਸ਼ੀ ਤਮਿਲ ਸੰਗਮਮ ਅਜਿਹੇ ਹੀ ਇੱਕ ਰਿਸ਼ਤੇ ਦਾ ਜਸ਼ਨ ਹੈ ਜੋ ਸਦੀਆਂ ਤੋਂ ਭਾਰਤੀ ਕਲਪਨਾ ਵਿੱਚ ਵਸਿਆ ਹੋਇਆ ਹੈ। ਅਣਗਿਣਤ ਤੀਰਥ ਯਾਤਰੀਆਂ, ਵਿਦਵਾਨਾਂ ਅਤੇ ਸਾਧਕਾਂ ਲਈ ਤਮਿਲ ਨਾਡੂ ਅਤੇ ਕਾਸ਼ੀ ਦੇ ਵਿਚਕਾਰ ਦੀ ਯਾਤਰਾ ਕਦੇ ਵੀ ਸਿਰਫ਼ ਸਰੀਰਕ ਤੌਰ 'ਤੇ ਆਉਣ-ਜਾਣ ਦਾ ਰਸਤਾ ਨਹੀਂ ਸੀ, ਸਗੋਂ ਇਹ ਵਿਚਾਰਾਂ, ਭਾਸ਼ਾਵਾਂ ਅਤੇ ਜੀਵੰਤ ਪਰੰਪਰਾਵਾਂ ਦਾ ਇੱਕ ਅੰਦੋਲਨ ਸੀ। 'ਏਕ ਭਾਰਤ, ਸ੍ਰੇਸ਼ਠ ਭਾਰਤ' ਦੇ ਜੀਵੰਤ ਪ੍ਰਤੀਕ ਕਾਸ਼ੀ-ਤਮਿਲ ਸੰਗਮਮ 'ਤੇ ਪੜ੍ਹੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਵਿਸ਼ੇਸ਼ ਲੇਖ...

ਕਾਸ਼ੀ ਦਾ ਤਮਿਲ ਸਮਾਜ ਅਤੇ ਸੱਭਿਆਚਾਰ ਨਾਲ ਅਤਿਅੰਤ ਡੂੰਘਾ ਨਾਤਾ ਰਿਹਾ ਹੈ। ਕਾਸ਼ੀ ਬਾਬਾ ਵਿਸ਼ਵਨਾਥ ਦੀ ਨਗਰੀ ਹੈ ਤਾਂ ਤਮਿਲ ਨਾਡੂ ਵਿੱਚ ਰਾਮੇਸ਼ਵਰਮ ਤੀਰਥ ਹੈ। ਤਮਿਲ ਨਾਡੂ ਦੇ ਤੇਨਕਾਸੀ ਨੂੰ ਦੱਖਣ ਦੀ ਕਾਸ਼ੀ ਜਾਂ 'ਦੱਖਣ ਕਾਸ਼ੀ' ਕਿਹਾ ਜਾਂਦਾ ਹੈ।

ਕੁਝ ਦਿਨ ਪਹਿਲਾਂ ਹੀ ਮੈਨੂੰ ਸੋਮਨਾਥ ਦੀ ਪਵਿੱਤਰ ਭੂਮੀ 'ਤੇ 'ਸੋਮਨਾਥ ਸਵਾਭਿਮਾਨ ਪਰਵ ਵਿੱਚ ਹਿੱਸਾ ਲੈਣ ਦਾ ਸੁਭਾਗ ਮਿਲਿਆ। ਇਸ ਪਰਵ ਨੂੰ ਅਸੀਂ ਵਰ੍ਹੇ 1026 ਵਿੱਚ ਸੋਮਨਾਥ 'ਤੇ ਹੋਏ ਪਹਿਲੇ ਹਮਲੇ ਦੇ ਇੱਕ ਹਜ਼ਾਰ ਸਾਲ ਪੂਰੇ ਹੋਣ 'ਤੇ ਮਨਾ ਰਹੇ ਹਾਂ। ਇਸ ਪਲ ਦੇ ਗਵਾਹ ਬਣਨ ਦੇ ਲਈ ਦੇਸ਼ ਦੇ ਕੋਨੇ-ਕੋਨੇ ਤੋਂ ਲੋਕ ਸੋਮਨਾਥ ਪਹੁੰਚੇ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਰਤ ਭਰ ਦੇ ਲੋਕ ਜਿੱਥੇ ਆਪਣੇ ਇਤਿਹਾਸ ਅਤੇ ਸੱਭਿਆਚਾਰ ਨਾਲ ਡੂੰਘਾਈ ਨਾਲ ਜੁੜੇ ਹੋਏ ਹਨ, ਉੱਥੇ ਹੀ ਕਦੇ ਹਾਰ ਨਾ ਮੰਨਣ ਵਾਲਾ ਸਾਹਸ ਵੀ ਉਨ੍ਹਾਂ ਦੇ ਜੀਵਨ ਦੀ ਇੱਕ ਵੱਡੀ ਵਿਸ਼ੇਸ਼ਤਾ ਹੈ। ਇਹੀ ਭਾਵਨਾ ਉਨ੍ਹਾਂ ਨੂੰ ਇੱਕ ਸੂਤਰ ਵਿੱਚ ਜੋੜਦੀ ਵੀ ਹੈ।ਇਸ ਪ੍ਰੋਗਰਾਮ ਦੇ ਦੌਰਾਨ ਮੇਰੀ ਮੁਲਾਕਾਤ ਕੁਝ ਅਜਿਹੇ ਲੋਕਾਂ ਨਾਲ ਵੀ ਹੋਈ ਜੋ ਇਸ ਤੋਂ ਪਹਿਲਾਂ 'ਸੌਰਾਸ਼ਟਰ-ਤਮਿਲ ਸੰਗਮਮ' ਦੌਰਾਨ ਸੋਮਨਾਥ ਆਏ ਸਨ ਅਤੇ ਇਸ ਤੋਂ ਪਹਿਲਾਂ 'ਕਾਸ਼ੀ-ਤਮਿਲ ਸੰਗਮਮ' ਦੇ ਸਮੇਂ ਕਾਸ਼ੀ ਵੀ ਗਏ ਸਨ। ਅਜਿਹੇ ਮੰਚਾਂ ਨੂੰ ਲੈ ਕੇ ਉਨ੍ਹਾਂ ਦੀ ਸਕਾਰਾਤਮਕ ਸੋਚ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਲਈ ਮੈਂ ਤੈਅ ਕੀਤਾ ਕਿ ਕਿਉਂ ਨਾ ਇਸ ਵਿਸ਼ੇ 'ਤੇ ਆਪਣੇ ਕੁਝ ਵਿਚਾਰ ਸਾਂਝੇ ਕਰਾਂ।

'ਮਨ ਕੀ ਬਾਤ' ਦੇ ਇੱਕ ਐਪੀਸੋਡ ਦੇ ਦੌਰਾਨ ਮੈਂ ਕਿਹਾ ਸੀ ਕਿ ਆਪਣੇ ਜੀਵਨ ਵਿੱਚ ਤਮਿਲ ਭਾਸ਼ਾ ਨਾ ਸਿੱਖ ਪਾਉਣ ਦਾ ਮੈਨੂੰ ਬਹੁਤ ਦੁੱਖ ਹੈ। ਇਹ ਸਾਡਾ ਸੁਭਾਗ ਹੈ ਕਿ ਬੀਤੇ ਕੁਝ ਵਰ੍ਹਿਆਂ ਤੋਂ ਸਾਡੀ ਸਰਕਾਰ ਤਮਿਲ ਸੱਭਿਆਚਾਰ ਨੂੰ ਦੇਸ਼ ਵਿੱਚ ਹੋਰ ਹਰਮਨ ਪਿਆਰਾ ਬਣਾਉਣ ਵਿੱਚ ਨਿਰੰਤਰ ਜੁਟੀ ਹੋਈ ਹੈ। ਇਹ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਹੋਰ ਮਜ਼ਬੂਤ ਬਣਾਉਣ ਵਾਲਾ ਹੈ। ਸਾਡੇ ਸੱਭਿਆਚਾਰ ਵਿੱਚ ਸੰਗਮ ਦਾ

ਪ੍ਰਧਾਨ ਮੰਤਰੀ ਦਾ ਲੇਖ ਪੜ੍ਹਨ ਦੇ ਲਈ QR ਕੋਡ ਸਕੈਨ ਕਰੋ।





ਸਾਡੇ ਸੱਭਿਆਚਾਰ ਵਿੱਚ ਸੰਗਮ ਦਾ ਬਹੁਤ ਮਹੱਤਵ ਹੈ। ਇਸ ਪਹਿਲੂ ਤੋਂ ਵੀ ਕਾਸ਼ੀ-ਤਮਿਲ ਸੰਗਮਮ ਇੱਕ ਵਿਲੱਖਣ ਯਤਨ ਹੈ। ਇਸ ਵਿੱਚ ਜਿੱਥੇ ਭਾਰਤ ਦੀਆਂ ਵਿਭਿੰਨ ਪਰੰਪਰਾਵਾਂ ਵਿਚਕਾਰ ਅਦਭੁਤ ਤਾਲਮੇਲ ਦਿਖਾਈ ਦਿੰਦਾ ਹੈ, ਉੱਥੇ ਹੀ ਇਹ ਵੀ ਪਤਾ ਚਲਦਾ ਹੈ ਕਿ ਕਿਵੇਂ ਅਸੀਂ ਇੱਕ-ਦੂਜੇ ਦੀਆਂ ਪਰੰਪਰਾਵਾਂ ਦਾ ਸਨਮਾਨ ਕਰਦੇ ਹਾਂ।

ਕਾਸ਼ੀ ਤਮਿਲ ਸੰਗਮਮ ਦੇ ਆਯੋਜਨ ਲਈ ਕਾਸ਼ੀ ਨੂੰ ਸਭ ਤੋਂ ਢੁਕਵਾਂ ਸਥਾਨ ਕਿਹਾ ਜਾ ਸਕਦਾ ਹੈ। ਇਹ ਉਹੀ ਕਾਸ਼ੀ ਹੈ ਜੋ ਅਨਾਦਿ ਕਾਲ ਤੋਂ ਸਾਡੀ ਸੱਭਿਅਤਾ ਦਾ ਧੁਰਾ ਬਣੀ ਹੋਈ ਹੈ। ਇੱਥੇ ਹਜ਼ਾਰਾਂ ਵਰ੍ਹਿਆਂ ਤੋਂ ਲੋਕ ਗਿਆਨ, ਜੀਵਨ ਦੇ ਅਰਥ ਅਤੇ ਮੋਕਸ਼ ਦੀ ਭਾਲ ਵਿੱਚ ਆਉਂਦੇ ਰਹੇ ਹਨ।

ਕਾਸ਼ੀ ਦਾ ਤਮਿਲ ਸਮਾਜ ਅਤੇ ਸੱਭਿਆਚਾਰ ਨਾਲ ਬਹੁਤ ਡੂੰਘਾ ਰਿਸ਼ਤਾ ਰਿਹਾ ਹੈ। ਕਾਸ਼ੀ ਬਾਬਾ ਵਿਸ਼ਵਨਾਥ ਦੀ ਨਗਰੀ ਹੈ ਤਾਂ ਤਮਿਲ ਨਾਡੂ ਵਿੱਚ ਰਾਮੇਸ਼ਵਰਮ ਤੀਰਥ ਹੈ। ਤਮਿਲ ਨਾਡੂ ਦੇ ਤੇਨਕਾਸੀ ਨੂੰ 'ਦੱਖਣ ਦੀ ਕਾਸ਼ੀ' ਜਾਂ 'ਦੱਖਣ ਕਾਸ਼ੀ' ਕਿਹਾ ਜਾਂਦਾ ਹੈ। ਪੂਜਨੀਕ ਕੁਮਾਰਗੁਰੂਪਰਾਰ ਸਵਾਮੀ ਜੀ ਨੇ ਆਪਣੀ ਵਿਦਵਤਾ ਅਤੇ ਅਧਿਆਤਮਿਕ ਪਰੰਪਰਾ ਦੇ ਮਾਧਿਅਮ ਨਾਲ ਕਾਸ਼ੀ ਅਤੇ ਤਮਿਲ ਨਾਡੂ ਦੇ ਵਿਚਕਾਰ ਇੱਕ ਸਸ਼ਕਤ ਅਤੇ ਸਥਾਈ ਸਬੰਧ ਸਥਾਪਿਤ ਕੀਤਾ ਸੀ।

ਤਮਿਲ ਨਾਡੂ ਦੇ ਮਹਾਨ ਸਪੂਤ ਮਹਾਕਵੀ ਸੁਬਰਾਮਣਯਮ ਭਾਰਤੀ ਜੀ ਨੂੰ ਵੀ ਕਾਸ਼ੀ ਵਿੱਚ ਬੌਧਿਕ ਵਿਕਾਸ ਅਤੇ ਅਧਿਆਤਮਿਕ ਜਾਗਰਣ ਦਾ ਅਦਭੁਤ ਮੌਕਾ ਮਿਲਿਆ। ਇੱਥੇ ਹੀ ਉਨ੍ਹਾਂ ਦਾ ਰਾਸ਼ਟਰਵਾਦ ਹੋਰ ਪ੍ਰਬਲ ਹੋਇਆ, ਨਾਲ ਹੀ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਇੱਕ ਨਵੀਂ ਧਾਰ ਮਿਲੀ। ਇੱਥੇ ਹੀ ਸੁਤੰਤਰ ਅਤੇ ਅਖੰਡ ਭਾਰਤ ਦੀ ਉਨ੍ਹਾਂ ਦੀ ਕਲਪਨਾ ਨੂੰ ਇੱਕ ਸਪਸ਼ਟ ਦਿਸ਼ਾ ਮਿਲੀ। ਅਜਿਹੇ ਕਈ ਉਦਾਹਰਣ ਹਨ, ਜੋ ਕਾਸ਼ੀ ਅਤੇ ਤਮਿਲ ਨਾਡੂ ਦੇ ਵਿਚਕਾਰ ਡੂੰਘੇ ਆਤਮੀ ਸਬੰਧਾਂ ਨੂੰ ਦਰਸਾਉਂਦੇ ਹਨ।

ਵਰ੍ਹੇ 2022 ਵਿੱਚ ਵਾਰਾਣਸੀ ਦੀ ਧਰਤੀ 'ਤੇ 'ਕਾਸ਼ੀ-ਤਮਿਲ ਸੰਗਮਮ' ਦੀ ਸ਼ੁਰੂਆਤ ਹੋਈ ਸੀ। ਮੈਨੂੰ ਇਸ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਸੁਭਾਗ ਮਿਲਿਆ ਸੀ। ਉਦੋਂ ਤਮਿਲ ਨਾਡੂ ਤੋਂ ਆਏ ਲੇਖਕਾਂ, ਵਿਦਿਆਰਥੀਆਂ, ਕਲਾਕਾਰਾਂ, ਵਿਦਵਾਨਾਂ, ਕਿਸਾਨਾਂ ਅਤੇ ਮਹਿਮਾਨਾਂ ਨੇ ਕਾਸ਼ੀ ਦੇ ਨਾਲ-ਨਾਲ ਪ੍ਰਯਾਗਰਾਜ ਅਤੇ ਅਯੋਧਿਆ ਦੇ ਦਰਸ਼ਨ ਵੀ ਕੀਤੇ ਸਨ। ਇਸ ਤੋਂ ਬਾਅਦ ਦੇ ਆਯੋਜਨਾਂ ਵਿੱਚ ਇਸ ਪਹਿਲ ਨੂੰ ਹੋਰ ਵਿਸਥਾਰ ਦਿੱਤਾ ਗਿਆ।

ਇਸ ਦਾ ਉਦੇਸ਼ ਇਹ ਸੀ ਕਿ ਸੰਗਮ ਵਿੱਚ ਸਮੇਂ-ਸਮੇਂ 'ਤੇ ਨਵੇਂ ਵਿਸ਼ੇ ਜੋੜੇ ਜਾਣ, ਨਵੇਂ ਅਤੇ ਰਚਨਾਤਮਕ ਤਰੀਕੇ ਅਪਣਾਏ ਜਾਣ ਅਤੇ ਇਸ ਵਿੱਚ ਲੋਕਾਂ ਦੀ ਭਾਗੀਦਾਰੀ ਜ਼ਿਆਦਾ ਤੋਂ ਜ਼ਿਆਦਾ ਹੋਵੇ। ਯਤਨ ਇਹ ਸੀ ਕਿ ਇਹ ਆਯੋਜਨ ਆਪਣੀ ਮੂਲ ਭਾਵਨਾ ਨਾਲ ਜੁੜੇ ਰਹਿ ਕੇ ਵੀ ਨਿਰੰਤਰ ਅੱਗੇ ਵਧਦਾ ਰਹੇ। ਵਰ੍ਹੇ 2023 ਦੇ ਦੂਜੇ ਆਯੋਜਨ ਵਿੱਚ ਟੈਕਨੋਲੋਜੀ ਦੀ ਵੱਡੇ ਪੈਮਾਨੇ 'ਤੇ ਵਰਤੋਂ ਕੀਤੀ ਗਈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਾਸ਼ਾ ਇਸ ਵਿੱਚ ਰੁਕਾਵਟ ਨਾ ਬਣੇ। ਇਸ ਦੇ ਤੀਜੇ ਸੰਸਕਰਣ ਵਿੱਚ 'ਇੰਡੀਅਨ ਨਾਲੇਜ ਸਿਸਟਮ' 'ਤੇ ਵਿਸ਼ੇਸ਼ ਫੋਕਸ ਰੱਖਿਆ ਗਿਆ। ਇਸ ਦੇ ਨਾਲ ਹੀ ਵਿਦਿਅਕ ਸੰਵਾਦਾਂ, ਸੱਭਿਆਚਾਰਕ ਪੇਸ਼ਕਾਰੀਆਂ, ਪ੍ਰਦਰਸ਼ਨੀਆਂ ਅਤੇ ਸੰਵਾਦ ਸੈਸ਼ਨਾਂ ਵਿੱਚ ਲੋਕਾਂ ਦੀ ਵੱਡੀ ਭਾਗੀਦਾਰੀ ਦੇਖਣ ਨੂੰ ਮਿਲੀ। ਹਜ਼ਾਰਾਂ ਲੋਕ ਇਨ੍ਹਾਂ ਦਾ ਹਿੱਸਾ ਬਣੇ।

ਕਾਸ਼ੀ-ਤਮਿਲ ਸੰਗਮਮ ਦਾ ਚੌਥਾ ਸੰਸਕਰਣ 2 ਦਸੰਬਰ, 2025 ਨੂੰ ਸ਼ੁਰੂ ਹੋਇਆ। ਇਸ ਵਾਰ ਦੀ ਥੀਮ ਬਹੁਤ ਦਿਲਚਸਪ ਸੀ—'ਤਮਿਲ ਕਰਕਲਮ' ਯਾਨੀ 'ਤਮਿਲ ਸਿੱਖੋ'।

ਇਸ ਨਾਲ ਕਾਸ਼ੀ ਅਤੇ ਹੋਰ ਥਾਵਾਂ ਦੇ ਲੋਕਾਂ ਨੂੰ ਖੂਬਸੂਰਤ ਤਮਿਲ ਭਾਸ਼ਾ ਸਿੱਖਣ ਦਾ ਇੱਕ ਵਿਲੱਖਣ ਮੌਕਾ ਮਿਲਿਆ। ਤਮਿਲ ਨਾਡੂ ਤੋਂ ਆਏ ਅਧਿਆਪਕਾਂ ਨੇ ਕਾਸ਼ੀ ਦੇ ਵਿਦਿਆਰਥੀਆਂ ਲਈ ਇਸ ਅਨੁਭਵ ਨੂੰ ਯਾਦਗਾਰੀ ਬਣਾ ਦਿੱਤਾ। ਇਸ ਵਾਰ ਕਈ ਹੋਰ ਵਿਸ਼ੇਸ਼ ਪ੍ਰੋਗਰਾਮ ਵੀ ਆਯੋਜਿਤ ਕੀਤੇ ਗਏ।

ਪ੍ਰਾਚੀਨ ਤਮਿਲ ਸਾਹਿਤਕ ਗ੍ਰੰਥ 'ਤੋਲਕਾਪੀਅਮ' ਦਾ ਚਾਰ ਭਾਰਤੀ ਅਤੇ ਛੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ।

ਤੇਨਕਾਸੀ ਤੋਂ ਕਾਸ਼ੀ ਤੱਕ ਪਹੁੰਚੀ ਇੱਕ ਵਿਸ਼ੇਸ਼ 'ਵ੍ਹੀਕਲ ਐਕਸਪੀਡੀਸ਼ਨ' ਦੇਖਣ ਨੂੰ ਮਿਲੀ। ਇਸ ਤੋਂ ਇਲਾਵਾ ਕਾਸ਼ੀ ਵਿੱਚ ਸਿਹਤ ਕੈਂਪਾਂ ਅਤੇ ਡਿਜੀਟਲ ਲਿਟ੍ਰੇਸੀ ਕੈਂਪਾਂ ਦੇ ਆਯੋਜਨ ਦੇ ਨਾਲ ਹੀ ਕਈ ਹੋਰ ਸ਼ਲਾਘਾਯੋਗ ਯਤਨ ਵੀ ਕੀਤੇ ਗਏ। ਇਸ ਮੁਹਿੰਮ ਵਿੱਚ ਸੱਭਿਆਚਾਰਕ ਏਕਤਾ ਦੇ ਸੰਦੇਸ਼ ਦਾ ਪ੍ਰਸਾਰ ਕਰਨ ਵਾਲੇ ਪਾਂਡਿਆ ਵੰਸ਼ ਦੇ ਮਹਾਨ ਰਾਜਾਂ ਆਦਿ ਵੀਰ ਪਰਾਕ੍ਰਮ ਪਾਂਡੀਅਨ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਪੂਰੇ ਆਯੋਜਨ ਦੇ ਦੌਰਾਨ ਨਮੋ ਘਾਟ 'ਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ, ਬੀਐੱਚਯੂ (ਬਨਾਰਸ ਹਿੰਦੂ ਯੂਨੀਵਰਸਿਟੀ) ਵਿੱਚ ਵਿਦਿਅਕ ਸੈਸ਼ਨ ਆਯੋਜਿਤ ਕੀਤੇ ਗਏ ਅਤੇ ਨਾਲ ਹੀ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਵੀ ਹੋਏ।

ਕਾਸ਼ੀ-ਤਮਿਲ ਸੰਗਮਮ ਵਿੱਚ ਇਸ ਵਾਰ ਜਿਸ ਚੀਜ਼ ਨੇ ਮੈਨੂੰ ਸਭ ਤੋਂ ਵੱਧ ਖੁਸ਼ੀ ਦਿੱਤੀ, ਉਹ ਸਾਡੇ ਨੌਜਵਾਨ ਸਾਥੀਆਂ ਦਾ ਉਤਸ਼ਾਹ ਹੈ। ਇਸ ਤੋਂ

ਆਪਣੀਆਂ ਜੜ੍ਹਾਂ ਨਾਲ ਹੋਰ ਵੀ ਡੂੰਘਾਈ ਨਾਲ ਜੁੜੇ ਰਹਿਣ ਦੇ ਉਨ੍ਹਾਂ ਦੇ ਜਨੂੰਨ ਦਾ ਪਤਾ ਚਲਦਾ ਹੈ। ਉਨ੍ਹਾਂ ਦੇ ਲਈ ਇਹ ਇੱਕ ਅਜਿਹਾ ਬੇਮਿਸਾਲ ਮੰਚ ਹੈ, ਜਿੱਥੇ ਉਹ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਦੇ ਜ਼ਰੀਏ ਆਪਣੀ ਪ੍ਰਤਿਭਾ ਦਿਖਾ ਸਕਦੇ ਹਨ।

ਸੰਗਮਮ ਤੋਂ ਇਲਾਵਾ ਕਾਸ਼ੀ ਦੀ ਯਾਤਰਾ ਵੀ ਯਾਦਗਾਰ ਬਣੇ, ਇਸ ਲਈ ਵਿਸ਼ੇਸ਼ ਯਤਨ ਕੀਤੇ ਗਏ। ਭਾਰਤੀ ਰੇਲਵੇ ਨੇ ਲੋਕਾਂ ਨੂੰ ਤਮਿਲ ਨਾਡੂ ਤੋਂ ਉੱਤਰ ਪ੍ਰਦੇਸ਼ ਲੈ ਕੇ ਜਾਣ ਲਈ ਵਿਸ਼ੇਸ਼ ਟ੍ਰੇਨਾਂ ਚਲਾਈਆਂ। ਇਸ ਦੌਰਾਨ ਕਈ ਰੇਲਵੇ ਸਟੇਸ਼ਨਾਂ 'ਤੇ, ਖਾਸ ਕਰਕੇ ਤਮਿਲ ਨਾਡੂ ਵਿੱਚ, ਉਨ੍ਹਾਂ ਦਾ ਉਤਸ਼ਾਹ ਬਹੁਤ ਵਧਾਇਆ ਗਿਆ। ਸੁੰਦਰ ਗੀਤਾਂ ਅਤੇ ਆਪਸੀ ਚਰਚਾਵਾਂ ਨਾਲ ਇਹ ਸਫ਼ਰ ਹੋਰ ਵੀ ਅਨੰਦਮਈ ਬਣ ਗਿਆ।

ਇੱਥੇ ਮੈਂ ਕਾਸ਼ੀ ਅਤੇ ਉੱਤਰ ਪ੍ਰਦੇਸ਼ ਦੇ ਆਪਣੇ ਭਰਾਵਾਂ ਅਤੇ ਭੈਣਾਂ ਦੀ ਸ਼ਲਾਘਾ ਕਰਨਾ ਚਾਹਾਂਗਾ, ਜਿਨ੍ਹਾਂ ਨੇ ਕਾਸ਼ੀ-ਤਮਿਲ ਸੰਗਮਮ ਨੂੰ ਵਿਸ਼ੇਸ਼ ਬਣਾਉਣ ਵਿੱਚ ਆਪਣਾ ਵਿਲੱਖਣ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਆਪਣੇ ਮਹਿਮਾਨਾਂ ਦੇ ਸੁਆਗਤ ਅਤੇ ਸਤਿਕਾਰ ਵਿੱਚ ਕੋਈ ਕੋਰ-ਕਸਰ ਨਹੀਂ ਛੱਡੀ। ਕਈ ਲੋਕਾਂ ਨੇ ਤਮਿਲ ਨਾਡੂ ਤੋਂ ਆਏ ਮਹਿਮਾਨਾਂ ਦੇ ਲਈ ਆਪਣੇ ਘਰਾਂ ਦੇ ਦਰਵਾਜ਼ੇ ਤੱਕ ਖੋਲ੍ਹ ਦਿੱਤੇ। ਸਥਾਨਕ ਪ੍ਰਸ਼ਾਸਨ ਵੀ ਚੌਵੀ ਘੰਟੇ ਜੁਟਿਆ ਰਿਹਾ, ਤਾਂ ਜੋ ਮਹਿਮਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਹੋਵੇ। ਵਾਰਾਣਸੀ ਦਾ ਸਾਂਸਦ ਹੋਣ ਦੇ ਨਾਤੇ, ਮੇਰੇ ਲਈ ਇਹ ਮਾਣ ਅਤੇ ਸੰਤੁਸ਼ਟੀ ਦੋਵਾਂ ਦਾ ਵਿਸ਼ੇਸ਼ ਵਿਸ਼ਾ ਹੈ।

ਇਸ ਵਾਰ ਕਾਸ਼ੀ-ਤਮਿਲ ਸੰਗਮਮ ਦਾ ਸਮਾਪਤੀ ਸਮਾਰੋਹ ਰਾਮੇਸ਼ਵਰਮ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਤਮਿਲਨਾਡੂ ਦੇ ਸਪੂਤ ਅਤੇ ਉਪ-ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਣਨ ਜੀ ਵੀ ਮੌਜੂਦ ਰਹੇ।

ਉਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਆਪਣੇ ਵਿਚਾਰਾਂ ਨਾਲ ਹੋਰ ਵੀ ਸਮ੍ਰਿੱਧ ਬਣਾਇਆ। ਭਾਰਤ ਭਰ ਦੀ ਅਧਿਆਤਮਿਕ ਸਮ੍ਰਿੱਧੀ 'ਤੇ ਜ਼ੋਰ ਦਿੰਦਿਆਂ ਹੋਏ ਉਨ੍ਹਾਂ ਨੇ ਦੱਸਿਆ ਕਿ ਕਿਵੇਂ ਇਸ ਤਰ੍ਹਾਂ ਦੇ ਮੰਚ ਰਾਸ਼ਟਰੀ ਏਕਤਾ ਨੂੰ ਹੋਰ ਮਜ਼ਬੂਤ ਕਰਦੇ ਹਨ।

ਕਾਸ਼ੀ-ਤਮਿਲ ਸੰਗਮਮ ਦਾ ਬਹੁਤ ਡੂੰਘਾ ਪ੍ਰਭਾਵ ਦੇਖਣ ਨੂੰ ਮਿਲਿਆ ਹੈ। ਇਸ ਦੇ ਜ਼ਰੀਏ ਜਿੱਥੇ ਸੱਭਿਆਚਾਰਕ ਚੇਤਨਾ ਨੂੰ ਮਜ਼ਬੂਤੀ ਮਿਲੀ ਹੈ, ਉੱਥੇ ਹੀ ਵਿਦਿਅਕ ਵਿਚਾਰ-ਵਟਾਂਦਰੇ ਅਤੇ ਜਨਤਕ-ਸੰਵਾਦ ਨੂੰ ਵੀ ਕਾਫ਼ੀ ਉਤਸ਼ਾਹ ਮਿਲਿਆ ਹੈ। ਇਸ ਨਾਲ ਸਾਡੇ ਸੱਭਿਆਚਾਰਾਂ ਦੇ ਵਿੱਚ ਸਬੰਧ ਹੋਰ ਮਜ਼ਬੂਤ ਹੋਏ ਹਨ। ਇਸ ਮੰਚ ਨੇ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਅੱਗੇ ਵਧਾਇਆ ਹੈ, ਇਸੇ ਲਈ ਆਉਣ ਵਾਲੇ ਸਮੇਂ ਵਿੱਚ ਅਸੀਂ ਇਸ ਆਯੋਜਨ ਨੂੰ ਹੋਰ ਵੀ ਵਾਈਬ੍ਰੈਂਟ ਬਣਾਉਣ ਜਾ ਰਹੇ ਹਾਂ। ਇਹ ਉਹ ਭਾਵਨਾ ਹੈ, ਜੋ ਸਦੀਆਂ ਤੋਂ ਸਾਡੇ ਪਰਵ- ਤਿਉਹਾਰਾਂ, ਸਾਹਿਤ, ਸੰਗੀਤ, ਕਲਾ, ਖਾਣ-ਪੀਣ, ਵਾਸਤੂ ਕਲਾ ਅਤੇ ਗਿਆਨ-ਪ੍ਰਣਾਲੀਆਂ ਦਾ ਮਹੱਤਵਪੂਰਨ ਹਿੱਸਾ ਰਹੀ ਹੈ।

ਵਰ੍ਹੇ ਦਾ ਇਹ ਸਮਾਂ ਹਰ ਦੇਸ਼ਵਾਸੀ ਲਈ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਲੋਕ ਬੜੇ ਉਤਸ਼ਾਹ ਦੇ ਨਾਲ ਸੰਕ੍ਰਾਂਤੀ, ਉਤਰਾਇਣ, ਪੋਂਗਲ, ਮਾਘ, ਬਿਹੂ ਵਰਗੇ ਅਨੇਕਾਂ ਤਿਉਹਾਰ ਮਨਾ ਰਹੇ ਹਨ। ਇਹ ਸਾਰੇ ਉਤਸਵ ਮੁੱਖ ਤੌਰ ‘ਤੇ ਸੂਰਜ ਦੇਵਤਾ, ਕੁਦਰਤ ਅਤੇ ਖੇਤੀਬਾੜੀ ਨੂੰ ਸਮਰਪਿਤ ਹਨ।ਇਹ ਤਿਉਹਾਰ ਲੋਕਾਂ ਨੂੰ ਆਪਸ ਵਿੱਚ ਜੋੜਦੇ ਹਨ, ਜਿਸ ਨਾਲ ਸਮਾਜ ਵਿੱਚ ਸਦਭਾਵਨਾ ਅਤੇ ਇਕਜੁੱਟਤਾ ਦੀ ਭਾਵਨਾ ਹੋਰ ਗੂੜ੍ਹੀ ਹੁੰਦੀ ਹੈ। ਇਸ ਮੌਕੇ 'ਤੇ ਮੈਂ ਆਪ ਸਭ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਨ੍ਹਾਂ ਉਤਸਵਾਂ ਦੇ ਨਾਲ ਸਾਡੀ ਸਾਂਝੀ ਵਿਰਾਸਤ ਅਤੇ ਸਮੂਹਿਕ ਭਾਗੀਦਾਰੀ ਦੀ ਭਾਵਨਾ ਦੇਸ਼ਵਾਸੀਆਂ ਦੀ ਏਕਤਾ ਨੂੰ ਹੋਰ ਮਜ਼ਬੂਤ ਕਰੇਗੀ। ■





ਸਹਿਯੋਗ ਨਾਲ ਮਜ਼ਬੂਤ ਹੁੰਦੀ ਭਾਰਤ-ਜਰਮਨੀ ਭਾਗੀਦਾਰੀ

ਭਾਰਤ ਅਤੇ ਜਰਮਨੀ ਵਿਚਕਾਰ ਸਬੰਧ ਸਿਰਫ਼ ਦੁਵੱਲੇ ਸਹਿਯੋਗ ਤੱਕ ਸੀਮਤ ਨਹੀਂ ਰਹੇ, ਸਗੋਂ ਅੱਜ ਇਹ ਸਾਂਝੇਦਾਰੀ ਵਿਸ਼ਵਵਿਆਪੀ ਸ਼ਾਂਤੀ, ਆਰਥਿਕ ਸਥਿਰਤਾ ਅਤੇ ਤਕਨੀਕੀ ਨਵੀਨਤਾ ਦਾ ਇੱਕ ਮਹੱਤਵਪੂਰਨ ਥੰਮ੍ਹ ਬਣ ਚੁੱਕੀ ਹੈ। ਲੋਕਤੰਤਰੀ ਕਦਰਾਂ-ਕੀਮਤਾਂ, ਨਿਯਮਾਂ 'ਤੇ ਅਧਾਰਿਤ ਅੰਤਰਰਾਸ਼ਟਰੀ ਵਿਵਸਥਾ ਅਤੇ ਬਹੁ-ਪੱਖਵਾਦ ਵਿੱਚ ਸਾਂਝੇ ਵਿਸ਼ਵਾਸ ਨੇ ਦੋਵਾਂ ਦੇਸ਼ਾਂ ਨੂੰ ਸੁਭਾਵਿਕ ਸਾਂਝੇਦਾਰ ਬਣਾਇਆ ਹੈ। ਦੋ ਦਿਨਾਂ ਜਰਮਨ ਚਾਂਸਲਰ ਦੀ ਭਾਰਤ ਯਾਤਰਾ ਦੇ ਦੌਰਾਨ ਦੋਵਾਂ ਦੇਸ਼ਾਂ ਦੇ ਸਾਂਝੇ ਭਵਿੱਖ ਲਈ ਲਏ ਗਏ ਕਈ ਮਹੱਤਵਪੂਰਨ ਫੈਸਲੇ...

ਭਾਰਤ-ਜਰਮਨੀ ਦੇ ਸਬੰਧਾਂ ਨੂੰ ਨਵੀਂ ਉਚਾਈ ਦੇਣ ਦੇ ਲਈ ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ਼ 12 ਅਤੇ 13 ਜਨਵਰੀ ਨੂੰ ਭਾਰਤ ਦੀ ਯਾਤਰਾ 'ਤੇ ਰਹੇ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਿਚਕਾਰ ਕਈ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਹੋਈ ਅਤੇ ਸਹਿਮਤੀ ਬਣੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੌਰੇ ਦੇ ਦੌਰਾਨ ਅਹਿਮਦਾਬਾਦ ਵਿੱਚ ਹੋਈ ਭਾਰਤ-ਜਰਮਨੀ ਸੀਈਓ (CEO) ਫੋਰਮ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਪਣੀ ਪਹਿਲੀ ਏਸ਼ੀਆ ਯਾਤਰਾ ਦੇ ਲਈ ਚਾਂਸਲਰ ਮਰਜ਼ ਨੇ ਭਾਰਤ ਨੂੰ ਆਪਣਾ ਡੈਸਟੀਨੇਸ਼ਨ ਬਣਾਇਆ ਹੈ। ਇਹ ਜਰਮਨੀ ਦੀ 'ਡਾਇਵਰਸੀਫਿਕੇਸ਼ਨ ਸਟ੍ਰੈਟਜੀ' ਵਿੱਚ ਭਾਰਤ ਦੀ ਕੇਂਦਰੀ ਭੂਮਿਕਾ ਨੂੰ ਦਰਸਾਉਂਦਾ ਹੈ। ਡਿਫੈਂਸ ਦੀ ਦੁਨੀਆ ਦੀਆਂ ਦੋ ਵੱਡੀਆਂ ਲੋਕਤੰਤਰੀ ਅਰਥਵਿਵਸਥਾਵਾਂ ਕ੍ਰਿਟੀਕਲ ਅਤੇ ਇਮਰਜਿੰਗ ਟੈਕਨੋਲੋਜੀ ਵਿੱਚ ਸਹਿਯੋਗ ਹੋਰ ਗੂੜ੍ਹਾ ਕਰਨਗੀਆਂ। ਸੈਮੀਕੰਡਕਟਰ ਵਿੱਚ ਦੋਵੇਂ ਦੇਸ਼ ਮਿਊਚੁਅਲ ਪਾਰਟਨਰ ਹਨ। ਇਸ ਦੇ ਨਾਲ ਹੀ ਪਾਵਰ ਇਲੈਕਟ੍ਰੌਨਿਕਸ, ਬਾਇਓਟੈਕ, ਫਿਨਟੈਕ, ਫਾਰਮਾ, ਕੁਆਂਟਮ ਅਤੇ ਸਾਈਬਰ ਅਜਿਹੇ ਖੇਤਰਾਂ ਵਿੱਚ ਵੀ ਅਪਾਰ ਸੰਭਾਵਨਾਵਾਂ ਹਨ। ਭਾਰਤ-ਜਰਮਨੀ ਪਾਰਟਨਰਸ਼ਿਪ ਨਾ ਸਿਰਫ਼ ਮਿਊਚੁਅਲ ਬੈਨੀਫਿਸ਼ੀਅਲ ਹੈ, ਸਗੋਂ ਇਹ ਦੁਨੀਆ ਲਈ ਵੀ ਬਿਹਤਰ ਹੈ। ਭਾਰਤ ਗ੍ਰੀਨ ਹਾਈਡ੍ਰੋਜਨ, ਸੋਲਰ, ਵਿੰਡ ਅਤੇ ਬਾਇਓਫਿਊਲ ਵਿੱਚ ਵਰਲਡ ਲੀਡਰ ਬਣਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ। ਇਸ ਵਿੱਚ ਜਰਮਨ ਕੰਪਨੀਆਂ ਲਈ ਸੋਲਰ ਸੈੱਲਸ, ਇਲੈਕਟ੍ਰੋਲਾਈਜ਼ਰ, ਬੈਟਰੀ ਅਤੇ ਵਿੰਡ ਟਰਬਾਈਨ ਵਰਗੇ ਖੇਤਰਾਂ ਵਿੱਚ ਮੈਨੂਫੈਕਚਰਿੰਗ ਦੇ ਬਹੁਤ ਸਾਰੇ ਮੌਕੇ ਹਨ। ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਲੈ ਕੇ ਭਾਰਤ ਦਾ ਵਿਜ਼ਨ 'ਆਲ ਇਨਕਲੂਸਿਵ' ਹੈ। ਜਦੋਂ ਜਰਮਨੀ ਦਾ ਏਆਈ ਈਕੋਸਿਸਟਮ ਇਸ ਨਾਲ ਜੁੜਦਾ ਹੈ, ਤਾਂ ਅਸੀਂ ਇੱਕ 'ਹਿਊਮਨ ਸੈਂਟ੍ਰਿਕ' ਡਿਜੀਟਲ ਫਿਊਚਰ ਨੂੰ ਯਕੀਨੀ ਬਣਾ ਸਕਦੇ ਹਾਂ।

ਇਨ੍ਹਾਂ ਵਿਸ਼ਿਆਂ 'ਤੇ ਵਿਸਤਾਰ ਨਾਲ ਹੋਈ ਗੱਲਬਾਤ

ਰੱਖਿਆ ਅਤੇ ਸੁਰੱਖਿਆ, ਵਪਾਰ ਅਤੇ ਅਰਥਵਿਵਸਥਾ, ਟੈਕਨੋਲੋਜੀ, ਇਨੋਵੇਸ਼ਨ, ਵਿਗਿਆਨ ਅਤੇ ਖੋਜ, ਹਰਿਤ ਅਤੇ ਟਿਕਾਊ ਵਿਕਾਸ ਸਾਂਝੇਦਾਰੀ / ਨਵਿਆਉਣਯੋਗ ਊਰਜਾ, ਭਾਰਤ-ਪ੍ਰਸ਼ਾਂਤ, ਕਨੈਕਟੀਵਿਟੀ ਅਤੇ ਵਿਸ਼ਵਵਿਆਪੀ ਮੁੱਦੇ, ਸਿੱਖਿਆ, ਹੁਨਰ ਵਿਕਾਸ, ਗਤੀਸ਼ੀਲਤਾ ਅਤੇ ਸੱਭਿਆਚਾਰ ।

ਇੱਕ ਨਜ਼ਰ...

- ਖੇਡ ਖੇਤਰ ਵਿੱਚ ਸਹਿਯੋਗ ਵਧਾਉਣ ਦੇ ਲਈ ਦੋਵਾਂ ਦੇਸ਼ਾਂ ਦੇ ਵਿਚਕਾਰ ਠੋਸ ਕਦਮ ਚੁੱਕੇ ਗਏ।
- ਉੱਚ ਸਿੱਖਿਆ 'ਤੇ ਇੱਕ ਵਿਆਪਕ ਰੋਡਮੈਪ ਤਿਆਰ ਕਰਨ 'ਤੇ ਸਹਿਮਤੀ ਬਣੀ, ਇਸ ਨਾਲ ਸਿੱਖਿਆ ਦੇ ਖੇਤਰ ਵਿੱਚ ਨਵੀਂ ਸਾਂਝੇਦਾਰੀ ਬਣੇਗੀ।
- ਜਰਮਨ ਯੂਨੀਵਰਸਿਟੀਆਂ ਨੂੰ ਭਾਰਤ ਵਿੱਚ ਆਪਣੇ ਕੈਂਪਸ ਖੋਲ੍ਹਣ ਲਈ ਸੱਦਾ ਦਿੱਤਾ ਗਿਆ ਹੈ।
- ਭਾਰਤੀ ਨਾਗਰਿਕਾਂ ਲਈ ਵੀਜ਼ਾ-ਫ੍ਰੀ ਟ੍ਰਾਂਜ਼ਿਟ ਦੀ ਘੋਸ਼ਣਾ ਜਰਮਨੀ ਵੱਲੋਂ ਕੀਤੀ ਗਈ ਹੈ।
- ਗੁਜਰਾਤ ਦੇ ਲੋਥਲ ਵਿੱਚ ਬਣ ਰਹੇ 'ਨੈਸ਼ਨਲ ਮੈਰੀਟਾਈਮ ਹੈਰੀਟੇਜ ਕੰਪਲੈਕਸ' ਨਾਲ ਜਰਮਨ ਮੈਰੀਟਾਈਮ ਮਿਊਜ਼ੀਅਮ ਜੁੜੇਗਾ।
- ਪਰੰਪਰਾਗਤ ਦਵਾਈਆਂ (ਟ੍ਰੈਡੀਸ਼ਨਲ ਮੈਡੀਸਿਨ) ਦੇ ਖੇਤਰ ਵਿੱਚ ਗੁਜਰਾਤ ਆਯੁਰਵੇਦ ਯੂਨੀਵਰਸਿਟੀ ਦਾ ਜਰਮਨੀ ਨਾਲ ਸਹਿਯੋਗ ਵਧੇਗਾ।

ਜਰਮਨ ਚਾਂਸਲਰ ਮਰਜ਼ ਦੇ ਨਾਲ ਸਾਂਝੀ ਬੈਠਕ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ, ਜਰਮਨੀ ਦੇ ਨਾਲ ਆਪਣੀ ਮਿੱਤਰਤਾ ਅਤੇ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪਿਛਲੇ ਵਰ੍ਹੇ ਭਾਰਤ-ਜਰਮਨੀ ਨੇ ਆਪਣੀ ਰਣਨੀਤਕ ਸਾਂਝੇਦਾਰੀ ਦੇ 25 ਵਰ੍ਹੇ ਪੂਰੇ ਕੀਤੇ ਹਨ। ਇਸ ਸਾਲ ਦੋਵੇਂ ਦੇਸ਼ ਆਪਣੇ ਕੂਟਨੀਤਕ ਸਬੰਧਾਂ ਦੇ 75 ਵਰ੍ਹੇ ਵੀ ਮਨਾ ਰਹੇ ਹਨ। ਇਹ ਮਾਈਲ ਸਟੋਨ ਸਿਰਫ਼ ਸਮੇਂ ਦੀਆਂ ਉਪਲਬਧੀਆਂ ਨਹੀਂ ਹਨ, ਇਹ ਸਾਡੀਆਂ ਸਾਂਝੀਆਂ ਇੱਛਾਵਾਂ, ਆਪਸੀ ਵਿਸ਼ਵਾਸ ਅਤੇ ਲਗਾਤਾਰ ਸਸ਼ਕਤ ਹੁੰਦੇ ਸਹਿਯੋਗ ਦੇ ਪ੍ਰਤੀਕ ਹਨ। ਵਧਦੇ ਵਪਾਰ ਅਤੇ ਨਿਵੇਸ਼ ਸਬੰਧਾਂ ਨੇ ਦੋਵਾਂ ਦੇਸ਼ਾਂ ਦੇ ਵਿਚਕਾਰ ਸਟ੍ਰੈਟੀਜਿਕ ਪਾਰਟਨਰਸ਼ਿਪ ਨੂੰ ਨਵੀਂ ਊਰਜਾ ਦਿੱਤੀ ਹੈ। ਦੋਵਾਂ ਦੇਸ਼ਾਂ ਦਾ ਦੁਵੱਲਾ ਵਪਾਰ ਹੁਣ ਤੱਕ ਦੇ ਆਪਣੇ ਸਭ ਤੋਂ ਉੱਚੇ ਪੱਧਰ 50 ਬਿਲੀਅਨ ਡਾਲਰ ਨੂੰ ਪਾਰ ਕਰ ਗਿਆ ਹੈ।

ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਭਾਰਤ ਅਤੇ ਜਰਮਨੀ ਦੀਆਂ ਪ੍ਰਾਥਮਿਕਤਾਵਾਂ ਇੱਕੋ ਜਿਹੀਆਂ ਹਨ। ਇਸ ਵਿੱਚ ਸਹਿਯੋਗ ਨੂੰ ਵਧਾਉਣ ਦੇ ਲਈ ਦੋਵਾਂ ਦੇਸ਼ਾਂ ਨੇ 'ਇੰਡੀਅਨ-ਜਰਮਨ ਸੈਂਟਰ ਫਾਰ ਐਕਸੀਲੈਂਸ' ਸਥਾਪਿਤ ਕਰਨ ਦਾ ਫੈਸਲਾ ਲਿਆ ਹੈ। ਇਹ ਨੌਲੈਜ, ਟੈਕਨੋਲੋਜੀ ਅਤੇ ਇਨੋਵੇਸ਼ਨ ਦਾ ਸਾਂਝਾ ਮੰਚ ਬਣੇਗਾ। ਗ੍ਰੀਨ ਹਾਈਡ੍ਰੋਜਨ ਵਿੱਚ ਦੋਵਾਂ ਦੇਸ਼ਾਂ ਦੀਆਂ ਕੰਪਨੀਆਂ ਦਾ ਨਵਾਂ ਮੈਗਾ ਪ੍ਰੋਜੈਕਟ, ਭਵਿੱਖ ਦੀ ਊਰਜਾ ਦੇ ਲਈ ਇੱਕ 'ਗੇਮ ਚੇਂਜਰ' ਸਾਬਤ ਹੋਵੇਗਾ। ਦੋਵਾਂ ਦੇਸ਼ਾਂ ਨੇ ਰੱਖਿਆ ਉਦਯੋਗਾਂ ਦੇ ਵਿਚਕਾਰ ਸਹਿਯੋਗ ਵਧਾਉਣ ਲਈ ਇੱਕ ਰੋਡਮੈਪ 'ਤੇ ਵੀ ਕੰਮ ਕਰਨ ਦਾ ਫੈਸਲਾ ਲਿਆ ਹੈ ਜਿਸ ਨਾਲ ਕੋ-ਡਿਵੈਲਪਮੈਂਟ ਅਤੇ ਕੋ-ਪ੍ਰੋਡਕਸ਼ਨ ਦੇ ਨਵੇਂ ਮੌਕੇ ਖੁੱਲ੍ਹਣਗੇ।

ਭਾਰਤ ਦੀ ਪ੍ਰਤਿਭਾਸ਼ਾਲੀ ਨੌਜਵਾਨ ਸ਼ਕਤੀ ਜਰਮਨੀ ਦੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। 'ਗਲੋਬਲ ਸਕਿੱਲ ਪਾਰਟਨਰਸ਼ਿਪ' 'ਤੇ ਜਾਰੀ ਸਾਂਝਾ ਬਿਆਨ ਇਸੇ ਭਰੋਸੇ ਦਾ ਪ੍ਰਤੀਕ ਹੈ। ਇਸ ਨਾਲ ਖਾਸ ਤੌਰ 'ਤੇ ਹੈਲਥਕੇਅਰ ਪ੍ਰੋਫੈਸ਼ਨਲਜ਼ ਦੀ ਆਵਾਜਾਈ ਅਸਾਨ ਹੋਵੇਗੀ। ਦੋਵਾਂ ਦੇਸ਼ਾਂ ਦੀ ਦੋਸਤੀ ਦਾ ਪ੍ਰਭਾਵ ਗਲੋਬਲ ਸਟੇਜ 'ਤੇ ਵੀ ਦਿਖਾਈ ਦਿੰਦਾ ਹੈ। ਘਾਨਾ, ਕੈਮਰੂਨ ਅਤੇ ਮਲਾਵੀ ਵਰਗੇ ਦੇਸ਼ਾਂ ਵਿੱਚ ਜੁਆਇੰਟ ਪ੍ਰੋਜੈਕਟਾਂ ਰਾਹੀਂ ਟ੍ਰਾਈਲੈਟਰਲ ਵਿਕਾਸ ਸਾਂਝੇਦਾਰੀ ਦੁਨੀਆ ਦੇ ਲਈ ਇੱਕ ਸਫਲ ਮਾਡਲ ਹੈ। ਦੋਵਾਂ ਦੇਸ਼ਾਂ ਨੇ 'ਗਲੋਬਲ ਸਾਊਥ' ਦੇ ਦੇਸ਼ਾਂ ਦੇ ਵਿਕਾਸ ਦੇ ਲਈ ਆਪਣੇ ਸਾਂਝੇ ਯਤਨਾਂ ਨੂੰ ਲਗਾਤਾਰ ਜਾਰੀ ਰੱਖਣ ਦਾ ਫੈਸਲਾ ਲਿਆ ਹੈ, ਜਿਸ ਦੇ ਲਈ ਦੋਵੇਂ ਦੇਸ਼ ਇੱਕ ਕੰਸਲਟੇਸ਼ਨ ਮੈਕੇਨਿਜ਼ਮ ਦੀ ਸ਼ੁਰੂਆਤ ਕਰਨ ਜਾ ਰਹੇ ਹਨ।

ਦੋਵਾਂ ਦੇਸ਼ਾਂ ਨੇ ਯੂਕਰੇਨ ਅਤੇ ਗਾਜ਼ਾ ਸਮੇਤ ਕਈ ਵਿਸ਼ਵਵਿਆਪੀ ਅਤੇ ਖੇਤਰੀ ਮੁੱਦਿਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਸਾਰੀਆਂ ਸਮੱਸਿਆਵਾਂ ਅਤੇ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਦਾ ਪੱਖਧਰ ਰਿਹਾ ਹੈ ਅਤੇ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਦੋਵੇਂ ਦੇਸ਼ ਇਸ ਗੱਲ 'ਤੇ ਇਕਮਤ ਹਨ ਕਿ ਅੱਤਵਾਦ ਪੂਰੀ ਮਨੁੱਖਤਾ ਲਈ ਇੱਕ ਗੰਭੀਰ ਖਤਰਾ ਹੈ। ਭਾਰਤ ਅਤੇ ਜਰਮਨੀ ਇਸ ਦੇ ਵਿਰੁੱਧ ਇਕਜੁੱਟ ਹੋ ਕੇ ਪੂਰੀ ਦ੍ਰਿੜ੍ਹਤਾ ਨਾਲ ਲੜਾਈ ਜਾਰੀ ਰੱਖਣਗੇ। ਦੋਵੇਂ ਦੇਸ਼ ਇਸ ਗੱਲ 'ਤੇ ਸਹਿਮਤ ਹਨ ਕਿ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਦੇ ਲਈ ਵਿਸ਼ਵਵਿਆਪੀ ਸੰਸਥਾਵਾਂ ਵਿੱਚ ਸੁਧਾਰ ਬਹੁਤ ਮਹੱਤਵਪੂਰਨ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (UNSC) ਵਿੱਚ ਸੁਧਾਰ ਲਈ ਜੀ-4 ਦੇ ਮਾਧਿਅਮ ਰਾਹੀਂ ਸਾਡਾ ਸਾਂਝਾ ਯਤਨ ਇਸੇ ਸੋਚ ਦਾ ਪ੍ਰਮਾਣ ਹੈ। ■



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਲਈ QR ਕੋਡ ਸਕੈਨ ਕਰੋ।

ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ਼ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਬਰਮਤੀ ਆਸ਼ਰਮ ਵਿੱਚ ਮਹਾਤਮਾ ਗਾਂਧੀ ਦੀ ਪ੍ਰਤਿਮਾ 'ਤੇ ਪੁਸ਼ਪਾਂਜਲੀ ਭੇਟ ਕੀਤੀ ਅਤੇ ਪਤੰਗ ਉਤਸਵ ਵਿੱਚ ਵੀ ਹਿੱਸਾ ਲਿਆ।



Narendra Modi
@narendramodi

अद्भुत जोश और बेमिसाल जज्बे से भरी हमारी युवा शक्ति सशक्त और समृद्ध राष्ट्र के लिए संकल्पबद्ध है। विकसित भारत यंग लीडर्स डायलॉग में देशभर के अपने युवा साथियों से संवाद को लेकर बेहद उत्सुक हूं। इस कार्यक्रम में 12 जनवरी को आप सभी से मिलने वाला हूं।



Rajnath Singh
@rajnathsingh

एक सुरक्षित और स्वच्छ समुद्र ही सुरक्षित व्यापार, सुरक्षित जीवन और सुरक्षित पर्यावरण की गारंटी देता है। ऐसे में 'समुद्र प्रताप' जैसे प्लेटफॉर्म समुद्री सुरक्षा को प्रभावी रूप से सुनिश्चित करते हैं।



Amit Shah
@AmitShah

BSL-4 लैब के बनने के बाद खतरनाक वायरस के सैंपल जांचने के लिए हमारी विदेशों पर निर्भरता खत्म होगी और इससे जांच में भी तेजी आएगी।



Nitin Gadkari
@nitin_gadkari

देश में जल्द ही शुरु होगी 'कैशलेस ट्रीटमेंट' योजना : रोड एक्सिडेंट घटना में जान बचाने के लिए होगी मददगार।

#RoadSafety #SadakSurakshaAbhiyaan #सड़कसुरक्षाअभियान



Dharmendra Pradhan
@dpradhanbjp

'विश्व हिंदी दिवस' पर सभी हिंदी प्रेमियों को हार्दिक शुभकामनाएं।

हिंदी केवल संवाद का माध्यम नहीं, भारत की आत्मा, संवेदना और सांस्कृतिक एकता की अभिव्यक्ति है। इसकी सरलता और व्यापकता ने सदैव विविधताओं से भरे भारत को भावनात्मक रूप से जोड़े रखा है।



Giriraj Singh
@girirajsinghbjp

माननीय प्रधानमंत्री जी के नेतृत्व में मज़बूत नीतिगत सुधार, बढ़ती खपत और बेहतर आर्थिक संकेतकों के असर से भारत की ग्रोथ तेज़ हुई है।

Q2 में शानदार प्रदर्शन के बाद पूरे साल की GDP ग्रोथ का अनुमान बढ़ाकर करीब 7.6%, और आगे भी रफ़्तार बने रहने की उम्मीद है।

मंदिर तोड़ने वाले इतिहास के पन्नों में सिमटे, सोमनाथ अब भी खड़ा: मोदी

सोमनाथ स्वाभिमान पर्व पर प्रधानमंत्री ने कहा- लोगों का दिल तलवार की नोक पर नहीं जीता जा सकता


PM बोले- कच्छ, सौराष्ट्र में निवेश का सही समय है
कच्छ में पांच साल में अदाणी समूह भी करेगा बड़ा निवेश
गुजरात में 7 लाख करोड़ का निवेश करेगा रिलायंस
शांति में मोदी की वैश्विक भूमिका: यूक्रेनी राजदूत

इस बार बड़े आर्थिक सुधारों की पटरी पर दौड़ेगी बजट एक्सप्रेस

सेवा, नवीकरणीय ऊर्जा, प्रौद्योगिकी, बुनियादी ढांचा क्षेत्र के लिए होंगी कई अहम घोषणाएं


उच्च विकास दर बरकरार रखने और निवेश की संभावना बढ़ाने का लक्ष्य
सेमीकंडक्टर क्षेत्र में चिप निर्माण को प्रोत्साहन
सुधारों की रफ्तार बढ़ाना जरूरी
नई रणनीति से राहत की उम्मीद
पीएम मोदी पहले ही दे चुके हैं संदेश

प्रधानमंत्री तीन दिवसीय गुजरात दौरे के तहत सोमनाथ पहुंचे, आकर्षक ड्रोन शो के भी साक्षी बने

सभ्यता के साहस का प्रतीक है सोमनाथ : मोदी


रोड शो कर महादेव मंदिर में दर्शन किए
आज शौर्य यात्रा में भाग लेंगे
मेट्रो के दूसरे चरण के शेष हिस्से का उद्घाटन करेंगे

तीन हजार युवाओं के साथ संवाद करेंगे

गुजरात का एजुकेशन पावरहाउस

प्रधानमंत्री नरेंद्र मोदी मारवाड़ी यूनिवर्सिटी आएंगे, वाइब्रेंट समिट का शुभारंभ करेंगे


वाइब्रेंट गुजरात रीजनल कॉन्फ्रेंस: विकास, निवेश और रोजगार का त्रिवेणी संगम
हाई-टेक इंफ्रास्ट्रक्चर और सुविधाएं

भारत-जर्मनी आर्थिक संबंध असीमित युग में प्रवेश को तैयार, रणनीतिक क्षेत्रों में गहन सहयोग : मोदी


भारत-यूरोपीय संघ मुक्त व्यापार समझौते से व्यापार, निवेश में मजबूत होगी साझेदारी
व्यापार सुगमता में वृद्धि ने भारत को विकास आशावाद के प्रतीक के रूप में किया स्थापित
पतंग की डोर के साथ रिश्तों ने भरी उड़ान
जर्मनी के उद्योगों को भारत आने का न्योता
जर्मनी के उद्योगपतियों ने दोनों देशों के सहयोग को बताया

भारत की जेन-जी रचनात्मकता, नवीन विचारों और ऊर्जा से भरपूर : मोदी

विकसित भारत युवा नेता संवाद में पीएम ने कहा, युवा पीढ़ी पर हमेशा भरोसा किया, उनकी प्रतिभा देती है ऊर्जा

अमर उजाला ब्यूरो


विकसित भारत युवा नेता संवाद में बोलते पीएम मोदी।

नई दिल्ली। प्रधानमंत्री नरेंद्र मोदी ने कहा कि भारत की मौजूदा युवा पीढ़ी जेन-जी रचनात्मकता, नवीन विचारों, ऊर्जा और उद्देश्य से भरी हुई है। देश के युवा राष्ट्र निर्माण में सबसे आगे हैं। पीएम ने कहा कि उन्होंने हमेशा युवा पीढ़ी पर भरोसा किया है, जिनकी प्रतिभा उन्हें ऊर्जा देती है।

प्रधानमंत्री सोमवार को भारत मंडपम में विकसित भारत युवा नेता संवाद (वीबीवाईएलडी) के समापन सत्र को संबोधित कर रहे थे, जिसमें उन्होंने भारत और विदेश के युवाओं के साथ बातचीत की। वीबीवाईएलडी को सराहना करते हुए उन्होंने कहा कि यह पहल, थोड़े ही समय में एक महत्वपूर्ण मंच के रूप में विकसित हो गई है जहां युवा देश को दिशा तय करने में सक्रिय रूप से भाग लेते हैं। यहां देश के युवाओं और राष्ट्रीय नेतृत्व के बीच व्यवस्थित संवाद को बढ़ावा भी मिलता है। पीएम मोदी ने कहा कि हर साल 12 जनवरी को हम स्वामी विवेकानंद के सम्मान में राष्ट्रीय युवा दिवस मनाते हैं, जिनका जीवन और शिक्षाएं हमें लगातार प्रेरित करती रहती हैं। उनसे प्रेरणा लेकर ही विकसित भारत युवा नेता संवाद की स्थापना की गई थी। उन्होंने कहा कि केंद्र सरकार ने युवाओं को केंद्र में रखकर लगातार कई योजनाएं शुरू कीं और इसके बाद भारत में स्टार्टअप क्रांति ने सही मायने में गति पकड़ी। उन्होंने कहा कि पिछले एक दशक में हमने सुधारों की जो शृंखला शुरू की थी, वह अब एक सुधार एक्सप्रेस में तब्दील हो चुकी है।

युवा शक्ति राष्ट्र निर्माण में सबसे आगे

पीएम ने कहा कि नवीन विचारों, ऊर्जा और उद्देश्य के साथ, युवा शक्ति राष्ट्र निर्माण में सबसे आगे है। भारत संस्कृति, विषयवस्तु और रचनात्मकता पर आधारित अरिज इकोनॉमी में उल्लेखनीय वृद्धि का अनुभव कर रहा है। अरिज इकोनॉमी को रचनात्मक अर्थव्यवस्था भी कहते हैं जो रचनात्मकता, संस्कृति और बौद्धिक संपदा पर आधारित होता है, जिसमें कला, संगीत, फिल्म, फैशन, डिजाइन, सॉफ्टवेयर, गेमिंग और प्रकाशन जैसे उद्योग शामिल हैं, जो रोजगार और धन सृजित करते हैं। यह ज्ञान-आधारित गतिविधियों से आर्थिक, सामाजिक और सांस्कृतिक विकास को बढ़ावा देती है।

युवा ही विकसित भारत का लक्ष्य पूरा करेंगे

पीएम मोदी ने कहा कि विकसित भारत के लक्ष्य की बागडोर युवाओं के हाथों में है। 2047 तक का सफर, जब हम स्वतंत्रता के 100 वर्ष पूरे करेंगे, भारत के लिए महत्वपूर्ण है। यह वह समय है जो आपके जीवन में भी सबसे महत्वपूर्ण होगा। यह आपके लिए सुनहरा अवसर है। आपकी क्षमता ही भारत को क्षमता बनेगी। पंजाबकी सफलता भारत की सफलता को नई ऊंचाइयों पर ले जाएगी। उन्होंने यह भी कहा कि प्रधानमंत्री और इससे पहले गुजरात के मुख्यमंत्री के रूप में उन्होंने हमेशा युवा पीढ़ी पर भरोसा किया है।

ਭਾਰਤੀ ਤਟ ਰੱਖਿਅਕ ਬਲ ਦਾ 50ਵਾਂ ਸਥਾਪਨਾ ਦਿਵਸ : 1 ਫਰਵਰੀ 2026

ਸਮੁੰਦਰ ਪ੍ਰਤਾਪ

ਸਾਗਰ ਵਿੱਚ ਭਾਰਤ ਦੀ ਸਵਦੇਸ਼ੀ ਸ਼ਕਤੀ

ਭਾਰਤੀ ਤਟ ਰੱਖਿਅਕ ਬਲ 1 ਫਰਵਰੀ 2026 ਨੂੰ ਆਪਣਾ 50ਵਾਂ ਸਥਾਪਨਾ ਦਿਵਸ ਮਨਾ ਰਿਹਾ ਹੈ। ਇਸ ਵਾਰ ਦਾ ਸਥਾਪਨਾ ਦਿਵਸ ਕੁਝ ਖ਼ਾਸ ਹੈ ਕਿਉਂਕਿ ਭਾਰਤ ਦੀ ਇੱਕ ਜ਼ਿੰਮੇਵਾਰ ਸਮੁੰਦਰੀ ਸ਼ਕਤੀ ਭਾਰਤੀ ਤਟ ਰੱਖਿਅਕ ਬਲ ਨੂੰ ਮਿਲੀ ਹੈ। ਇਹ ਬੇੜੇ ਦਾ ਸਭ ਤੋਂ ਵੱਡਾ ਅਤੇ ਦੇਸ਼ ਦਾ ਪਹਿਲਾ ਸਵਦੇਸ਼ੀ ਪ੍ਰਦੂਸ਼ਣ ਨਿਯੰਤਰਣ ਜਹਾਜ਼ 'ਸਮੁੰਦਰ ਪ੍ਰਤਾਪ' ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 5 ਜਨਵਰੀ 2026 ਨੂੰ ਗੋਆ ਵਿੱਚ ਭਾਰਤੀ ਤਟ ਰੱਖਿਅਕ ਬਲ ਦੇ ਬੇੜੇ ਵਿੱਚ 'ਸਮੁੰਦਰ ਪ੍ਰਤਾਪ' ਨੂੰ ਸ਼ਾਮਲ ਕੀਤਾ। ਇਹ ਜਹਾਜ਼ ਆਤਮਨਿਰਭਰ ਭਾਰਤ ਅਤੇ ਭਾਰਤੀ ਤਟ ਰੱਖਿਅਕ ਬਲ ਦੀ ਵਧਦੀ ਤਾਕਤ ਦਾ ਪ੍ਰਤੀਕ ...

ਆਧੁਨਿਕ ਸੁਵਿਧਾਵਾਂ ਨਾਲ ਲੈਸ ਭਾਰਤ ਦੀ ਸਮੁੰਦਰੀ ਸ਼ਾਨ

'ਸਮੁੰਦਰ ਪ੍ਰਤਾਪ', ਭਾਰਤੀ ਤਟ ਰੱਖਿਅਕ ਬਲ ਦਾ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਅਤੇ ਨਿਰਮਿਤ ਪਹਿਲਾ ਪ੍ਰਦੂਸ਼ਣ ਨਿਯੰਤਰਣ ਜਹਾਜ਼ ਹੈ।

ਅਤਿਆਧੁਨਿਕ ਟੈਕਨੋਲੋਜੀ ਨਾਲ ਲੈਸ ਇਸ ਜਹਾਜ਼ ਵਿੱਚ 30 ਮਿ.ਮੀ. ਸੀਆਰਐੱਨ (CRN)-91 ਤੋਪ, ਏਕੀਕ੍ਰਿਤ ਅੱਗ ਨਿਯੰਤਰਣ ਪ੍ਰਣਾਲੀ ਨਾਲ ਲੈਸ ਦੋ 12.7 ਮਿ.ਮੀ. ਸਥਿਰ ਰਿਮੋਟ-ਨਿਯੰਤਰਿਤ ਤੋਪਾਂ ਲੱਗੀਆਂ ਹਨ।

114.5 ਮੀਟਰ ਲੰਬਾ | **16.5** ਮੀਟਰ ਚੌੜਾ

22 ਸਮੁੰਦਰੀ ਮੀਲ ਤੋਂ ਵੱਧ ਹੈ ਗਤੀ

4,200 ਟਨ ਵਜ਼ਨ ਹੈ ਇਸ ਦਾ





ਭਾਰਤੀ ਤਟ ਰੱਖਿਅਕ ਜਹਾਜ਼ 'ਸਮੁੰਦਰ ਪ੍ਰਤਾਪ' ਦੀ ਕਮਿਸ਼ਨਿੰਗ ਸਾਡੇ ਆਤਮ-ਨਿਰਭਰਤਾ ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤੀ ਦੇਣ, ਸਾਡੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਸਥਿਰਤਾ ਦੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਪ੍ਰਤੀਬਿੰਬਿਤ ਕਰਨ ਆਦਿ ਸਮੇਤ ਕਈ ਕਾਰਨਾਂ ਨਾਲ ਜ਼ਿਕਰਯੋਗ ਹੈ। - **ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਨਿਊ ਇੰਡੀਆ ਸਮਾਚਾਰ ਪਖਵਾੜਾ

RNI Registered No.DELPUN/2020/78808, 01-15 February, 2026

RNI Registered No DELPUN/2020/78808, Delhi Postal License No DL(S)-1/3550/2023-25, WPP NO U(S)-98/2023-25,posting at BPC, Market Road, New Delhi-110001 on 26-30 advance Fortnightly (Publishing Date: 19 January, 2026, Total Pages-62)

Editor in Chief
Dhirendra Ojha
Principal Director General, Press Information Bureau, New Delhi

Published & Printed by:
Smt. Kanchan Prasad, Director General, on behalf of Central Bureau of Communication

Published from:
Room No-278, Central Bureau of Communication, 2nd Floor, Soochna Bhawan, New Delhi -110003

Printed at Chandu Press, 469, Patparganj, Industrial Estate, Delhi-110092